ਰਾਸ਼ਟਰੀ ਜੀਵਨੀਆਂ ਦੀ ਲੜੀ

ਗੁਰੂ ਗੋਬਿੰਦ ਸਿੰਘ

ਡਾ. ਗੋਪਾਲ ਸਿੰਘ



ਰਾਸ਼ਟਰੀ ਜੀਵਨੀਆਂ ਦੀ ਲੜੀ

ਗੁਰੂ ਗੋਬਿੰਦ ਸਿੰਘ

(ਆਸ਼ਾਵਾਦ ਦੇ ਅਵਤਾਰ)

ਡਾ. ਗੋਪਾਲ ਸਿੰਘ

एकः सूते सकलम्
ਨੈਸ਼ਨਲ ਬੁਕ ਟਰੱਸਟ, ਇੰਡੀਆ

ISBN 81-237-3366-6

ਪਹਿਲ ਸੰਸਕਰਣ 1966 *(ਸ਼ੱਕ ਸੰਮਤ 1888)*

ਦੂਜਾ ਸੰਸਕਰਣ 1968 *(ਸ਼ੱਕ ਸੰਮਤ 1890)*

ਤੀਜਾ ਸੰਸਕਰਣ 1991 *(ਸ਼ੱਕ ਸੰਮਤ 1912)*

ਚੌਥਾ ਸੰਸਕਰਣ 2000 *(ਸ਼ੱਕ ਸੰਮਤ 1922)*

ਪੰਜਵਾਂ ਸੰਸਕਰਣ 2002 *(ਸ਼ੱਕ ਸੰਮਤ 1923)*

ਮੁੱਲ : **25.00**

GURU GOBIND SINGH *(Punjabi)*

ਨਿਰਦੇਸ਼ਕ, ਨੈਸ਼ਨਲ ਬੁਕ ਟਰੱਸਟ, ਇੰਡੀਆ ਏ-5 ਗ੍ਰੀਨ ਪਾਰਕ, ਨਵੀਂ ਦਿੱਲੀ-110016 ਵਲੋਂ ਪ੍ਰਕਾਸ਼ਿਤ।

ਤਤਕਰਾ

ਕਾਂਡ 1

''ਵਾਹ ਪ੍ਰਗਟਿਓ ਮਰਦ ਅਗੰਮੜਾ ਵਰਿਆਮ ਇਕੇਲਾ।
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।''

- ਭਾਈ ਗੁਰਦਾਸ

ਇਹ ਉਸ ਮਹਾਨ ਆਤਮਾ ਦੀ ਜੀਵਨ-ਕਥਾ ਹੈ, ਜੋ ਨਾਸ਼ਵਾਨ ਸੰਸਾਰ ਵਿਚ ਪੈਦਾ ਹੋਇਆ, ਪਰ ਜੋ ਆਪਣੇ ਅਲੋਕਾਰ ਚਰਿਤ੍ਰ ਤੇ ਪਰਮੇਸ਼੍ਵਰ ਦੀ ਕਿਰਪਾ ਦੇ ਸਦਕੇ ਅਮਰ ਹੋ ਗਿਆ। ਉਸਦਾ ਜਨਮ ਇਕ ਸ਼ਾਹਜ਼ਾਦੇ ਦੇ ਰੂਪ ਵਿਚ ਹੋਇਆ, ਪਰ ਉਸਨੇ ਸਦਾ ਹੀ ਆਪਣਾ ਜੀਵਨ ਇਕ ਫ਼ਕੀਰ ਵਾਂਗ ਬਿਤਾਇਆ। ਹਾਲਾਤ ਨੇ ਉਸਨੂੰ ਯੁੱਧ ਤੇ ਕ੍ਰਾਂਤੀ ਲਈ ਮਜਬੂਰ ਕੀਤਾ, ਪ੍ਰੰਤੂ ਉਹ ਆਪਣੀ ਧੁਰ-ਆਤਮਾ ਵਿਚ ਸਦਾ ਇਕ ਪ੍ਰਭੂ-ਭਗਤ ਹੀ ਰਿਹਾ। ਉਸਨੇ ਕਈ ਯੁੱਧ ਕੀਤੇ ਤੇ ਜਿੱਤੇ, ਪਰ ਕਦੀ ਵੀ ਕਿਸੇ ਦੀ ਚੱਪਾ-ਭਰ ਧਰਤੀ ਉਤੇ ਕਬਜ਼ਾ ਨਹੀਂ ਜਮਾਇਆ। ਉਸਨੇ ਇਕ ਭੀੜ ਨੂੰ ਕੌਮ ਬਣਾ ਦਿਤਾ, ਪਰ ਅਜੇਹੀ ਕੌਮ ਜੋ ਆਪਣੇ ਜੀਵਨ ਦੇ ਹਰ ਪਹਿਲੂ ਨੂੰ ਸਰਬ-ਸ਼ਕਤੀਮਾਨ ਅਕਾਲ ਪੁਰਖ ਦੇ ਅਧੀਨ ਸਮਝਦੀ ਤੇ ਉਸ ਦੇ ਹੁਕਮ ਅਨੁਸਾਰ ਚਲਣਾ ਨਿੱਜੀ ਤੇ ਸਮਾਜੀ ਜੀਵਨ ਦਾ ਕਰਤਵ ਜਾਣਦੀ ਹੈ। ਪ੍ਰਭੂ-ਭਗਤੀ ਦੇ ਨਾਲ-ਨਾਲ ਹੀ ਉਸਨੇ ਨਾ ਹੀ ਗ੍ਰਹਿਸਤ ਤੇ ਨਾ ਹੀ ਸਮਾਜਕ ਜ਼ਿਮੇਂਵਾਰੀਆਂ ਤੋਂ ਮੂੰਹ ਮੋੜਨ ਦੀ ਕਦੀ ਪ੍ਰੇਰਨਾ ਦਿਤੀ। ਉਸਨੂੰ ਪਰਮੇਸ਼੍ਵਰ ਦਾ ਅਵਤਾਰ ਕਰ ਕੇ ਪੂਜਿਆ ਗਿਆ, ਪਰ ਉਸਨੇ ਅਜੇਹੀ ਵਿਅੱਕਤੀਗਤ ਪੂਜਾ ਦਾ ਖੰਡਨ ਐਨੇ ਕਰੜੇ ਸ਼ਬਦਾਂ ਵਿਚ ਕੀਤਾ, ਜਿੰਨਾ ਕਦੀ ਵੀ ਅੱਗੇ ਕਿਸੇ ਮਹਾਂਪੁਰਖ ਨੇ ਨਹੀਂ ਸੀ ਕੀਤਾ:

''ਜੋ ਮੋ ਕੋ ਪ੍ਰਮੇਸ਼੍ਵਰ ਉਚਰਿ ਹੈ।
ਸੋ ਨਰ ਨਰਕ ਕੁੰਡ ਮਹਿ ਪਰਿ ਹੈ।
ਮੈ ਹੋਂ ਪਰਮ ਪੁਰਖ ਕੋ ਦਾਸਾ।
ਦੇਖਨ ਆਇਓ ਜਗਤ ਤਮਾਸਾ।''

ਸ਼ਹੀਦ ਦਾ ਪੁੱਤਰ, ਸ਼ਹੀਦ ਦਾ ਪੜ-ਪੋਤ੍ਰਾ ਸੀ ਉਹ, ਤੇ ਉਸਨੇ ਨਾ ਕੇਵਲ ਆਪਣਾ ਆਪ, ਸਗੋਂ ਆਪਣੇ ਸਾਰੇ ਸਰਬੰਸ - ਚਾਰ ਪੁੱਤਰ, ਮਾਤਾ ਤੇ ਪਿਤਾ ਨੂੰ ਧਰਮ ਦੀ ਰੱਖਿਆ ਲਈ ਵਾਰ ਸੁਟਿਆ। ਉਸਨੇ ਆਪਣੇ ਤੋਂ ਪਿਛੋਂ ਗੁਰ-ਗੱਦੀ ਦੀ ਪ੍ਰਣਾਲੀ ਸਦਾ ਲਈ ਖ਼ਤਮ ਕਰ ਦਿਤੀ, ਤੇ ਮਨੁੱਖ ਨੂੰ ਉਹ ਪ੍ਰਭੁਸੱਤਾ, ਕੀ ਦੁਨਿਆਵੀ,

ਤੇ ਕੀ ਆਤਮਕ, ਬਖ਼ਸ਼ ਦਿਤੀ ਜੋ ਉਸ ਤੋਂ ਪਹਿਲਾਂ ਕਦੀ ਕਿਸੇ ਨੇ ਨਹੀਂ ਸੀ ਕੀਤਾ। ਉਸਨੇ ''ਆਦਿ-ਗ੍ਰੰਥ'' ਨੂੰ ਗੁਰੂ ਥਾਪ ਕੇ ਸਦਾ-ਸਥਿਰ ਆਤਮਕ ਸਿਧਾਂਤਾਂ ਨੂੰ ਮਨੁੱਖ ਦਾ ਜੀਊਂਦਾ ਆਗੂ ਬਣਾਇਆ। ਉਸਨੇ ਜਿਥੇ ਦੁਨਿਆਵੀ ਕਿਰਤ ਨੂੰ ਆਤਮਕ ਨੀਂਹਾਂ ਉਤੇ ਖਲ੍ਹਾਰਿਆ, ਉੱਥੇ ਉਸਨੇ ਇਹ ਵੀ ਦਸਿਆ ਕਿ ਆਤਮਾ ਬਿਨਾ ਦੁਨਿਆਵੀ ਸ਼ਕਤੀ, ਸੁਤੰਤਰਤਾ ਤੇ ਪ੍ਰਫੁਲਤਾ ਦਾ ਵਿਕਾਸ ਨਹੀਂ ਕਰ ਸਕਦੀ। ਉਸਨੇ ਮੌਤ ਨੂੰ ਕਿਸੇ ਉੱਚੇ-ਸੁੱਚੇ ਮਨੋਰਥ ਲਈ ਵਰਤ ਕੇ ਜੀਵਨ ਨੂੰ ਨਵੇਂ ਅਰਥ ਪ੍ਰਦਾਨ ਕੀਤੇ। ਉਸਨੇ ਜਾਤ, ਜਨਮ, ਪੇਸ਼ੇ, ਧਰਮ ਤੇ ਰੁਤਬੇ, ਦੇ ਵੱਖਰੇਵੇਂ ਢਾਹ ਸੁੱਟੇ ਤੇ ਨੀਵਿਆਂ ਨੂੰ ਉਚੇ ਤੋਂ ਉਚਿਆਂ ਦੇ ਬਰਾਬਰ ਲਿਆ ਖੜਾ ਕੀਤਾ। ਮਰਦ ਨੂੰ ਉਸਨੇ ਮਰਦਊਪੁਣਾ ਬਖ਼ਸ਼ਿਆ ਤੇ ਇਸਤ੍ਰੀ ਨੂੰ ਇਸਤ੍ਰੀਤਵ। ਉਸਨੇ ਇਕ ਨਵੇਂ ਪੰਥ ਨੂੰ ਉਜਾਗਰ ਕੀਤਾ ਤੇ ਵੱਖ ਵੱਖ ਧਰਮਾਂ ਦੇ ਸ਼ਰਧਾਲੂਆਂ ਨਾਲ ਉਸਨੂੰ ਜੰਗ ਵੀ ਕਰਨੇ ਪਏ ਤਾਂ ਵੀ ਉਸਨੇ ਕਿਸੇ ਧਰਮ ਦੀ ਨਿੰਦਾ ਨਹੀਂ ਕੀਤੀ, ਨਾ ਹੀ ਮਨੁੱਖ ਨੂੰ ਮਨੁੱਖ ਨਾਲੋਂ ਪਾੜਿਆ - ''ਦੇਹੁਰਾ ਮਸੀਤ ਸੋਈ, ਪੂਜਾ ਓ ਨਿਮਾਜ਼ ਓਹੀ, ਮਾਨਸ ਸਭੇਕ, ਪੈ ਅਨੇਕ ਕੋ ਪ੍ਰਭਾਉ ਹੈ -'' ਇਹੀ ਉਸਦਾ ਉਪਦੇਸ਼ ਵਾਰ-ਵਾਰ ਉਸ ਦੀ ਬਾਣੀ ਵਿਚੋਂ ਝਲਕਦਾ ਹੈ।

ਉਸ ਦੇ ਪਿਛੋਂ ਭਾਰਤੀ ਜੀਵਨ ਨੇ ਇਕ ਨਵਾਂ ਪਲਟਾ ਖਾਧਾ। ''ਸੁਤੰਤਰਤਾ, ਸੁਤੰਤਰਤਾ, ਸੁਤੰਤਰਤਾ'' ਦੀ ਗੂੰਜ ਹਰ ਪਾਸਿਉਂ ਉਠਣ ਲੱਗੀ, ਸੁਤੰਤਰਤਾ ਨਾ ਕੇਵਲ ਰਾਜਸੀ ਤਾਨਾਸ਼ਾਹੀ ਤੋਂ, ਪ੍ਰੰਤੂ ਵਹਿਮ ਤੇ ਭਰਮ ਤੋਂ ਵੀ, ਪਾਖੰਡ ਤੋਂ ਵੀ, ਹਉਮੈ, ਸ੍ਵੈ-ਤਰਸ ਤੇ ਲੋਭ ਤੋਂ ਵੀ, ਤੇ ਜੋ ਸਭ ਤੋਂ ਅਤਿ ਭਿਆਨਕ ਤੇ ਕਰੂਰ ਔਗੁਣ ਹੈ - ਜੀਊਂਦਿਆਂ ਮਰੇ ਹੋਣ ਦਾ ਅਹਿਸਾਸ ਜਾਂ ਬਿਨਾਂ ਮਨੋਰਥ, ਅਰਥਹੀਣ ਤੇ ਬੇ-ਚਾਉ ਜੀਊਂਦੇ ਜਾਣਾ, ਜੀਊਂਦੇ ਜਾਣਾ। ਤੇ ਉਸਨੇ ਇਹ ਸਭ ਕੁਝ ਐਨੇ ਥੋੜ੍ਹੇ ਸਮੇਂ ਵਿਚ ਕੀਤਾ (ਉਨ੍ਹਾਂ ਦੀ ਸਾਰੀ ਉਮਰ ਕੇਵਲ 42 ਵਰ੍ਹੇ ਦੀ ਸੀ), ਕਿ ਉਹ ਇਕ ਕਰਾਮਾਤ ਤੋਂ ਘਟ ਨਹੀਂ। ਇਹ ਠੀਕ ਹੈ ਕਿ ਦੋ ਸਦੀਆਂ ਤੋਂ ਗੁਰੂ ਨਾਨਕ ਦੇਵ ਦਾ ਮਤ ਲੱਖਾਂ ਲੋਕਾਂ ਨੂੰ ਇਹੀ ਉਪਦੇਸ਼ ਦ੍ਰਿੜ੍ਹ ਕਰਵਾਂਦਾ ਆ ਰਿਹਾ ਸੀ : ਇੱਕ ਤੇ ਕੇਵਲ ਇੱਕ ਅਕਾਲ ਪੁਰਖ ਦੀ ਪੂਜਾ; ਮਨ ਦਾ ਸੰਜਮ ਤੇ ਵਿਚਾਰਾਂ ਦੀ ਵਿਸ਼ਾਲਤਾ; ਆਤਮਾ ਦੀ ਸ਼ੁੱਧਤਾ; ਨਿਮ੍ਰਤਾ ਤੇ ਸੇਵਾ-ਭਾਵ; ਸਰੀਰ ਨੂੰ ਗੁਰੂ-ਅਰਪਨ ਕਰਨ ਦੀ ਸਿਖਿਆ ਤੇ ਸ਼ਹਾਦਤ ਦੀ ਮਿਸਾਲ; ਇਥੋਂ ਤਕ ਕਿ ਧਰਮ ਦੀ ਰੱਖਿਆ ਲਈ ਜੇ ਸ਼ਸਤ੍ਰ ਵੀ ਉਠਾਣੇ ਪੈਣ, ਤਾਂ ਮਨੁੱਖ ਨੂੰ ਹਿਚਕਚਾਣਾ ਨਹੀਂ ਚਾਹੀਦਾ। ਪਰ ਸਾਹਿਬ ਗੁਰੂ ਗੋਬਿੰਦ ਸਿੰਘ ਨੇ ਇਤਿਹਾਸ ਵਿਚ ਕੁਝ ਅਜੇਹੀਆਂ ਸ੍ਵੈ-ਚਾਲਕ ਸ਼ਕਤੀਆਂ ਨੂੰ ਜਨਮ ਦਿਤਾ, ਜਿਨ੍ਹਾਂ ਸਦਕਾ ਇਤਿਹਾਸ ਆਪਣੇ ਹਰ ਪਹਿਲੂ ਵਿਚ ਵਟ ਜਾਣ ਤੇ ਮਜਬੂਰ ਹੋ ਗਿਆ।

ਆਖਿਆ ਗਿਆ ਹੈ, ਕਿ ਹਰ ਧਾਰਮਕ ਲਹਿਰ ਅਸਲ ਵਿਚ ਰਾਜਸੀ ਹੀ ਹੁੰਦੀ ਹੈ। ਇਹ ਠੀਕ ਹੈ, ਕਿਉਂਕਿ ਇਕ ਵੇਰ ਕਿਸੇ ਦੀ ਆਤਮਾ ਨੂੰ ਸੁਤੰਤਰ ਕਰ ਦਿਓ, ਤਾਂ ਕੋਈ ਅਜੇਹੀ ਸੁਤੰਤਰਤਾ ਨਹੀਂ ਜੋ ਜਾਗੀ ਹੋਈ ਆਤਮਾ ਨਾ ਮੰਗੇ- ਕੀ ਰਾਜਸੀ, ਕੀ ਸਮਾਜਕ, ਕੀ ਧਾਰਮਕ। ਭਾਰਤੀ ਆਤਮਾ ਨੂੰ ਸੁਤੰਤਰ ਗੁਰੂ ਨਾਨਕ ਦੇਵ ਨੇ ਕਰ ਦਿਤਾ ਸੀ। ਪਰ ਇਸ ਨੂੰ ਅਜੇ ਵੀ ਦੋ ਸਦੀਆਂ ਹੋਰ ਅਗਵਾਈ ਦੀ ਲੋੜ ਸੀ। ਗੁਰੂ ਗੋਬਿੰਦ ਸਿੰਘ ਨੇ ਇਸ ਉਤੇ ਜਵਾਨੀ ਦੀ ਮੋਹਰ ਲਾ ਦਿਤੀ ਤੇ ਮਨੁੱਖ ਦਾ ਸਾਰਾ ਆਪਣਾ ਆਪਾ ਉਸ ਦੇ ਹਵਾਲੇ ਕਰ ਦਿਤਾ।

ਗੋਬਿੰਦ ਰਾਏ (ਇਹੀ ਉਨ੍ਹਾਂ ਦਾ ਜਨਮ ਸਮੇਂ ਨਾਉਂ ਸੀ), ਗੁਰੂ ਤੇਗ ਬਹਾਦਰ ਜੀ ਦੇ ਇਕਲੌਤੇ ਸਪੁੱਤਰ ਦਾ ਜਨਮ ਪਟਨਾ ਸ਼ਹਿਰ ਵਿਚ ਪੋਹ ਸੁਦੀ ਸੱਤਵੀਂ ਨੂੰ 1666 ਈਸਵੀ ਦੇ ਅੰਤ ਵਿਚ ਹੋਇਆ। ਗੁਰੂ ਤੇਗ ਬਹਾਦਰ ਇਸ ਸਮੇਂ ਅਸਾਮ ਜਾ ਰਹੇ ਸਨ ਤੇ ਉਹ ਆਪਣੇ ਪਰਵਾਰ ਨੂੰ ਪਟਨਾ ਸਾਹਿਬ ਛਡ ਗਏ ਸਨ। ਆਖਿਆ ਜਾਂਦਾ ਹੈ ਕਿ ਇਕ ਪ੍ਰਸਿੱਧ ਮੁਸਲਮਾਨ ਫ਼ਕੀਰ, ਸੱਯਦ ਭੀਖਣ ਸ਼ਾਹ, ਨੂੰ ਦੂਰ ਕੋਹਰਾਮ ਨਗਰ ਵਿਚ ਆਕਾਸ਼ ਉਪਰ ਗੁਰੂ ਗੋਬਿੰਦ ਸਿੰਘ ਦੇ ਜਨਮ-ਦਿਨ ਉਤੇ ਅਚੰਭਾ ਕਰਨ ਵਾਲੀ ਰੌਸ਼ਨੀ ਨਜ਼ਰ ਆਈ। ਉਹ ਉਸੇ ਦੀ ਸੇਧ ਵਿਚ ਤੁਰਦਾ ਤੁਰਦਾ ਆਪਣੇ ਕੁਝ ਮੁਰੀਦਾਂ ਸਮੇਤ ਪਟਨਾ ਸ਼ਹਿਰ ਵਿਚ ਆਣ ਪੁਜਾ। ਗੁਰੂ ਦੇ ਦੀਦਾਰ ਲਈ ਜਾਣ ਤੋਂ ਪਹਿਲਾਂ ਉਸਨੇ ਦੋ ਕੁੱਜੇ ਵੀ ਆਪਣੇ ਨਾਲ ਲਏ ਜਿਨ੍ਹਾਂ ਵਿਚੋਂ ਇਕ ਵਿਚ ਦੁੱਧ ਸੀ ਤੇ ਦੂਜੇ ਵਿਚ ਪਾਣੀ। ਉਸਨੇ ਮਨ ਵਿਚ ਇਹ ਨਿਸਚਾ ਕੀਤਾ ਸੀ ਕਿ ਜੇ ਬਾਲਕ-ਗੁਰੂ ਨੇ ਦੁੱਧ ਵਾਲੇ ਕੁੱਜੇ ਉਤੇ ਹੱਥ ਧਰਿਆ ਤਾਂ ਮੈਂ ਸਮਝਾਂਗਾ ਕਿ ਉਹ ਮੁਸਲਮਾਨਾਂ ਦਾ ਪੱਖੀ ਹੋਵੇਗਾ, ਅਤੇ ਜੇ ਉਸਨੇ ਪਾਣੀ ਵਾਲੇ ਕੁੱਜੇ ਉਤੇ ਹੱਥ ਰਖਿਆ ਤਾਂ ਇਹ ਉਸ ਦੇ ਹਿੰਦੂਆਂ ਦਾ ਸਹਾਇਕ ਹੋਣ ਦਾ ਪ੍ਰਤੀਕ ਹੋਵੇਗਾ। ਪਰ ਜਦੋਂ ਉਸਨੇ ਗੁਰੂ ਗੋਬਿੰਦ ਸਿੰਘ ਅਗੇ ਇਹ ਦੋਵੇਂ ਢੱਕੇ ਹੋਏ ਕੁੱਜੇ ਰਖੇ, ਤਾਂ ਗੁਰੂ ਸਾਹਿਬ ਨੇ ਦੋਹਾਂ ਉਤੇ ਹੱਥ ਰਖ ਦਿਤਾ। "ਸੁਬਹਾਨ ਅੱਲਾ, ਸੁਬਹਾਨ ਅੱਲਾ," ਕਹਿ ਕੇ ਉਸਨੇ ਗੁਰੂ ਅਗੇ ਸਿਰ ਝੁਕਾ ਦਿਤਾ : "ਇਸ ਦੇਸ਼ ਨੂੰ ਹੁਣ ਤੇਰੀ ਹੀ ਲੋੜ ਸੀ, ਜੋ ਹਿੰਦੂ ਮੁਸਲਮਾਨ ਦੋਹਾਂ ਦਾ ਪੈਗੰਬਰ ਤੇ ਆਗੂ ਹੋਵੇ।"[1]

ਬਚਪਨ ਤੋਂ ਹੀ ਗੁਰੂ ਜੀ ਦਾ ਸੁਭਾਉ, ਆਪਣੇ ਪੂਜਨੀਕ ਪਿਤਾ ਵਾਂਗ, ਪਹਿਰ-ਰਾਤ ਰਹਿੰਦੀ ਪ੍ਰਭੂ-ਭਗਤੀ ਵਿਚ ਸਮਾਧੀ ਵਿਚ ਲੀਨ ਹੋਣ ਦਾ ਸੀ। ਉਨ੍ਹਾਂ ਨੇ ਸੰਸਕ੍ਰਿਤ, ਹਿੰਦੀ, ਪੰਜਾਬੀ, ਫ਼ਾਰਸੀ ਤੇ ਅਰਬੀ ਵੀ ਬੜੇ ਉਤਸ਼ਾਹ ਨਾਲ ਪੜ੍ਹਨੀ ਸ਼ੁਰੂ ਕੀਤੀ। ਪਰ ਇਕ ਗੱਲ ਵਿਚ ਉਨ੍ਹਾਂ ਨੂੰ ਹੋਰ ਵੀ ਦਿਲਚਸਪੀ ਸੀ, ਉਹ ਸੀ ਤੀਰ-ਅੰਦਾਜ਼ੀ ਤੇ ਬੰਦੂਕ ਦੀ ਨਿਸ਼ਾਨੇਬਾਜ਼ੀ। ਕਿਹਾ ਜਾਂਦਾ ਹੈ ਕਿ ਉਹ ਆਪਣੇ ਤੀਰਾਂ ਨਾਲ ਉਨ੍ਹਾਂ ਤੀਵੀਆਂ ਦੀਆਂ ਗਾਗਰਾਂ ਤੋੜ ਦੇਂਦੇ ਸਨ, ਜੋ ਉਨ੍ਹਾਂ ਦੇ ਖੂਹ ਉਤੇ ਪਾਣੀ ਭਰਨ ਆਉਂਦੀਆਂ ਸਨ। ਜਦ ਇਸ ਗੱਲ ਦੀ ਸ਼ਿਕਾਇਤ ਉਨ੍ਹਾਂ ਦੀ ਮਾਤਾ ਪਾਸ ਕੀਤੀ ਗਈ ਤਾਂ ਆਪ ਨੇ ਫ਼ਰਮਾਇਆ ਕਿ ਤੀਵੀਆਂ ਜੇ ਉਨ੍ਹਾਂ ਦੇ ਤੀਰਾਂ ਤੋਂ ਐਨੀਆਂ ਹੀ ਘਬਰਾਂਦੀਆਂ ਹਨ, ਤਾਂ ਉਹ ਤਾਂਬੇ ਦੀਆਂ ਗਾਗਰਾਂ ਕਿਉਂ ਨਹੀਂ ਲੈ ਕੇ ਆਉਂਦੀਆਂ? ਜਦ ਉਨ੍ਹਾਂ ਨੇ ਤਾਂਬੇ ਦੀਆਂ ਗਾਗਰਾਂ ਵਰਤਣੀਆਂ ਸ਼ੁਰੂ ਕੀਤੀਆਂ, ਤਾਂ ਉਨ੍ਹਾਂ ਨੂੰ ਆਪਣੇ ਤੀਰਾਂ ਦਾ ਅਜੇਹਾ ਕਰਾਰਾ ਨਿਸ਼ਾਨਾ ਬਣਾਇਆ ਕਿ ਉਨ੍ਹਾਂ ਵਿਚ ਵੀ ਛੇਦ ਪੈ ਗਿਆ। ਛੇਤੀ ਹੀ ਖੂਹ ਉਤੇ ਪਾਣੀ ਭਰਨ ਵਾਲੀਆਂ ਭੀੜਾਂ ਦਾ ਆਉਣਾ ਬੰਦ ਹੋ ਗਿਆ।

ਗੁਰੂ ਸਾਹਿਬ ਨੂੰ ਸਰੀਰਕ ਕਸਰਤ ਦਾ ਵੀ ਬਹੁਤ ਸ਼ੌਕ ਸੀ ਤੇ ਉਹ ਸਦਾ ਆਪਣੇ ਸਾਥੀਆਂ ਨੂੰ ਆਪਣੇ ਨਾਲ ਜਾਂ ਇਕ ਦੂਜੇ ਨਾਲ ਘੋਲ ਕਰਨ ਲਈ

1. ਕਈ ਸਿੱਖ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਭੀਖਣ ਸ਼ਾਹ ਪਿੰਡ ਘੜਸਾਂ ਮੀਰਾਂ ਜ਼ਿਲ੍ਹਾ ਕਰਨਾਲ ਦਾ ਰਹਿਣ ਵਾਲਾ ਸੀ ਤੇ ਉਸ ਨੇ ਆਪਣੇ ਘਰ ਵਿਚ ਹੀ ਇਕ ਅਚੰਭਾ ਕਰਨ ਵਾਲੀ ਰੌਸ਼ਨੀ ਵੇਖੀ ਸੀ।

ਵੰਗਾਰਦੇ ਰਹਿੰਦੇ ਸਨ। ਗੁਰੂ ਤੇਗ਼ ਬਹਾਦਰ ਅਸਾਮ ਤੋਂ ਮੁੜਨ ਪਿਛੋਂ ਪੰਜਾਬ ਚਲੇ ਆਏ, ਪਰ ਆਪਣੇ ਪਰਵਾਰ ਨੂੰ ਉਹ ਪਟਨਾ ਸਾਹਿਬ ਹੀ ਛੱਡ ਗਏ, ਤਾਂ ਜੋ ਉਨ੍ਹਾਂ ਦੇ ਸਪੁੱਤਰ ਦੀ ਪੜ੍ਹਾਈ ਵਿਚ ਵਿਘਨ ਨਾ ਪਵੇ। ਪਰ ਛੇਤੀ ਹੀ ਪਿਛੋਂ ਉਨ੍ਹਾਂ ਨੂੰ ਆਨੰਦਪੁਰ ਬੁਲਾ ਲਿਆ ਗਿਆ ਜਿਸ ਥਾਂ ਨੂੰ ਖ਼ਰੀਦ ਕੇ ਗੁਰੂ ਸਾਹਿਬ ਨੇ ਉਸ ਉਤੇ ਉਸਾਰੀ ਕਰਨੀ ਸ਼ੁਰੂ ਕਰ ਦਿਤੀ ਸੀ। ਸ਼ਿਵਾਲਿਕ ਦੀਆਂ ਪਹਾੜੀਆਂ ਨਾਲ ਘਿਰੀ ਹੋਈ ਇਹ ਰਮਣੀਕ ਥਾਂ ਭਗਤੀ ਲਈ ਬੜੀ ਇਕਾਂਤ ਤੇ ਨਿਵੇਕਲੀ ਸੀ। ਖ਼ਾਸ ਕਰ ਉਨ੍ਹਾਂ ਦੇ ਸੰਬੰਧੀਆਂ ਤੋਂ, ਜਿਨ੍ਹਾਂ ਗੁਰੂ ਤੇਗ਼ ਬਹਾਦਰ ਨੂੰ ਬੜਾ ਚਿੰਤਾਤੁਰ ਕਰ ਰਖਿਆ ਸੀ ਤੇ ਜਿਨ੍ਹਾਂ ਨੂੰ ਸਦਾ ਲਈ ਛਡ ਕੇ ਇਥੇ ਆ ਰਹਿਣਾ ਹੀ ਉਨ੍ਹਾਂ ਨੇ ਯੋਗ ਸਮਝਿਆ ਸੀ। ਪਰ ਹੁਣ ਇਸ ਤੋਂ ਵੀ ਗੰਭੀਰ ਇਕ ਵੰਗਾਰ ਉਨ੍ਹਾਂ ਦੇ ਸਾਹਮਣੇ ਆ ਖੜੋਤੀ ਸੀ।

ਕਸ਼ਮੀਰ ਦੇ ਪੰਡਤਾਂ ਦਾ ਇਕ ਪ੍ਰਤੀਨਿਧ ਮੰਡਲ ਗੁਰੂ ਸਾਹਿਬ ਦੇ ਦਰਬਾਰ ਵਿਚ ਹਾਜ਼ਰ ਹੋਇਆ ਤੇ ਬੇਨਤੀ ਕੀਤੀ ਕਿ ਉਥੋਂ ਦਾ ਮੁਗਲ ਸੂਬੇਦਾਰ ਉਨ੍ਹਾਂ ਨੂੰ ਇਸਲਾਮ ਕਬੂਲ ਕਰਨ ਲਈ ਮਜਬੂਰ ਕਰ ਰਿਹਾ ਹੈ। ਉਸਨੇ ਆਖਿਆ ਹੈ, ਕਿ ਜੇ ਉਹ ਅਜੇਹਾ ਨਹੀਂ ਕਰਨਗੇ ਤਾਂ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰ ਦਿਤਾ ਜਾਵੇਗਾ।[1] ਇਹ ਵੇਖ ਕੇ ਅਸੀਂ ਗੁਰੂ ਨਾਨਕ ਦੇ ਘਰ ਦੀ ਸ਼ਰਨ ਲਈ ਹੈ, ਤੁਹਾਡੇ ਬਿਨਾਂ ਹੁਣ ਸਾਡੀ ਇੱਜ਼ਤ ਤੇ ਧਰਮ ਦਾ ਕੋਈ ਹੋਰ ਰਾਖਾ ਨਹੀਂ।''

---

1. ਔਰੰਗਜ਼ੇਬ ਜ਼ਾਤੀ ਤੌਰ ਉਤੇ ਤਾਂ ਬੜਾ ਪ੍ਰਹੇਜ਼ਗਾਰ, ਕੁਰਾਨ ਦਾ ਪਾਠੀ ਤੇ ਅਤਿਅੰਤ ਸੰਜਮੀ ਪੁਰਸ਼ ਸੀ, ਪਰ ਹਿੰਦੂਆਂ ਨਾਲ ਉਸਦਾ ਵਤੀਰਾ ਬੜਾ ਵਿਤਕਰੇ ਭਰਿਆ ਤੇ ਅਤਿਆਚਾਰੀ ਸੀ। ਹਰ ਹਿੰਦੂ ਨੂੰ ਹਿੰਦੂ ਹੋਣ ਕਰਕੇ ਹੀ ਜਜ਼ੀਆ (ਵਾਧੂ ਕਰ) ਦੇਣਾ ਪੈਂਦਾ ਸੀ ਤੇ ਹੋਰ ਵੀ ਕਈ ਤਰ੍ਹਾਂ ਦੇ ਅਤਿਆਚਾਰ ਸਹਿਣੇ ਪੈਂਦੇ ਸਨ। ਕਿੰਨੇ ਹੀ ਪ੍ਰਸਿੱਧ ਹਿੰਦੂ ਮੰਦਰ ਉਸਨੇ ਢਾਹ ਦਿਤੇ। ਹਿੰਦੂਆਂ ਨੂੰ ਸਰਕਾਰੀ ਨੌਕਰੀ ਤੋਂ ਵਰਜ ਦਿਤਾ। ਅਰਬੀ ਘੋੜੇ ਉਤੇ ਜਾਂ ਪਾਲਕੀ ਵਿਚ ਬੈਠ ਕੇ ਜਾਣਾ ਹਿੰਦੂਆਂ ਲਈ ਮਨ੍ਹਾਂ ਹੋ ਗਿਆ। ਹਿੰਦੂਆਂ ਦੇ ਕਈ ਮੇਲੇ ਖਤਮ ਕਰ ਦਿਤੇ ਗਏ। ਉਨ੍ਹਾਂ ਦੇ ਮਾਲ ਉਤੇ ਚੂੰਗੀ ਦੂਣੀ ਕਰ ਦਿਤੀ ਗਈ। ਹੁੰਦਾ ਵੀ ਕਿਉਂ ਨਾ, ਜਦ ਕਿ ਉਸਨੇ ਆਪਣੇ ਪਿਤਾ ਨੂੰ ਬੰਦੀ ਵਿਚ ਪਾ ਰਖਿਆ ਸੀ, ਜਿਥੇ ਕੈਦ ਵਿਚ ਹੀ ਉਸਦਾ ਅੰਤ ਹੋ ਗਿਆ। ਭਰਾਵਾਂ ਨੂੰ ਉਸ ਨੇ ਜੰਗ ਵਿਚ ਜਾਂ ਧੋਖੇ ਨਾਲ ਮਰਵਾ ਦਿਤਾ। ਸੂਫੀਆਂ ਤੇ ਸ਼ਿਆ ਮੁਸਲਮਾਨਾਂ ਨਾਲ ਵੀ ਉਸ ਨੇ ਬਹੁਤ ਮੰਦਾ ਸਲੂਕ ਕੀਤਾ ਕਿਉਂਕਿ ਉਹ ਵੀ ਉਸ ਦੇ ਸੁੰਨੀ ਮਤ ਦੇ ਅਨੁਕੂਲ ਨਹੀਂ ਸਨ ਚਲਦੇ। ਰਾਜ ਵਿਚੋਂ ਸੰਗੀਤ ਨੂੰ ਛੇਕ ਦਿਤਾ ਗਿਆ।

ਉਸਨੇ ਜਦ ਆਪਣਾ ਲਕਬ ''ਆਲਮਗੀਰ'' (ਦੁਨੀਆ ਦਾ ਬਾਦਸ਼ਾਹ) ਰਖਿਆ, ਤਾਂ ਸ਼ਹਿਨਸ਼ਾਹ ਈਰਾਨ ਜੋ ਸ਼ਿਆ ਜਾਤ ਦਾ ਮੁਸਲਮਾਨ ਸੀ, ਨੇ ਦਿੱਲੀ ਤੇ ਚੜ੍ਹਾਈ ਕਰਨ ਦੀ ਧਮਕੀ ਦਿਤੀ ਤੇ ਭਰੇ ਦਰਬਾਰ ਵਿਚ ਉਸਨੇ ਈਰਾਨ ਵਿਚ ਨਿਸਚਿਤ ਸਫ਼ੀਰ ਦੀ ਦਾਹੜੀ ਸਾੜ ਦਿਤੀ। ਮੱਕੇ ਦੇ ਕਾਜ਼ੀਆਂ ਨੇ ਔਰੰਗਜ਼ੇਬ ਦੇ ਗੱਦੀ ਬਹਿਣ ਤੋਂ ਪਹਿਲਾਂ ਉਸ ਦੀ ਭੇਟਾ ਇਸ ਕਰ ਕੇ ਕਬੂਲ ਨਹੀਂ ਸੀ ਕੀਤੀ ਕਿ ਉਸਨੇ ਆਪਣੇ ਪਿਤਾ ਤੇ ਭਰਾਵਾਂ ਨਾਲ ਅਤਿਅੰਤ ਜਾਂਗਲੀ ਸਲੂਕ ਕੀਤਾ ਸੀ। ਪਰ ਗੱਦੀ ਤੇ ਬੈਠਦਿਆਂ ਹੀ ਔਰੰਗਜ਼ੇਬ ਨੇ ਇਨ੍ਹਾਂ ਸਭਨਾਂ ਕਾਜ਼ੀਆਂ ਨੂੰ ਸੋਨੇ ਚਾਂਦੀ ਨਾਲ ਨਿਹਾਲ ਕਰ ਕੇ ਆਪਣੇ ਨਾਲ ਮਿਲਾ ਲਿਆ। ਹਾਂ, ਕੁਝ ਇਕ ਰਾਜਪੂਤਾਂ ਨੂੰ ਜਿਨ੍ਹਾਂ ਉਸ ਨਾਲ ਮਿਲ ਜਾਣਾ ਹੀ ਮੁਨਾਸਬ ਸਮਝਿਆ ਸੀ, ਉਸਨੇ ਚੰਗੇ ਅਹੁਦਿਆਂ ਤੇ ਲਗਾ ਰਖਿਆ ਸੀ। ਪਰ ਬਹੁਤੀ ਹਿੰਦੂ ਜਨਤਾ ਉਸ ਦੇ ਅਤਿਆਚਾਰ ਤੋਂ ਦੁਖੀ ਹੋ ਕੇ ਜਾਂ ਮੁਸਲਮਾਨ ਬਣ ਰਹੀ ਸੀ ਜਾਂ ਉਸਨੂੰ ਬਹੁਤ ਹੀ ਘ੍ਰਿਣਾ ਦੀ ਨਜ਼ਰ ਨਾਲ ਵੇਖਦੀ ਸੀ। (ਵੇਖੋ ਸਰ ਜਾਦੂ ਨਾਥ ਸਰਕਾਰ ਦੀ ਪੁਸਤਕ ''ਔਰੰਗਜ਼ੇਬ'')।

ਗੁਰੂ ਸਾਹਿਬ ਡੂੰਘੀ ਸੋਚ ਵਿਚ ਪੈ ਗਏ। ਜਦ ਗੋਬਿੰਦ ਰਾਏ ਜੀ ਨੇ ਆਪਣੇ ਪਰਮ-ਪਾਵਨ ਪਿਤਾ ਨੂੰ ਐਨਾ ਚਿੰਤਾਤੁਰ ਵੇਖਿਆ ਤਾਂ ਉਨ੍ਹਾਂ ਇਸ ਦਾ ਕਾਰਣ ਪੁੱਛਿਆ। ਜਦ ਗੁਰੂ ਤੇਗ ਬਹਾਦਰ ਨੇ ਦਸਿਆ ਕਿ ਕਿਵੇਂ ਉਨ੍ਹਾਂ ਪਾਸ ਕਸ਼ਮੀਰ ਦੇ ਪੰਡਤ ਫਰਿਆਦ ਲੈ ਕੇ ਆਏ ਸਨ ਤੇ ਇਸ ਤੋਂ ਬਿਨਾਂ ਉਨ੍ਹਾਂ ਦੇ ਦੁੱਖ ਦਾ ਹੋਰ ਕੋਈ ਦਾਰੂ ਨਹੀਂ ਸੀ ਕਿ ਕੋਈ ਮਹਾਂਪੁਰਸ਼ ਉਨ੍ਹਾਂ ਲਈ ਆਪਣਾ ਬਲੀਦਾਨ ਦੇਵੇ ਤਾਂ ਗੋਬਿੰਦ ਰਾਏ ਜਿਨ੍ਹਾਂ ਦੀ ਉਮਰ ਉਸ ਵੇਲੇ ਕੇਵਲ ਨੌਂ ਵਰ੍ਹੇ ਦੀ ਸੀ, ਬੋਲੇ : ''ਆਪ ਤੋਂ ਵੱਡਾ ਮਹਾਂਪੁਰਸ਼ ਹੋਰ ਕੌਣ ਹੋਵੇਗਾ? ਆਪ ਹੀ ਆਪਣਾ ਬਲੀਦਾਨ ਦੇ ਕੇ ਕਿਉਂ ਨਹੀਂ ਇਨ੍ਹਾਂ ਦਾ ਦੁਖ ਦੂਰ ਕਰ ਦਿੰਦੇ?''

ਆਪਣੇ ਮਾਸੂਮ ਬੱਚੇ ਤੋਂ ਇਹ ਦਲੇਰ ਸੁਨੇਹਾ ਸੁਣ ਕੇ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਆਪਣੀ ਛਾਤੀ ਨਾਲ ਲਾ ਲਿਆ, ਮੱਥਾ ਚੁੰਮਿਆ ਤੇ ਸਜਲ ਨੇਤਰਾਂ ਨਾਲ ਆਖਿਆ : ''ਮੈਨੂੰ ਤੁਹਾਡੀ ਹੀ ਚਿੰਤਾ ਸੀ!'' ਗੋਬਿੰਦ ਰਾਏ ਜੀ ਨੇ ਬੜੇ ਭਰੋਸੇ ਨਾਲ ਉੱਤਰ ਦਿੱਤਾ : ''ਮੈਨੂੰ ਅਕਾਲ ਪੁਰਖ ਦੇ ਭਰੋਸੇ ਉਤੇ, ਜੋ ਸਭ ਦਾ ਸੰਗੀ ਤੇ ਸਹਾਈ ਹੈ, ਛੱਡ ਕੇ ਆਪ ਆਪਣੇ ਪਰਉਪਕਾਰੀ ਮਿਸ਼ਨ ਨੂੰ ਪੂਰਾ ਕਰੋ।''

ਗੁਰੂ ਤੇਗ ਬਹਾਦਰ ਇਸ ਉੱਤਰ ਨੂੰ ਸੁਣ ਕੇ ਹੋਰ ਵੀ ਪ੍ਰਸੰਨ ਹੋਏ ਤੇ ਉਨ੍ਹਾਂ ਕਸ਼ਮੀਰ ਦੇ ਪੰਡਤਾਂ ਨੂੰ ਕਹਿ ਦਿਤਾ : ''ਤੁਸੀਂ ਜਾ ਕੇ ਆਪਣੇ ਸੂਬੇਦਾਰ ਨੂੰ ਕਹਿ ਦਿਓ ਕਿ ਜੇ ਸਾਡਾ ਗੁਰੂ ਇਸਲਾਮ ਕਬੂਲ ਕਰ ਲਏ, ਤਾਂ ਅਸੀਂ ਵੀ ਇਵੇਂ ਹੀ ਕਰਾਂਗੇ। ਪਰ ਜੇ ਉਹ ਨਾ ਮੰਨੇ ਤਾਂ ਅਸੀਂ ਵੀ ਆਪਣੇ ਧਰਮ ਦਾ ਪਾਲਣ ਅੱਗੇ ਵਾਂਗ ਹੀ ਕਰਾਂਗੇ।'' ਕਸ਼ਮੀਰ ਦੇ ਪੰਡਤ ਇਹ ਉੱਤਰ ਲੈ ਕੇ ਪ੍ਰਸੰਨ-ਚਿੱਤ ਘਰਾਂ ਨੂੰ ਮੁੜੇ ਤੇ ਗੁਰੂ ਤੇਗ ਬਹਾਦਰ ਛੇਤੀ ਹੀ ਪਿਛੋਂ ਪ੍ਰਚਾਰ ਲਈ, ਆਗਰੇ ਵਲ ਨੂੰ ਤੁਰ ਪਏ। ਜਾਣ ਤੋਂ ਪਹਿਲਾਂ ਉਨ੍ਹਾਂ ਗੋਬਿੰਦ ਰਾਏ ਜੀ ਨੂੰ ਗੁਰ-ਗੱਦੀ ਤੇ ਬਿਠਾ ਕੇ ਉਨ੍ਹਾਂ ਅੱਗੇ ਮੱਥਾ ਟੇਕਿਆ ਤੇ ਸਭ ਸੰਗਤਾਂ ਨੂੰ ਹੁਕਮਨਾਮੇ ਭੇਜ ਦਿਤੇ ਕਿ ਉਨ੍ਹਾਂ ਤੋਂ ਪਿਛੋਂ ਦਸਵੇਂ ਗੁਰੂ ਜੀ ਦੇ ਹੁਕਮ ਅਗੇ ਸਿਰ ਝੁਕਾਣ।

ਗੁਰੂ ਤੇਗ ਬਹਾਦਰ ਜੀ ਨੂੰ ਧਰਮ ਉਪਦੇਸ਼ ਕਰਦਿਆਂ ਅਜੇ ਥੋੜਾ ਚਿਰ ਹੀ ਹੋਇਆ ਸੀ ਕਿ ਉਨ੍ਹਾਂ ਨੂੰ ਆਗਰੇ ਵਿਚ ਫੜ ਲਿਆ ਗਿਆ[1] ਤੇ ਤਸੀਹੇ ਦੇ ਕੇ ਦਿੱਲੀ ਦੇ ਚਾਂਦਨੀ ਚੌਕ ਵਿਚ ਸ਼ਹੀਦ ਕਰ ਦਿਤਾ ਗਿਆ ਕਿਉਂਕਿ ਉਨ੍ਹਾਂ ਨੇ ਇਸਲਾਮ ਕਬੂਲ ਕਰਨ ਜਾਂ ਕੋਈ ਕਰਾਮਾਤ ਦਿਖਾਣ ਤੋਂ ਇਨਕਾਰ ਕਰ ਦਿਤਾ ਸੀ। ਗੁਰੂ ਸਾਹਿਬ ਦੀ ਸ਼ਹੀਦੀ ਬਾਰੇ ਗੁਰੂ ਗੋਬਿੰਦ ਸਿੰਘ ਨੇ ਲਿਖਿਆ ਹੈ : ''ਤਿਲਕ ਜੰਞੂ ਰਾਖਾ ਪ੍ਰਭ ਤਾਕਾ। ਕੀਨੋ ਬਡੋ ਕਲੂ ਮਹਿ ਸਾਕਾ। ਧਰਮ ਹੇਤ ਸਾਕਾ ਜਿਨ ਕੀਆ। ਸੀਸ ਦੀਆ, ਪਰ ਸਿਰਰ ਨਾ ਦੀਆ।'' ਕਿਸੇ ਹੋਰ ਧਰਮ ਦੀ

1. ਡਾ. ਗੰਡਾ ਸਿੰਘ ਨੇ ਲਿਖਿਆ ਹੈ ਕਿ ਫੜੇ ਜਾਣ ਤੋਂ ਪਹਿਲਾਂ ਗੁਰੂ ਸਾਹਿਬ ਦੋ ਵਰ੍ਹੇ ਤੀਕ ਮਾਲਵੇ ਤੇ ਦੱਖਣ-ਪੂਰਬੀ ਪੰਜਾਬ ਵਿਚ ਪਰਚਾਰ ਕਰਦੇ ਰਹੇ। ਉਨ੍ਹਾਂ ਲੋਕਾਂ ਵਿਚ ਬਹਾਦਰੀ ਦੀ ਇਕ ਨਵੀਂ ਰੂਹ ਭਰੀ ਤੇ ਉਨ੍ਹਾਂ ਦੀ ਮਾਨਤਾ ਤੇ ਚੜ੍ਹਤ ਬਹੁਤ ਵਧ ਗਈ ਜਿਸ ਦਾ ਪਤਾ ਜਦ ਬਾਦਸ਼ਾਹ ਨੂੰ ਦਿਤਾ ਗਿਆ ਤਾਂ ਉਸਨੇ ਉਨ੍ਹਾਂ ਨੂੰ ਫੜ ਲਿਆ। (''ਹਿਸਟਰੀ ਆਫ਼ ਦੀ ਸਿਖਸ'' ਭਾਗ I, ਪੰਨੇ 56-57)

ਰੱਖਿਆ ਲਈ ਆਪਣੀ ਜਾਨ ਦੇਣੀ ਧਰਮ ਦੇ ਇਤਿਹਾਸ ਵਿਚ ਇਕ ਅਦੁੱਤੀ ਕਾਰਨਾਮਾ ਸੀ।

ਗੁਰੂ ਤੇਗ ਬਹਾਦਰ ਦੀ ਕੱਟੀ ਹੋਈ ਦੇਹ ਚਾਂਦਨੀ ਚੌਕ ਵਿਚ ਪਈ ਰਹੀ, ਪਰ ਡਰਦਾ ਉਸਨੂੰ ਉਥੋਂ ਚੁਕਣ ਲਈ ਕੋਈ ਸਿੱਖ ਵੀ ਸਾਹਮਣੇ ਨਾ ਆਇਆ, ਭਾਵੇਂ ਸਾਰੇ ਸਿੱਖ ਤੇ ਹਿੰਦੂ ਜਗਤ ਦੇ ਹਿਰਦੇ ਤੜਪ ਉਠੇ ਸਨ। ਅੰਤ ਕਹਿਰ ਦੀ ਹਨੇਰੀ ਝੁੱਲੀ, ਜਿਸ ਦੇ ਪਰਦੇ ਹੇਠ ਇਕ ਲੁਬਾਣੇ ਸਿੱਖ ਨੇ, ਗੁਰੂ ਦਾ ਧੜ ਆਪਣੇ ਘਾਹ-ਫੂਸ ਦੇ ਗੱਡੇ ਵਿਚ ਲੁਕਾ ਕੇ ਚੁੱਕ ਲਿਆਂਦਾ ਤੇ ਆਪਣੇ ਪਿੰਡ ਰਕਾਬਗੰਜ (ਜਿਥੇ ਹੁਣ ਗੁਰਦੁਆਰਾ ਰਕਾਬਗੰਜ ਹੈ) ਲਿਆ ਕੇ ਆਪਣੀ ਝੌਂਪੜੀ ਨੂੰ ਅੱਗ ਲਾ ਕੇ ਉਸਦਾ ਦਾਹ-ਸਸਕਾਰ ਕੀਤਾ। ਇਕ ਰੰਘਰੇਟਾ ਸਿੱਖ ਗੁਰੂ ਸਾਹਿਬ ਦਾ ਸੀਸ ਚੁਕ ਕੇ ਆਨੰਦਪੁਰ ਵਲ ਨੂੰ ਭੱਜਾ, ਜਿਥੇ ਉਸਨੇ ਦਸਵੇਂ ਸਤਿਗੁਰੂ ਤੋਂ ਇਹ ਵਰ ਪ੍ਰਾਪਤ ਕੀਤਾ : "ਰੰਗਰੇਟੇ ਗੁਰੂ ਕੇ ਬੇਟੇ।"

ਆਖਿਆ ਜਾਂਦਾ ਹੈ ਕਿ ਜਦ ਗੁਰੂ ਤੇਗ ਬਹਾਦਰ ਨੇ ਗੁਰੂ ਗੋਬਿੰਦ ਰਾਏ ਜੀ ਨੂੰ ਇਹ ਸ਼ਲੋਕ ਲਿਖ ਕੇ ਭੇਜਿਆ :

"ਬਲ ਛੁਟਕਿਓ ਬੰਧਨ ਪਰੈ, ਕਛੂ ਨਾ ਹੋਤ ਉਪਾਇ।"

ਤਾਂ ਦਸਵੇਂ ਸਤਿਗੁਰੂ ਨੇ ਇਸ ਦਾ ਉੱਤਰ ਦਿਤਾ :

"ਬਲ ਹੋਆ ਬੰਧਨ ਛੁਟੈ ਸਭ ਕਿਛੁ ਹੋਤ ਉਪਾਇ।
ਨਾਨਕ ਸਭ ਕਿਛੁ ਤੁਮਰੈ ਹਾਥ ਮਹਿ ਤੁਮ ਹੀ ਹੋਤ ਸਹਾਇ।।"[1]

ਇਹੀ ਮੋੜਾ ਸੀ, ਜੋ ਗੁਰੂ ਗੋਬਿੰਦ ਸਿੰਘ ਨੇ ਸਿੱਖ ਇਤਿਹਾਸ ਨੂੰ ਦਿੱਤਾ।[2]

---

1. ਗੁਰੂ ਗ੍ਰੰਥ ਸਾਹਿਬ ਵਿਚ ਇਹ ਸਲੋਕ ਮਹਲਾ 9 ਦਾ ਦਿਤਾ ਹੈ, ਪਰ ਕਈ ਪੁਰਾਣੀਆਂ ਬੀੜਾਂ ਵਿਚ ਮਹਲਾ 10 ਵੀ ਹੈ।

2. (ੳ) ਆਪਣੀ ਜਨਮ-ਕਥਾ "ਬਚਿਤ੍ਰ ਨਾਟਕ" ਵਿਚ ਗੁਰੂ ਗੋਬਿੰਦ ਸਿੰਘ ਨੇ ਆਪਣੀ ਬੰਸਾਵਲੀ ਸ੍ਰੀ ਰਾਮ ਚੰਦਰ ਜੀ ਦੇ ਪੁੱਤਰ, ਲਊ ਨਾਲ ਜੋੜੀ ਹੈ। ਉਨ੍ਹਾਂ ਤੋਂ ਹੀ "ਬੇਦੀ" ਪੈਦਾ ਹੋਏ, ਜਿਨ੍ਹਾਂ ਬਨਾਰਸ ਵਿਚ ਜਾ ਕੇ ਵੇਦ ਪੜ੍ਹੇ। ("ਜਿਨੈ ਬੇਦ ਪਠਿਓ ਸੋ ਬੇਦੀ ਕਹਾਏ")। ਉਨ੍ਹਾਂ ਵਿਚੋਂ ਇਕ ਨੇ ਜਿਸ ਦਾ ਨਾਮ ਕਾਲਕੇਤ ਸੀ, ਰਾਜਾ ਸਨੌਢ ਦੀ ਲੜਕੀ ਨਾਲ ਸ਼ਾਦੀ ਕੀਤੀ। ਉਸ ਦਾ ਪੁੱਤਰ ਸੋਢੀ ਰਾਏ ਹੋਇਆ ਜਿਸ ਤੋਂ ਸੋਢਵੰਸ਼ ਚਲੀ। ਗੁਰੂ ਸਾਹਿਬ ਨੇ ਲਿਖਿਆ ਹੈ ਕਿ ਪਿਛਲੇ ਜਨਮ ਵਿਚ ਉਹ ਹੇਮਕੁੰਟ ਪਰਬਤ ਉਤੇ ਬੈਠ ਕੇ ਤਪੱਸਿਆ ਕਰ ਰਹੇ ਸਨ ਜਦ ਪਰਮੇਸ਼ੁਰ ਨੇ ਉਹਨਾਂ ਨੂੰ ਆਪਣਾ ਪੁੱਤਰ ਸਾਜ ਕੇ ਤੇ "ਸੰਤ ਉਬਾਰਨ, ਦੁਸ਼ਟ ਸੰਗਾਰਨ" ਦਾ ਸੰਦੇਸ਼ ਦੇ ਕੇ ਸੰਸਾਰ ਵਿਚ ਪ੍ਰਵੇਸ਼ ਕਰਨ ਦਾ ਆਦੇਸ਼ ਦਿਤਾ।

(ਅ) ਗੁਰੂ ਗੋਬਿੰਦ ਸਿੰਘ ਜੀ ਦਾ ਚਿਹਰਾ-ਮੁਹਰਾ ਹਰ ਇਤਿਹਾਸਕਾਰ ਨੇ ਬਹੁਤ ਮਨ-ਭਾਉਣਾ, ਗਠਿਆ ਹੋਇਆ, ਬਲਵਾਨ, ਕੱਦ ਦਾ ਉੱਚਾ, ਅੰਗਾਂ ਦਾ ਸੁਡੌਲ, ਰੰਗ ਦਾ ਨਿਖਰਿਆ ਹੋਇਆ ਤੇ ਅਤਿਅੰਤ ਪ੍ਰਭਾਵਸ਼ਾਲੀ ਦੱਸਿਆ ਹੈ। ਹੱਥ ਉਤੇ ਚਿੱਟਾ ਬਾਜ਼, ਸੀਸ ਉਤੇ ਕਲਗੀ, ਦਸਤਾਰ ਉਚੀ ਦੁਮਾਲੇ ਵਾਲੀ, ਜਾਮਾ ਲੰਮਾ ਖੁੱਲ੍ਹਾ, ਉਪਰ ਕਮਰ-ਕੱਸਾ ਕੀਤਾ ਹੋਇਆ, ਘੋੜਾ ਨੀਲਾ, ਤੀਰ ਕਮਾਨ, ਤਲਵਾਰ, ਤੇ ਹੋਰ ਕਈ ਅਸਤਰਾਂ ਸ਼ਸਤਰਾਂ ਨਾਲ ਉਹ ਸਦਾ ਭੂਸ਼ਿਤ ਰਹਿੰਦੇ ਸਨ।

ਕਾਂਡ 2

ਹਮ ਇਹ ਕਾਜ ਜਗਤ ਮੋ ਆਏ।
ਧਰਮ ਹੇਤ ਗੁਰਦੇਵਿ ਪਠਾਇ।
ਜਹਾਂ ਤਹਾਂ ਤੁਮ ਧਰਮ ਬਿਥਾਰੋ।
ਦੁਸ਼ਟ ਦੋਖਯਨਿ ਪਕਰਿ ਪਛਾਰੋ।੪੨।।

- ਬਿਚਿਤ੍ਰ ਨਾਟਕ

ਆਪਣੇ ਪਿਤਾ ਦੀ ਸ਼ਹੀਦੀ ਪਿਛੋਂ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਨਿਸਚਾ ਹੋਰ ਵੀ ਪੱਕਾ ਹੋ ਗਿਆ ਕਿ ਸਿੱਖ ਧਰਮ ਨੂੰ ਇਕ ਨਵੀਂ ਕ੍ਰਾਂਤੀ ਵਿਚੋਂ ਲੰਘਣਾ ਹੀ ਪਵੇਗਾ। ਮੁਗਲ ਸਾਮਰਾਜ ਨਾਲ ਟੱਕਰ ਲੈਣ ਤੋਂ ਬਿਨਾ ਹੁਣ ਕੋਈ ਹੋਰ ਚਾਰਾ ਨਹੀਂ ਸੀ ਰਹਿ ਗਿਆ। ਉਨ੍ਹਾਂ ਦੇ ਪੜਦਾਦਾ, ਗੁਰੂ ਹਰਿਗੋਬਿੰਦ ਨੇ, ਗੁਰੂ ਅਰਜਨ ਦੇਵ ਦੀ ਸ਼ਹਾਦਤ ਪਿਛੋਂ ਇਹ ਪਿਰਤ ਅਗੇ ਤੋਰ ਦਿਤੀ ਸੀ, ਪਰ ਛੇਤੀ ਹੀ ਸਿਖ-ਧਰਮ ਮੁੜ ਸ਼ਾਂਤਮਈ ਵਲ ਪ੍ਰੇਰਿਆ ਗਿਆ ਸੀ। ਗੁਰੂ ਘਰ ਨਾਲ ਖ਼ੂਨ ਦੇ ਰਿਸ਼ਤੇ ਰਾਹੀਂ ਸੰਬੰਧਤ ਲੋਕਾਂ ਨੇ ਗੁਰਗੱਦੀ ਲਈ ਸਾਜ਼ਸ਼ਾਂ ਕਰਨੀਆਂ ਸ਼ੁਰੂ ਕਰ ਦਿਤੀਆਂ ਤੇ ਕਈ ਵੇਰ ਦਿੱਲੀ ਦੇ ਸ਼ਹਿਨਸ਼ਾਹ ਨੂੰ ਆਪਣੇ ਨਾਲ ਰਲਾ ਲਿਆ, (ਜਿਵੇਂ ਰਾਮ ਰਾਏ ਜੀ ਨੇ)। ਮੁਗਲ ਸਾਮਰਾਜ ਲਈ ਇਸ ਤੋਂ ਵਧੀਕ ਪ੍ਰਸੰਨ ਕਰਨ ਵਾਲੀ ਗੱਲ ਹੋਰ ਕਿਹੜੀ ਹੋ ਸਕਦੀ ਸੀ, ਕਿ ਉਹ ਯੁੱਧ ਕਰਨ ਦੀ ਥਾਂ ਗੁਰ-ਗੱਦੀ ਦਾ ਫੈਸਲਾ ਕਰਨ ਲਈ ਸਾਲਸ ਬਣੇ, ਜਾਂ ਸਿੱਖਾਂ ਦੀ ਆਪੋ ਵਿਚ ਦੀ ਦੁਫੇੜ ਤੋਂ ਲਾਭ ਉਠਾ ਕੇ ਆਪਣੀ ਰਾਜ-ਸੱਤਾ ਨੂੰ ਹੋਰ ਵੀ ਪੱਕਾ ਕਰੇ। ਗੁਰੂ ਗੋਬਿੰਦ ਸਿੰਘ ਦੇ ਸਮੇਂ ਵਿਚ ਮਸੰਦ (ਜਿਨ੍ਹਾਂ ਦਾ ਕੰਮ ਸਿੱਖਾਂ ਤੋਂ ਕਾਰ-ਭੇਟਾ ਲੈ ਕੇ ਗੁਰੂ ਤਕ ਪਹੁੰਚਾਣਾ ਸੀ) ਐਨੇ ਬਲਵਾਨ ਹੋ ਗਏ ਸੀ ਕਿ ਉਹ ਸਮਝਦੇ ਸਨ ਕਿ ਉਹ ਜਿਸ ਨੂੰ ਚਾਹੁਣ ਗੁਰੂ ਬਣਾ ਸਕਦੇ ਜਾਂ ਇਸ ਪਦ ਤੋਂ ਹਟਾ ਸਕਦੇ ਸਨ। ਉਨ੍ਹਾਂ ਥਾਂਉਂ ਥਾਂਈਂ ਆਪਣੀ ਪੂਜਾ ਵੀ ਸ਼ੁਰੂ ਕਰਵਾ ਰਖੀ ਸੀ। ਸਿੱਖ ਸੇਵਕਾਂ ਤੋਂ ਉਹ ਕਾਰ-ਭੇਟ ਸਖ਼ਤੀ ਨਾਲ ਵਸੂਲ ਕਰਦੇ ਤੇ ਉਨ੍ਹਾਂ ਦੇ ਸਾਹਮਣੇ ਆਪਣੇ ਆਚਰਣ ਨੂੰ ਉੱਚਾ-ਸੁੱਚਾ ਪੇਸ਼ ਕਰਨ ਦੀ ਥਾਂ ਰੰਗ-ਰਲੀਆਂ ਮਾਣਨ, ਐਸ਼ ਤੇ ਰਾਜ-ਪ੍ਰਤਾਪ ਦੇ ਵਾਲੀ ਹੋਣ ਦਾ ਭੁਲੇਖਾ ਪਾਂਦੇ ਸਨ। ਜਦੋਂ ਤੋਂ ਗੁਰੂ ਅਮਰਦਾਸ ਜੀ ਨੇ ਗੁਰ-ਗੱਦੀ

ਨੂੰ ਘਰ ਵਿਚ ਰਖਣ ਦਾ ਫੈਸਲਾ ਕੀਤਾ ਸੀ, ਕਿਸੇ ਵੀ ਗੁਰੂ ਨੂੰ ਆਪਣੇ ਸ਼ਰੀਕਾਂ ਵਲੋਂ ਅਮਨ-ਚੈਨ ਨਾਲ ਦਿਨ ਕੱਟਣੇ ਨਸੀਬ ਨਹੀਂ ਸਨ ਹੋਏ। ਜਾਇਦਾਦ ਤੇ ਗੱਦੀ ਦਾ ਜਬ੍ਹਾ ਤੇ ਸਮਾਜੀ ਤਾਕਤ : ਸ਼ਰੀਕਾਂ ਵਲੋਂ ਇਨ੍ਹਾਂ ਲਈ ਘੋਲ ਹੋ ਰਿਹਾ ਸੀ, ਨਾ ਕਿ ਆਤਮਕ ਪ੍ਰਭੂ-ਸੱਤਾ ਲਈ, ਜਾਂ ਨਿਮਰਤਾ ਨਾਲ ਆਪਾ ਸਮਰਪਨ ਕਰਨ ਲਈ, ਜਾਂ ਸਿੱਖ-ਸੇਵਕਾਂ ਦੀ ਆਤਮਕ ਤੇ ਸਮਾਜਕ ਸੇਵਾ ਸੰਭਾਲ ਲਈ ਜਿਸ ਲਈ ਸਿੱਖ ਸਤਿਗੁਰੂ ਜੂਝ ਰਹੇ ਸਨ।

ਜਦ ਇਕ ਨੌਂ ਸਾਲ ਦਾ ਬੱਚਾ ਐਨੇ ਵਿਸ਼ੈਲੇ ਵਾਯੂਮੰਡਲ ਨਾਲ ਘਿਰਿਆ ਹੋਵੇ - ਸ਼ਰੀਕਾਂ ਦਾ ਸਾੜਾ, ਸਾਮਰਾਜ ਦੀ ਕੈਰੀ ਅੱਖ, ਮਸੰਦਾਂ ਦੀ ਆਪਹੁਦਰੀ, ਹਿੰਦੂ ਸਮਾਜ ਦੀ ਸਾਹ-ਸੱਤ ਹੀਣਤਾ, ਵਸੀਲਿਆਂ ਦੀ ਘਾਟ - ਤਾਂ ਉਸਦਾ ਇੱਕੋ ਵੇਰ ਇਨ੍ਹਾਂ ਸਭ ਰੁਕਾਵਟਾਂ ਨੂੰ ਹੂੰਝ ਕੇ ਇਕ ਨਵੀਂ ਕੌਮ ਨੂੰ ਜਨਮ ਦੇਣ ਦਾ ਇਰਾਦਾ ਤੇ ਉਤਸ਼ਾਹ ਇਕ ਕਰਾਮਾਤ ਨਹੀਂ, ਤਾਂ ਹੋਰ ਕੀ ਹੈ?

ਪਰ, ਜਿਥੇ ਐਨੀਆਂ ਥੁੜ੍ਹਾਂ ਸਨ, ਉਥੇ ਕੁਝ ਤਾਕਤਾਂ ਗੁਰੂ ਸਾਹਿਬ ਦਾ ਸਦੀਵੀ ਸਾਥ ਵੀ ਦੇ ਰਹੀਆਂ ਸਨ। ਸਭ ਤੋਂ ਪਹਿਲਾ ਸੀ, ਉਨ੍ਹਾਂ ਦਾ ਅਕਾਲ ਪੁਰਖ ਵਿਚ ਅਟੁੱਟ ਵਿਸ਼ਵਾਸ। ਫਿਰ ਉਨ੍ਹਾਂ ਦੇ ਸਿੱਖ-ਸੇਵਕ, ਹਿੰਦੋਸਤਾਨ, ਲੰਕਾ, ਅਫ਼ਗਾਨਿਸਤਾਨ, ਤਿੱਬਤ ਤੇ ਮਧ-ਏਸ਼ੀਆ ਵਿਚ ਦੂਰ ਦੂਰ ਤੀਕ ਫੈਲੇ ਹੋਏ ਸਨ, ਜਿਨ੍ਹਾਂ ਲਈ ਗੁਰੂ ਦਾ ਕੋਈ ਵੀ ਹੁਕਮ ਮੋੜਨਾ ਆਪਣੀ ਆਤਮਾ ਨੂੰ ਮਾਰਨ ਦੇ ਬਰਾਬਰ ਸੀ। ਉਹ ਗੁਰੂ ਤੋਂ ਆਤਮ-ਦਾਨ ਤੇ ਅਸ਼ੀਰਵਾਦ ਲੈਣ ਲਈ ਆਪਣਾ ਤਨ, ਮਨ, ਧਨ ਅਰਪਣ ਕਰਨ ਨੂੰ ਸਦਾ ਤਤਪਰ ਰਹਿੰਦੇ ਸਨ। ਛੋਟੇ ਤੋਂ ਛੋਟੇ ਕਿਸਾਨ, ਦੁਕਾਨਦਾਰ ਤੇ ਕਿਰਤੀ ਤੋਂ ਲੈ ਕੇ ਵੱਡੇ ਵੱਡੇ ਸੌਦਾਗਰਾਂ ਤੇ ਸ਼ਹਿਨਸ਼ਾਹਾਂ ਤੀਕ ਉਨ੍ਹਾਂ ਦੇ ਮੁਰੀਦ ਤੇ ਸੇਵਕ ਸਨ। ਪਰ ਉਹ ਇਕ ਆਤਮਕ ਤੇ ਸਮਾਜਕ ਤਾਕਤ ਭਾਵੇਂ ਸਨ, ਪਰ ਰਾਜਸੀ ਤੌਰ ਤੇ ਉਨ੍ਹਾਂ ਦੀ ਸੱਤਾ ਨਾ ਹੋਣ ਦੇ ਬਰਾਬਰ ਸੀ। ਇਨ੍ਹਾਂ ਵਿਚ ਹੀ ਜਿਥੇ ਗੁਰੂ ਨੇ ਆਤਮਕ ਆਸ ਦੀ ਚਿਣਗ ਹੋਰ ਜਗਾਣੀ ਸੀ, ਉਥੇ ਉਨ੍ਹਾਂ ਨੂੰ ਇਕ ਫੈਸਲਾਕੁਨ ਰਾਜਸੀ ਸ਼ਕਤੀ ਵਿਚ ਵੀ ਬਦਲ ਦੇਣਾ ਸੀ।

ਇਸ ਲਈ ਉਨ੍ਹਾਂ ਨੇ ਮਸੰਦਾਂ ਦੇ ਅਖ਼ਤਿਆਰ ਖੋਹ ਕੇ ਹਰ ਸਿੱਖ ਨੂੰ ਹੁਕਮ ਦਿਤਾ ਕਿ ਉਹ ਕਾਰ-ਭੇਟ ਵਰ੍ਹੇ ਦੇ ਵਰ੍ਹੇ ਜਦ ਉਹ ਗੁਰੂ ਦਰਸ਼ਨਾਂ ਨੂੰ ਆਵੇ, ਤਾਂ ਆਪ ਨਾਲ ਲੈ ਕੇ ਆਵੇ। ਰੁਪਏ ਪੈਸੇ ਦੇ ਨਾਲ ਹੀ ਯਥਾ-ਸ਼ਕਤ ਘੋੜੇ ਤੇ ਸ਼ਸਤ੍ਰ ਵੀ ਗੁਰੂ ਦੀ ਭੇਟਾ ਕੀਤੇ ਜਾਣ। ਜੋ ਸਿੱਖ ਗੁਰੂ ਦੇ ਹਜ਼ੂਰ ਰਹਿਣ ਤੇ ਉਹ ਵੀ ਜੋ ਵੇਲੇ ਸਿਰ ਹੁਕਮ ਦੇਣ ਤੇ ਪੁੱਜ ਸਕਣ, ਸ਼ਸਤਰਾਂ ਦਾ ਅਭਿਆਸ ਕਰਨ।

ਗੁਰੂ ਸਾਹਿਬ ਨੇ ਇਕ ਬਹੁਤ ਵੱਡਾ ਨਗਾਰਾ ਵੀ ਬਣਾਇਆ, ਜਿਸ ਦਾ ਨਾਉਂ "ਰਣਜੀਤ ਨਗਾਰਾ" ਰਖਿਆ ਗਿਆ। ਸਵੇਰੇ-ਸ਼ਾਮ ਇਸ ਨੂੰ ਵਜਾਇਆ ਜਾਂਦਾ ਸੀ ਜਿਵੇਂ ਰਾਜ-ਦਰਬਾਰਾਂ ਦੀ ਰੀਤ ਹੈ। ਸ਼ਿਕਾਰ ਉਤੇ ਚੜ੍ਹਨਾ ਉਨ੍ਹਾਂ ਦਾ ਨਿਤ-ਕਰਮ ਬਣ ਗਿਆ। ਸਰੀਰਕ ਕਸਰਤ ਤੇ ਹਥਿਆਰਾਂ ਦੀ ਸਿਖਲਾਈ ਹਜ਼ੂਰੀ ਸਿੱਖਾਂ ਲਈ

ਲਾਜ਼ਮੀ ਬਣਾ ਦਿਤੀ ਗਈ। ਗੁਰੂ ਸਾਹਿਬ ਨੇ ਆਪ ਵੀ ਹਰ ਤਰ੍ਹਾਂ ਦੇ ਹਥਿਆਰ ਚਲਾਣ ਵਿਚ ਨਿਪੁੰਨਤਾ ਹਾਸਲ ਕੀਤੀ। ਪਰ ਇਸ ਦੇ ਨਾਲ ਹੀ ਉਨ੍ਹਾਂ ਸਿੱਖਾਂ ਦੀ ਆਤਮਕ ਜਾਗ੍ਰਤੀ ਨੂੰ ਵੀ ਕਦੀ ਅੱਖੋਂ ਓਹਲੇ ਨਾ ਹੋਣ ਦਿਤਾ। ਸਵੇਰੇ ਸ਼ਾਮ ਕੀਰਤਨ-ਦਰਬਾਰ ਤੇ ਕਥਾ ਉਪਦੇਸ਼ ਰਾਹੀਂ ਉਨ੍ਹਾਂ ਦੀ ਆਤਮਾ ਨੂੰ ਵੀ ਸੰਤੁਸ਼ਟ ਤੇ ਉਜਾਗਰ ਕੀਤਾ ਜਾਂਦਾ ਸੀ, ਤਾਂ ਕਿ ਸਿੱਖ ਜੋ ਵੀ ਕਰਨ, ਪਰਮੇਸ਼ੁਰ-ਨਮਿੱਤ ਤੇ ਉਸਨੂੰ ਸਦਾ ਹਾਜ਼ਰ ਨਾਜ਼ਰ ਜਾਣ ਕੇ ਕਰਨ। ਇਸ ਤੋਂ ਬਿਨਾਂ ਪੰਜਾਬੀ, ਸੰਸਕ੍ਰਿਤ, ਫ਼ਾਰਸੀ ਤੇ ਅਰਬੀ ਦੀ ਪੜ੍ਹਾਈ ਦਾ ਉਚੇਚਾ ਪ੍ਰਬੰਧ ਕੀਤਾ ਗਿਆ ਤੇ ਪੁਰਾਣੇ ਸਭ ਇਤਿਹਾਸ-ਮਿਥਿਹਾਸ ਦੀ ਜਾਣਕਾਰੀ ਸਿੱਖਾਂ ਨੂੰ ਕਰਾਈ ਗਈ। ਦੇਸ-ਪ੍ਰਦੇਸ ਤੋਂ ਅਨੇਕਾਂ ਕਵੀ ਵੀ ਗੁਰੂ ਦੇ ਦਰਬਾਰ ਇਕੱਠੇ ਹੋ ਗਏ, (ਇਨ੍ਹਾਂ ਦੀ ਗਿਣਤੀ 52 ਦਸੀ ਗਈ ਹੈ) ਜਿਨ੍ਹਾਂ ਨੂੰ ਸਤਿਗੁਰਾਂ ਨੇ ਬਹੁਤ ਮਾਣ ਤੇ ਧਨ ਦੇ ਕੇ ਆਪਣੇ ਕੋਲ ਰਖ ਲਿਆ। ਇਨ੍ਹਾਂ ਦਾ ਕੰਮ ਪ੍ਰਾਚੀਨ ਇਤਿਹਾਸ, ਮਿਥਿਹਾਸ ਤੇ ਗਿਆਨ ਨੂੰ ਲੋਕ-ਭਾਸ਼ਾ ਵਿਚ ਉਲਥਾਣ ਦਾ ਸੀ।

ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਦੀ ਆਭਾ ਤੇ ਵਧਦੀ ਸ਼ਕਤੀ ਨੂੰ ਵੇਖ ਕੇ ਆਸ ਪਾਸ ਦੇ ਪਹਾੜੀ ਰਾਜੇ ਭੈ-ਭੀਤ ਹੋ ਉਠੇ। ਖਾਸ ਕਰ ਕਹਿਲੂਰ (ਬਿਲਾਸਪੁਰ) ਦੇ ਰਾਜਾ ਭੀਮ ਚੰਦ ਨੂੰ, ਜਿਸ ਦੇ ਰਾਜ ਵਿਚ ਆਨੰਦਪੁਰ ਦਾ ਨਗਰ ਉਸਾਰਿਆ ਗਿਆ ਸੀ, ਬਹੁਤ ਹੀ ਡਰ ਲਗਿਆ ਤੇ ਉਹ ਗੁਰੂ ਸਾਹਿਬ ਵਿਰੁਧ ਕਈ ਤਰ੍ਹਾਂ ਦੀਆਂ ਘਿਣਾਉਣੀਆਂ ਵਿਉਂਤਾਂ ਗੁੰਦਣ ਲਗ ਪਿਆ। ਜਦ ਮਸੰਦਾਂ ਨੂੰ ਇਸ ਗੱਲ ਦੀ ਸੂਹ ਮਿਲੀ ਤਾਂ ਉਨ੍ਹਾਂ ਮਾਤਾ ਗੁਜਰੀ ਜੀ ਨੂੰ ਬੇਨਤੀ ਕੀਤੀ ਕਿ ਉਹ ਗੁਰੂ ਸਾਹਿਬ ਨੂੰ ਸਮਝਾਉਣ ਕਿ ਉਨ੍ਹਾਂ ਨੂੰ ਸ਼ਾਹੀ ਠਾਠ-ਬਾਠ ਤੇ ਫੌਜੀ ਤਾਕਤ ਜਮ੍ਹਾਂ ਕਰਨ ਜਾਂ ਨਗਾਰੇ ਕੁੱਟਣ ਦੀ ਥਾਂ ਸਿੱਖ-ਮਤ ਨੂੰ ਆਤਮਾ-ਪਰਮਾਤਮਾ ਦੀ ਸੋਝੀ ਤੀਕ ਹੀ ਸੀਮਿਤ ਰੱਖਣਾ ਚਾਹੀਦਾ ਹੈ। ਅਜੇਹਾ ਨਾ ਹੋਵੇ ਕਿ ਕਲ੍ਹ ਨੂੰ ਰਾਜੇ ਕ੍ਰੋਧ ਵਿਚ ਆ ਕੇ ਗੁਰੂ ਸਾਹਿਬ ਨਾਲ ਲੋਹਾ ਲੈਣ ਤੇ ਮਜਬੂਰ ਹੋ ਜਾਣ। ਮਸੰਦਾਂ ਨੂੰ ਇਹ ਵੀ ਡਰ ਸੀ ਕਿ ਜੇ ਗੁਰੂ ਬਹੁਤੇ ਸ਼ਕਤੀਸ਼ਾਲੀ ਹੋ ਗਏ ਤਾਂ ਉਨ੍ਹਾਂ ਦੀ ਆਪਣੀ ਵੀ ਖ਼ੈਰ ਨਹੀਂ ਸੀ।

ਪਰ ਗੁਰੂ ਸਾਹਿਬ ਉਤੇ ਮਾਤਾ ਜੀ ਦੀ ਸਮਝਾਉਣੀ ਦਾ ਕੋਈ ਬਹੁਤਾ ਪ੍ਰਭਾਵ ਨਾ ਪਿਆ। ਇਨ੍ਹਾਂ ਦਿਨਾਂ ਵਿਚ ਅਸਾਮ ਦਾ ਰਾਜਾ ਰਤਨ ਰਾਏ ਬਹੁਤ ਸਾਰੀਆਂ ਬਹੁਮੁੱਲੀਆਂ ਭੇਟਾਂ ਲੈ ਕੇ ਗੁਰੂ-ਦਰਬਾਰ ਵਿਚ ਹਾਜ਼ਰ ਹੋਇਆ। ਇਨ੍ਹਾਂ ਵਿਚ ਇਕ ਹਾਥੀ ਦੰਦ ਦੀ ਬਣੀ ਤਖ਼ਤ ਦੀ ਸ਼ਕਲ ਦੀ ਇਕ ਖੇਡ ਸੀ, ਜਿਸ ਵਿਚੋਂ ਪੁਤਲੀਆਂ ਨਿਕਲ ਕੇ ਚੌਪੜ ਖੇਡਦੀਆਂ ਸਨ। ਇਕ ਹਾਥੀ ਸੀ, ਸੋਨੇ ਦੀ ਝੁੱਲ ਵਾਲਾ, ਜੋ ਕਈ ਕਿਸਮ ਦੇ ਕਰਤਬ ਕਰ ਸਕਦਾ ਸੀ। ਹੋਰ ਵੀ ਅਨੇਕਾਂ ਵਸਤਾਂ ਅਜੇਹੀਆਂ ਸਨ। ਇਹ ਰਤਨ ਰਾਏ ਅਸਾਮ ਦੇ ਰਾਜਾ ਰਾਮ ਰਾਏ ਦਾ ਪੁੱਤਰ ਸੀ। ਗੁਰੂ ਤੇਗ ਬਹਾਦਰ ਜਦ ਅਸਾਮ ਦੇ ਦੌਰੇ ਤੇ ਗਏ ਸਨ, ਤਾਂ ਉਨ੍ਹਾਂ ਬੇਔਲਾਦ ਰਾਮ ਰਾਏ

ਨੂੰ ਪੁੱਤਰ ਦਾ ਵਰ ਦਿਤਾ ਸੀ। ਰਤਨ ਰਾਏ ਦੇ ਜਨਮ ਉਤੇ ਰਾਜੇ ਨੇ ਤੇ ਉਥੋਂ ਦੀ ਪਰਜਾ ਨੇ ਬਹੁਤ ਖੁਸ਼ੀਆਂ ਮਨਾਈਆਂ ਸਨ। ਇਹ ਭੇਟਾ ਗੁਰੂ ਸਾਹਿਬ ਦੇ ਵਰਦਾਨ ਲਈ ਕ੍ਰਿਤਗੱਤਾ ਦਾ ਪ੍ਰਗਟਾਵਾ ਸੀ।

ਰਾਜਾ ਭੀਮ ਚੰਦ ਵੈਰ ਕਮਾਣ ਉਤੇ ਤੁਲਿਆ ਹੋਇਆ ਸੀ, ਪਰ ਉਸ ਦੇ ਦਰਬਾਰੀਆਂ ਨੇ ਉਸਨੂੰ ਅਜੇਹਾ ਕਰਨ ਤੋਂ ਹੋੜਿਆ ਤੇ ਗੁਰੂ ਦੇ ਦਰਬਾਰ ਵਿਚ ਹਾਜ਼ਰ ਹੋਣ ਲਈ ਪ੍ਰੇਰਨਾ ਦਿਤੀ। ਰਾਜਾ ਭੀਮ ਚੰਦ ਨੇ ਇਵੇਂ ਹੀ ਕੀਤਾ ਪਰ ਜਦ ਉਸਨੇ ਗੁਰੂ ਦਰਬਾਰ ਦੀ ਸ਼ਾਨ-ਸ਼ੌਕਤ, ਸਿੱਖਾਂ ਦੀ ਵਧਦੀ ਹੋਈ ਫੌਜੀ ਸ਼ਕਤੀ, ਤੇ ਉਨ੍ਹਾਂ ਦੀ ਗੁਰੂ ਪ੍ਰਤੀ ਅਚੂਕ ਸ਼ਰਧਾ ਤੇ ਭਗਤੀ ਨੂੰ ਡਿੱਠਾ, ਤਾਂ ਉਸਦਾ ਮਨ ਸਾੜੇ ਤੇ ਕਲੇਸ਼ ਨਾਲ ਭਰ ਗਿਆ। ਘਰ ਪਹੁੰਚ ਕੇ ਉਸਨੇ ਇਕ ਵਿਉਂਤ ਗੁੰਦੀ ਜਿਸ ਰਾਹੀਂ ਉਹ ਗੁਰੂ-ਘਰ ਦੀਆਂ ਕੁਝ ਦੁਰਲੱਭ ਵਸਤਾਂ ਨੂੰ ਆਪ ਹਥਿਆ ਲਵੇ! ਉਸਨੇ ਆਪਣੇ ਇਕ ਏਲਚੀ ਰਾਹੀਂ ਗੁਰੂ ਸਾਹਿਬ ਨੂੰ ਇਹ ਸੁਨੇਹਾ ਭੇਜਿਆ ਕਿ ਜਿਹੜੇ ਤੋਹਫੇ ਉਨ੍ਹਾਂ ਨੂੰ ਅਸਾਮ ਦੇ ਰਾਜੇ ਨੇ ਭੇਟ ਕੀਤੇ ਹਨ, ਉਹ ਕੁਝ ਚਿਰ ਲਈ ਮਾਂਗਵੇਂ ਰਾਜਾ ਭੀਮ ਚੰਦ ਦੇ ਲੜਕੇ ਦੀ ਸ਼ਾਦੀ ਉਤੇ ਵਿਖਾਵੇ ਲਈ ਭੇਜ ਦੇਣ। ਗੁਰੂ ਸਾਹਿਬ ਨੇ ਉਸ ਦੇ ਧੁਰ ਅੰਦਰ ਦੇ ਭੇਦ ਨੂੰ ਜਾਣਦੇ ਹੋਏ ਇਨਕਾਰ ਕਰ ਦਿਤਾ। ਭੀਮ ਚੰਦ ਨੇ ਇਕ ਸੁਨੇਹਾ ਹੋਰ ਭੇਜਿਆ। ਗੁਰੂ ਸਾਹਿਬ ਨੇ ਫਿਰ 'ਨਾਂਹ' ਵਿਚ ਉੱਤਰ ਦਿਤਾ। ਅੰਤ ਬਾਕੀ ਰਾਜਿਆਂ ਦੀ ਲਾਈ-ਬੁਝਾਈ ਉਤੇ ਉਸਨੇ ਗੁਰੂ ਸਾਹਿਬ ਨੂੰ ਆਪਣਾ ਅੰਤਲਾ ਸੁਨੇਹਾ ਇਸ ਧਮਕੀ ਸਮੇਤ ਭੇਜਿਆ ਕਿ ਜੇ ਉਨ੍ਹਾਂ ਹੁਣ ਵੀ ਇਨਕਾਰ ਕੀਤਾ ਤਾਂ ਇਸ ਦੇ ਨਤੀਜੇ ਭਿਆਨਕ ਨਿਕਲਣਗੇ, ਕਿਉਂਕਿ ਬਰਾਦਰੀ ਸਾਹਮਣੇ ਇਹ ਉਸ ਦੀ ਇੱਜ਼ਤ ਦਾ ਸਵਾਲ ਬਣ ਚੁਕਾ ਸੀ! ਪਰ ਗੁਰੂ ਸਾਹਿਬ ਉਤੇ ਇਸ ਤਾਕਤ ਦੇ ਵਿਖਾਵੇ ਦਾ ਵੀ ਕੋਈ ਪਰਭਾਵ ਨਾ ਪਿਆ।

ਇਨ੍ਹਾਂ ਦਿਨਾਂ ਵਿਚ ਗੁਰੂ ਸਾਹਿਬ ਨੂੰ ਨਾਹਨ ਦੇ ਰਾਜੇ ਦਾ ਇਕ ਸੱਦਾ-ਪੱਤਰ ਮਿਲਿਆ। ਉਸਨੇ ਉਨ੍ਹਾਂ ਨੂੰ ਦੂਣ ਵਾਦੀ ਵਿਚ ਸ਼ਿਕਾਰ ਲਈ ਸਦਿਆ ਸੀ। ਗੁਰੂ ਸਾਹਿਬ ਨੇ ਇਹ ਬੇਨਤੀ ਪਰਵਾਨ ਕਰ ਲਈ ਤੇ ਆਪਣੇ ਪਰਿਵਾਰ ਤੇ ਪੰਜ ਸੌ ਉਦਾਸੀ ਸਿੱਖਾਂ ਸਮੇਤ ਨਾਹਨ ਨੂੰ ਚਾਲੇ ਪਾ ਦਿਤੇ। ਜਾਣ ਲਗਿਆਂ ਉਹ ਆਨੰਦਪੁਰ ਦੇ ਬਚਾਉ ਲਈ ਵੀ ਯੋਗ ਪ੍ਰਬੰਧ ਕਰ ਗਏ। ਗੁਰੂ ਸਾਹਿਬ ਦਾ ਨਾਹਨ ਦੇ ਰਾਜੇ ਨੇ ਬੜਾ ਨਿੱਘਾ ਸਵਾਗਤ ਕੀਤਾ। ਪਾਉਂਟੇ ਦੇ ਅਸਥਾਨ ਉਤੇ ਉਨ੍ਹਾਂ ਦਾ ਡੇਰਾ ਲਵਾਇਆ ਗਿਆ। ਉਨ੍ਹਾਂ ਨੂੰ ਇਥੋਂ ਦੀ ਰਮਣੀਕ ਧਰਤੀ ਬੜੀ ਮਨਮੋਹਣੀ ਲੱਗੀ, ਕਾਲਿੰਦਰੀ (ਜਮਨਾ) ਦਾ ਕੰਢਾ, ਆਸ ਪਾਸ ਹਰਿਆਵਲ ਨਾਲ ਕੱਜਿਆ, ਮੌਸਮ ਸਾਂਵਾਂ, ਸ਼ਿਕਾਰ ਲਈ ਰਿੱਛ, ਬਾਰਾਂਸਿੰਘੇ, ਸ਼ੇਰ ਤੇ ਨੀਲਗਾਇ! ਇਥੇ ਹੀ ਉਨ੍ਹਾਂ ਤੇ ਉਨ੍ਹਾਂ ਦੇ ਦਰਬਾਰੀ ਕਵੀਆਂ ਨੇ ਬ੍ਰਜ ਭਾਸ਼ਾ ਵਿਚ ਬਹੁਤ ਸਾਰੀ ਕਾਵਿ-ਰਚਨਾ ਵੀ

ਕੀਤੀ।[1] ਗੁਰੂ ਗੋਬਿੰਦ ਸਿੰਘ ਦੀ ਕਵਿਤਾ ਵਿਚ ਸ਼ਬਦਾਂ-ਅਲੰਕਾਰਾਂ ਦੀ ਚੋਣ, ਤੋਲ ਦੀ ਪਰਪੱਕਤਾ, ਤੇ ਵਿਚਾਰਾਂ ਤੇ ਸੋਚ-ਸ਼ਕਤੀ ਦੀ ਵਿਸ਼ਾਲਤਾ ਅਜੇਹੀ ਪ੍ਰਭਾਵਸ਼ਾਲੀ ਹੈ, ਕਿ ਉਸਦਾ ਹਿੰਦੀ ਕਵਿਤਾ ਦੇ ਇਤਿਹਾਸ ਵਿਚ ਕੋਈ ਜੋੜ ਨਹੀਂ। ਧਰਮ ਯੁੱਧ ਦੀ ਪ੍ਰੇਰਨਾ ਲਈ ਤਾਂ ਜਿਥੇ ਵੀ ਲਿਖਿਆ ਹੈ, ਲਹੂ ਵਿਚ ਉਬਾਲਾ ਹੀ ਲੈ ਆਂਦਾ ਹੈ, ਜਿਵੇਂ ਚੰਡੀ ਚਰਿਤ੍ਰ ਵਿਚ।

ਇਨ੍ਹਾਂ ਦਿਨਾਂ ਵਿਚ ਹੀ ਰਾਮ ਰਾਏ ਦੀ ਵਿਧਵਾ, ਪੰਜਾਬ ਕੌਰ, ਨੇ ਗੁਰੂ ਸਾਹਿਬ ਨੂੰ ਸੁਨੇਹਾ ਭੇਜਿਆ ਕਿ ਜਦ ਉਨ੍ਹਾਂ ਦੇ ਪਤੀ ਸਮਾਧੀ ਵਿਚ ਲੀਨ ਸਨ ਤਾਂ ਮਸੰਦਾਂ ਨੇ ਉਨ੍ਹਾਂ ਨੂੰ ਮਰਿਆ ਹੋਇਆ ਕਹਿ ਕੇ ਸਾੜ ਦਿਤਾ ਸੀ, ਤਾਂ ਜੋ ਉਹ ਉਸ ਦੀ ਗੱਦੀ ਤੇ ਜਾਇਦਾਦ ਆਪ ਮੱਲ ਲੈਣ। ਗੁਰੂ ਸਾਹਿਬ ਆਪਣੇ ਰੁਝੇਵਿਆਂ ਦੀ ਪ੍ਰਵਾਹ ਨਾ ਕਰਦੇ ਹੋਏ ਡੇਰਾਦੂਨ ਪੁਜੇ ਤੇ ਮਸੰਦਾਂ ਨੂੰ ਕਰੜੀਆਂ ਸਜਾਵਾਂ ਦੇ ਕੇ ਪੰਜਾਬ ਕੌਰ ਦੀ ਆਰਥਕ ਸਥਿਤੀ ਨੂੰ ਮੁੜ ਸੁਰਜੀਤ ਕਰ ਦਿਤਾ। ਹੁਣ ਰਾਜਾ ਨਾਹਨ ਨੇ ਗੁਰੂ ਸਾਹਿਬ ਨੂੰ ਸਦਾ ਲਈ ਇਥੇ ਆ ਵਸਣ ਲਈ ਪ੍ਰੇਰਨਾ ਸ਼ੁਰੂ ਕੀਤਾ। ਆਖਿਆ ਜਾਂਦਾ ਹੈ, ਕਿ ਕਿਉਂਕਿ ਉਸ ਦੀ ਨਾਲ ਲਗਦੇ ਸ੍ਰੀ ਨਗਰ ਦੇ ਰਾਜਾ ਫਤਹ ਸ਼ਾਹ ਨਾਲ ਅਣਬਣ ਸੀ, ਇਸੇ ਲਈ ਉਹ ਗੁਰੂ ਸਾਹਿਬ ਵਲ ਮਿੱਤਰਤਾ ਦਾ ਹੱਥ ਵਧਾ ਰਿਹਾ ਸੀ। ਗੁਰੂ ਸਾਹਿਬ ਨੇ ਰਾਜਾ ਫਤਹ ਸ਼ਾਹ ਨੂੰ ਨਾਹਨ ਬੁਲਾ ਕੇ ਉਨ੍ਹਾਂ ਦੀ ਸੁਲਹ ਕਰਵਾ ਦਿਤੀ। ਇਕ ਦਿਨ ਜਦ ਗੁਰੂ ਸਾਹਿਬ ਨੇ ਕੇਵਲ ਢਾਲ-ਤਲਵਾਰ

---

1. ਇਹ ਰਚਨਾ ਗੁਰੂ ਸਾਹਿਬ ਦੇ ਜੋਤੀ ਜੋਤ ਸਮਾਣ ਤੋਂ 26 ਵਰ੍ਹੇ ਪਿਛੋਂ ਭਾਈ ਮਨੀ ਸਿੰਘ ਨੇ ਇਕੱਤਰ ਕੀਤੀ ਤੇ ਇਸ ਦਾ ਨਾਉਂ ''ਦਸਵੀਂ ਪਾਤਸ਼ਾਹੀ ਦਾ ਗ੍ਰੰਥ'' ਜਾਂ (''ਦਸਮ ਗ੍ਰੰਥ'') ਰਖਿਆ। ਇਸ ਦੇ 1428 ਪੰਨੇ ਹਨ। ਇਸ ਦੀ ਲੱਗਭਗ ਅੱਧੀ ਰਚਨਾ ਗੁਰੂ ਦਰਬਾਰ ਦੇ ਕਵੀਆਂ ਦੀ ਮੰਨੀ ਜਾਂਦੀ ਹੈ, ਜਿਵੇਂ 'ਚਰਿਤ੍ਰੋ ਪਾਖਯਾਨ'' (ਤ੍ਰੀਆ ਚਰਿਤ੍ਰ) ਆਦਿ। ਪਰ ਕਈ ਵਿਦਵਾਨ ਸਮੁੱਚੀ ਰਚਨਾ ਨੂੰ ਹੀ ਗੁਰੂ ਕ੍ਰਿਤ ਮੰਨਦੇ ਹਨ, ਜੋ ਸਾਡੇ ਵਿਚਾਰ ਵਿਚ ਭੁੱਲ ਹੈ। ਦਸਮ ਗ੍ਰੰਥ ਵਿਚ (1) ਜਾਪ ਸਾਹਿਬ, (2) ਅਕਾਲ ਉਸਤਤ, (3) ਚੰਡੀ ਚਰਿਤ੍ਰ 1 ਤੇ 2, (4) ਚੰਡੀ ਦੀ ਵਾਰ, (5) ਗਿਆਨ ਪ੍ਰਬੋਧ, (6) ਚੌਬੀਸ ਅਵਤਾਰ (ਵਿਸ਼ਨੂੰ ਦੇ), (7) ਸ਼ਬਦ ਹਜ਼ਾਰੇ, (8) 33 ਸਵੈਯੇ, (9) ਖਾਲਸਾ ਮਹਿਮਾ, (10) ਸ਼ਸਤ੍ਰ ਨਾਮ ਮਾਲਾ (11) ਚਰਿਤ੍ਰੋ ਪਾਖਯਾਨ (ਤ੍ਰੀਆ ਚਰਿਤ੍ਰ), (12) ਜ਼ਫਰਨਾਮਾ, (13) ਤੇ ਹਿਕਾਇਤਾਂ ਸ਼ਾਮਲ ਹਨ। ਗੁਰੂ ਸਾਹਿਬ ਨੇ ਥਾਉਂ ਥਾਂਈ ਜ਼ੋਰ ਦੇ ਕੇ ਲਿਖਿਆ ਹੈ ਕਿ ਪੁਰਾਣਿਕ ਕਥਾਵਾਂ ਉਹ ਕੇਵਲ ਧਰਮ-ਯੁੱਧ ਦਾ ਚਾਉ ਪੈਦਾ ਕਰਨ ਲਈ, ਜਾਂ ਪਰਮੇਸ਼ਵਰ ਦੀ ਅਪਾਰ ਸ਼ਕਤੀ ਦ੍ਰਿੜ੍ਹਾਉਣ ਲਈ ਲਿਖ ਰਹੇ ਹਨ, ਨਾ ਕਿ ਅਵਤਾਰਵਾਦ ਦੀ ਪ੍ਰੋੜ੍ਹਤਾ ਜਾਂ ਦੇਵੀ-ਦੇਵਤਿਆਂ ਵਿਚ ਵਿਸ਼ਵਾਸ ਧਰਾਣ ਲਈ।

''ਕੀ ਸਾਰਾ ਦਸਮ ਗ੍ਰੰਥ ਗੁਰੂ ਸਾਹਿਬ ਦੀ ਰਚਨਾ ਹੈ?'' ਭਾਈ ਮਨੀ ਸਿੰਘ ਦੀ ਸ਼ਹਾਦਤ (1738 ਈਸਵੀ) ਦੇ ਛੇਤੀ ਪਿਛੋਂ ਇਸਦਾ ਨਿਰਣਾ ਕਰਨ ਲਈ ਦਮਦਮਾ ਸਾਹਿਬ ਦੇ ਸਿੱਖ ਵਿਦਵਾਨਾਂ ਨੂੰ ਪੰਥ ਵਲੋਂ ਸੌਂਪਣੀ ਹੋਈ। ਬਹੁਤ ਬਹਿਸ ਚਲੀ। ਅੰਤ ਭਾਈ ਮਤਾਬ ਸਿੰਘ ਮੀਰਾਂ ਕੋਟੀਏ ਨੇ ਆਖਿਆ: ''ਜੇ ਮੈਂ ਦਰਬਾਰ ਸਾਹਿਬ ਅੰਮ੍ਰਿਤਸਰ, ਜਾ ਕੇ ਮੱਸੇ ਰੰਘੜ ਦਾ, ਜੋ ਉਥੇ ਬੈਠਾ ਗੁਰੂ-ਘਰ ਦੀ ਨਿਰਾਦਰੀ ਕਰ ਰਿਹਾ ਸੀ, ਸਿਰ ਵਢ ਕੇ ਬਚ ਨਿਕਲਾਂ, ਤਾਂ ਇਸ ਗ੍ਰੰਥ ਨੂੰ ਜਿਉਂ ਦਾ ਤਿਉਂ ਰਹਿਣ ਦਿਤਾ ਜਾਵੇ।'' ਭਾਈ ਮਤਾਬ ਸਿੰਘ ਆਪਣੇ ਮਿਸ਼ਨ ਵਿਚ ਸਫਲ ਹੋਇਆ ਤੇ ਪੰਥ ਨੇ ''ਦਸਮ ਗ੍ਰੰਥ'' ਨੂੰ ਉਵੇਂ ਹੀ ਰਹਿਣ ਦਿਤਾ।

ਨਾਲ ਇਕ ਸ਼ੇਰ ਦਾ ਸ਼ਿਕਾਰ ਦੋਹਾਂ ਦੇ ਵੇਖਦੇ ਵੇਖਦੇ ਤੇ ਬਿਨਾ ਭੈ-ਭੀਤ ਹੋਏ ਕੀਤਾ ਤਾਂ ਉਨ੍ਹਾਂ ਦੇ ਮਨ ਉਤੇ ਗੁਰੂ ਦੀ ਨਿਰਭੈਤਾ ਤੇ ਅਪਾਰ-ਸ਼ਕਤੀ ਦਾ ਬਹੁਤ ਡੂੰਘਾ ਪਰਭਾਵ ਪਿਆ।

ਇਨ੍ਹਾਂ ਦਿਨਾਂ ਵਿਚ ਸਢੌਰੇ ਦਾ ਪੀਰ ਬੁਧੂ ਸ਼ਾਹ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਇਆ, ਤੇ ਪੰਜ ਸੌ ਪਠਾਣਾਂ ਨੂੰ ਜੋ ਔਰੰਗਜ਼ੇਬ ਦੀ ਫ਼ੌਜ ਵਿਚੋਂ ਕੱਢ ਦਿਤੇ ਗਏ ਸਨ, ਗੁਰੂ ਸਾਹਿਬ ਪਾਸ ਨੌਕਰ ਰਖਵਾ ਗਿਆ। ਇਨ੍ਹਾਂ ਨੂੰ ਯੁੱਧ ਦਾ ਕਾਫੀ ਤਜਰਬਾ ਸੀ।[1]

ਹੁਣ ਰਾਜਾ ਭੀਮ ਚੰਦ ਦੇ ਲੜਕੇ ਦੀ ਬਰਾਤ ਰਾਜਾ ਫ਼ਤਹ ਸ਼ਾਹ ਦੇ ਘਰ ਢੁੱਕਣ ਲਈ ਸ੍ਰੀ ਨਗਰ ਨੂੰ ਚਲ ਪਈ। ਗੁਰੂ ਸਾਹਿਬ ਨੇ ਆਪਣੇ ਪੰਜ ਸੌ ਘੋੜ-ਸਵਾਰਾਂ ਰਾਹੀਂ ਬਹੁਮੁੱਲੇ ਤੋਹਫ਼ੇ ਸ੍ਰੀ ਨਗਰ ਦੇ ਰਾਜਾ ਨੂੰ ਭੇਜੇ। ਜਦ ਭੀਮਚੰਦ ਪਾਉਂਟੇ ਪੁੱਜਾ, ਤਾਂ ਰਾਹ ਵਿਚ ਉਸਨੇ ਗੁਰੂ ਸਾਹਿਬ ਦੀ ਫੌਜ ਨੂੰ ਡੇਰਾ ਪਾਈ ਵੇਖਿਆ। ਉਸਨੇ ਸੁਨੇਹਾ ਘੱਲਿਆ ਕਿ ਉਸਨੂੰ ਉਨ੍ਹਾਂ ਦੇ ਵਿਚੋਂ ਦੀ ਲੰਘ ਜਾਣ ਦੀ ਆਗਿਆ ਦਿਤੀ ਜਾਵੇ। ਪਰ ਗੁਰੂ ਸਾਹਿਬ ਨੇ ਇਹ ਸੋਚ ਕੇ, ਕਿ ਸ਼ਾਇਦ ਰਾਜਾ ਕੋਈ ਭੜਕਾਊ ਕਾਰਵਾਈ ਨਾ ਕਰ ਬੈਠੇ, ਉਸ ਦੇ ਪੁੱਤਰ ਨੂੰ ਸਮੇਤ ਉਸ ਦੇ ਜ਼ਾਤੀ ਸੇਵਕਾਂ ਦੇ ਲੰਘ ਜਾਣ ਦੀ ਆਗਿਆ ਤਾਂ ਦੇ ਦਿਤੀ, ਪਰ ਰਾਜਾ ਭੀਮਚੰਦ ਨੂੰ ਦੂਜਾ ਰਾਹ ਅਪਨਾਣ ਦੀ ਪ੍ਰੇਰਨਾ ਕੀਤੀ ਤਾਂ ਕਿ ਦੋਵੇਂ ਫ਼ੌਜਾਂ ਇਕ ਦੂਜੇ ਨੂੰ ਆਹਮੋ-ਸਾਹਮਣੇ ਵੇਖ ਕੇ ਭੜਕ ਨਾ ਪੈਣ। ਭੀਮ ਚੰਦ ਨੇ ਇਵੇਂ ਹੀ ਕੀਤਾ, ਪਰ ਉਸਦਾ ਮਨ ਕ੍ਰੋਧ ਨਾਲ ਬਲ ਉਠਿਆ।

ਸ੍ਰੀ ਨਗਰ ਪੁਜ ਕੇ ਜਦ ਉਸਨੂੰ ਪਤਾ ਲੱਗਾ ਕਿ ਗੁਰੂ ਸਾਹਿਬ ਦੇ ਪੰਜ ਸੌ ਘੋੜ-ਸਵਾਰ ਬਹੁਤ ਬਹੁ-ਮੁੱਲੇ ਤੋਹਫ਼ੇ ਲੈ ਕੇ ਮੇਰੇ ਕੁੜਮ ਦੇ ਘਰ ਬੈਠੇ ਹਨ, ਤਾਂ ਉਸਦਾ ਕ੍ਰੋਧ ਹੋਰ ਵੀ ਭੜਕ ਪਿਆ। ਰਾਜਾ ਫਤਹ ਸ਼ਾਹ ਨੂੰ ਉਸਨੇ ਸਾਫ਼ ਸਾਫ਼ ਕਹਿ ਦਿਤਾ ਕਿ ਜੇ ਉਹ ਗੁਰੂ-ਘਰ ਦੀ ਭੇਟਾ ਪ੍ਰਵਾਨ ਕਰੇਗਾ, ਤਾਂ ਉਹ ਉਸ ਦੀ ਲੜਕੀ ਦੀ ਸਗਾਈ ਮੋੜ ਦੇਵੇਗਾ। ਹਾਰ ਕੇ ਰਾਜਾ ਫ਼ਤਹ ਸ਼ਾਹ ਨੇ ਗੁਰੂ ਸਾਹਿਬ ਦੇ ਸਵਾਰਾਂ ਨੂੰ ਤੋਹਫ਼ਿਆਂ ਸਮੇਤ ਮੋੜ ਦਿਤਾ।

ਜਿਉਂ ਹੀ ਵਿਆਹ ਮੁੱਕਾ, ਫ਼ਤਹ ਸ਼ਾਹ ਦੀ ਫ਼ੌਜ ਸਮੇਤ ਹੋਰ ਪਹਾੜੀ ਰਾਜਿਆਂ ਦੇ ਗੁਰੂ ਸਾਹਿਬ ਉਤੇ ਟੁੱਟ ਪਈ। ਭੰਗਾਣੀ ਦੇ ਅਸਥਾਨ ਉਤੇ ਘੋਰ ਯੁੱਧ ਹੋਇਆ। ਪੀਰ ਬੁਧੂ ਸ਼ਾਹ ਦੇ ਦਿਤੇ ਹੋਏ ਸਾਰੇ ਪਠਾਣ ਵੈਰੀ ਨਾਲ ਵਧੀਕ ਪੈਸੇ ਲੈ ਕੇ ਜਾ ਰਲੇ। ਪੀਰ ਸਾਹਿਬ ਨੂੰ ਜਦ ਪਤਾ ਲੱਗਾ ਤਾਂ ਉਹ ਸੱਤ ਸੌ ਮੁਰੀਦ, ਚਾਰ ਪੁੱਤਰ ਤੇ ਇਕ ਭਾਈ ਲੈ ਕੇ ਸਹਾਇਤਾ ਨੂੰ ਤੁਰਤ ਆਣ ਪਹੁੰਚੇ।

---

1. ਹੈਰਾਨੀ ਦੀ ਗੱਲ ਹੈ, ਕਿ ਬੁਧੂ ਸ਼ਾਹ ਦਾ, ਜਾਂ ਉਸ ਦੇ ਸਾਥੀਆਂ ਤੇ ਪੁੱਤਰਾਂ ਦਾ, ਭੰਗਾਣੀ ਦੇ ਯੁੱਧ ਜਾਂ ਹੋਰ ਕਿਸੇ ਸੰਬੰਧ ਵਿਚ ਗੁਰੂ ਸਾਹਿਬ ਨੇ ''ਬਚਿਤ੍ਰ ਨਾਟਕ'' ਵਿਚ ਕੋਈ ਵਰਣਨ ਨਹੀਂ ਕੀਤਾ, ਨਾ ਹੀ ''ਗੁਰ ਸੋਭਾ'' ਵਿਚ ਹੀ ਇਨ੍ਹਾਂ ਦਾ ਨਾਮ ਆਇਆ ਹੈ, ਜੋ ਉਨ੍ਹਾਂ ਦੇ ਹਜ਼ੂਰੀ ਕਵੀ, ਸੈਨਾਪਤੀ ਦੀ ਕ੍ਰਿਤ ਦੱਸੀ ਜਾਂਦੀ ਹੈ।

ਉਦਾਸੀ ਤਾਂ ਦਿਲ ਹਾਰ ਕੇ ਬੈਠ ਗਏ, ਕੇਵਲ ਉਨ੍ਹਾਂ ਦਾ ਆਗੂ, ਮਹੰਤ ਕ੍ਰਿਪਾਲ, ਆਪਣੇ ਕੁਤਕੇ ਨਾਲ ਜਾਨ ਤੋੜ ਕੇ ਲੜਿਆ ਤੇ ਹੋਰਨਾਂ ਤੋਂ ਛੁਟ ਉਸਨੇ ਭਗੋੜੇ ਪਠਾਨ ਜਰਨੈਲ, ਹਯਾਤ ਖ਼ਾਨ ਨੂੰ ਵੀ ਚਿੱਤ ਕਰ ਦਿਤਾ। ਲਾਲ ਚੰਦ ਨਾਮੀ ਹਲਵਾਈ ਨੇ, ਜਿਸ ਨੇ ਪਹਿਲਾਂ ਕਦੀ ਵੀਰਤਾ ਨਹੀਂ ਸੀ ਵਿਖਾਈ, ਤਲਵਾਰ ਨਾਲ ਵੈਰੀ ਦੇ ਆਹੂ ਲਾਹ ਘੱਤੇ! ਇਕ ਚੋਣਵਾਂ ਤੇ ਬਹਾਦਰ ਪਹਾੜੀ ਰਾਜਾ, ਹਰੀ ਚੰਦ, ਵੀ ਇਥੇ ਹੀ ਮਾਰਿਆ ਗਿਆ। ਗੁਰੂ ਸਾਹਿਬ ਦਾ ਨਿਕਟ ਸੰਬੰਧੀ ਸੰਗੋ ਸ਼ਾਹ ਵੀ ਸ਼ਹੀਦੀ ਪ੍ਰਾਪਤ ਕਰ ਗਿਆ। ਬਨਾਰਸ ਦੇ ਇਕ ਸਿੱਖ, ਰਾਮ ਸਿੰਘ ਨੇ ਗੁਰੂ ਸਾਹਿਬ ਨੂੰ ਇਕ ਤੋਪ ਭੇਟਾ ਕੀਤੀ, ਜਿਸ ਨੇ ਇਸ ਯੁੱਧ ਵਿਚ ਬੜਾ ਲਾਭ ਦਿਤਾ। ਵੈਰੀ ਦੀ ਫੌਜ ਆਪਣਾ ਕਰਾਰਾ ਨੁਕਸਾਨ ਕਰਾ ਕੇ ਭੱਜ ਉੱਠੀ। ਪਰ ਪੀਰ ਬੁਧੂ ਸ਼ਾਹ ਦੇ ਦੋ ਪੁੱਤਰ ਤੇ ਕਈ ਮੁਰੀਦ ਸ਼ਹੀਦ ਹੋ ਗਏ। ਗੁਰੂ ਸਾਹਿਬ ਨੂੰ ਪੀਰ ਸਾਹਿਬ ਦੇ ਸਪੁੱਤਰਾਂ ਦੀ ਸ਼ਹੀਦੀ ਦਾ ਬਹੁਤ ਹੀ ਦੁੱਖ ਹੋਇਆ। ਪਰ ਜਦ ਪੀਰ ਸਾਹਿਬ ਜੰਗ ਤੋਂ ਪਿਛੋਂ ਵਿਦਾਇਗੀ ਲੈਣ ਗਏ ਤਾਂ ਆਖਦੇ ਹਨ, ਗੁਰੂ ਸਾਹਿਬ ਆਪਣੇ ਕੇਸਾਂ ਨੂੰ ਕੰਘਾ ਕਰ ਰਹੇ ਸਨ। ਪੀਰ ਸਾਹਿਬ ਨੂੰ ਵੇਖਦਿਆਂ ਹੀ ਉਨ੍ਹਾਂ ਦੀਆਂ ਅੱਖਾਂ ਵਿਚ ਹੰਝੂ ਛਲਕ ਆਏ। "ਮੈਂ ਤੁਹਾਡਾ ਅਹਿਸਾਨ ਕਿਵੇਂ ਚੁਕਾਵਾਂ?" ਗੁਰੂ ਸਾਹਿਬ ਭਰੇ ਹੋਏ ਗਲੇ ਨਾਲ ਬੋਲੇ। ਪੀਰ ਸਾਹਿਬ ਨੇ ਕਿਹਾ : "ਇਹੀ ਭੇਟਾ ਮੈਨੂੰ ਦੋਹਾਂ ਜਹਾਨਾਂ ਲਈ ਕਾਫ਼ੀ ਹੈ।" ਤੇ ਉਸਨੇ ਗੁਰੂ ਸਾਹਿਬ ਦੇ ਕੰਘੇ ਵਲ ਇਸ਼ਾਰਾ ਕੀਤਾ, ਜਿਸ ਵਿਚ ਸਤਿਗੁਰਾਂ ਦੇ ਕੁਝ ਟੁਟੇ ਕੇਸ ਅੜੇ ਸਨ। ਗੁਰੂ ਸਾਹਿਬ ਨੇ ਇਕ ਤਲਵਾਰ ਵੀ ਪੀਰ ਸਾਹਿਬ ਦੀ ਭੇਟਾ ਕੀਤੀ ਤੇ ਉਹ ਕੰਘਾ ਵੀ। ਇਹ ਦੋਵੇਂ ਯਾਦਗਾਰਾਂ ਹੁਣ ਤੀਕ ਨਾਭਾ ਦਰਬਾਰ ਪਾਸ ਸਾਂਭੀਆਂ ਪਈਆਂ ਹਨ।

ਕਾਂਡ 3

"ਇਨਹੀ ਕੀ ਕ੍ਰਿਪਾ ਸੇ ਸਜੇ ਹਮ ਹੈਂ,
ਨ ਮੋ ਸੋ ਗ਼ਰੀਬ ਕ੍ਰੋਰ ਪਰੇ।"

- ਗੁਰੂ ਗੋਬਿੰਦ ਸਿੰਘ

ਗੁਰੂ ਸਾਹਿਬ ਹੁਣ ਆਨੰਦਪੁਰ ਮੁੜ ਆਏ। ਆਉਂਦੀ ਵੇਰ ਨਾਹਨ ਦਾ ਰਾਜਾ ਉਨ੍ਹਾਂ ਨੂੰ ਦੂਜੇ ਪਹਾੜੀ ਰਾਜਿਆਂ ਦੇ ਡਰ ਦੇ ਕਾਰਨ ਮਿਲਣ ਵੀ ਨਾ ਆਇਆ। ਪਰ ਜਦ ਆਪ ਆਨੰਦਪੁਰ ਪੁਜੇ, ਤਾਂ ਆਪ ਟਾ ਸ਼ਹਿਰੀਆਂ ਵਲੋਂ ਅਤਿ ਨਿੱਘਾ ਸਵਾਗਤ ਕੀਤਾ ਗਿਆ। ਗੁਰੂ ਸਾਹਿਬ ਨੇ ਹੁਣ ਇਥੇ ਇਕ ਕਿਲ੍ਹਾ ਬਣਵਾਇਆ ਤੇ ਉਸ ਦੇ ਆਸ ਪਾਸ ਉੱਚੀਆਂ ਦੀਵਾਰਾਂ ਵਿਚ ਮੋਰਚੇ ਬਣਵਾ ਦਿੱਤੇ।

ਦੂਰ ਦੂਰ ਤੋਂ ਸੰਗਤਾਂ ਨੇ ਵੀ ਗੁਰੂ ਦੇ ਦੀਦਾਰ ਲਈ ਆਉਣਾ ਸ਼ੁਰੂ ਕਰ ਦਿਤਾ। ਵੱਡੇ ਵੱਡੇ ਘੁਲਾਟੀਏ ਤੇ ਯੋਧੇ ਵੀ ਇਨ੍ਹਾਂ ਦੇ ਦੁਆਲੇ ਇਕੱਠੇ ਹੋਣ ਲੱਗੇ, ਨਾਲ ਹੀ ਕਈ ਸਾਧ-ਸੰਤ ਤੇ ਸੰਗੀਤਕਾਰ ਵੀ। ਧਰਮ ਦੇ ਪਰਚਾਰ ਦੇ ਨਾਲ ਨਾਲ ਸਿੱਖਾਂ ਨੂੰ ਯੁੱਧ-ਅਭਿਆਸ ਵੀ ਕਰਾਇਆ ਜਾਣ ਲੱਗਾ ਤੇ ਸ਼ਿਕਾਰ ਉਤੇ ਚੜ੍ਹਨਾ ਸਤਿਗੁਰਾਂ ਦਾ ਨਿੱਤ-ਕਰਮ ਬਣ ਗਿਆ।

ਰਾਜਾ ਭੀਮ ਚੰਦ ਇਨ੍ਹਾਂ ਦੀ ਵਧਦੀ ਤਾਕਤ ਤੇ ਆਪਣੀ ਹੋਈ ਕਰਾਰੀ ਹਾਰ ਤੋਂ ਬਹੁਤ ਪੀੜਤ ਸੀ। ਉਸਨੂੰ ਡਰ ਸੀ, ਕਿ ਕਿਤੇ ਉਸਦਾ ਨਾਮ ਬਾਕੀ ਰਾਜਿਆਂ ਵਿਚ ਉੱਕਾ ਹੀ ਹੀਣਾ ਤੇ ਤਰਸ-ਯੋਗ ਨਾ ਬਣ ਜਾਵੇ ਜਾਂ ਗੁਰੂ ਦੇ ਤੇਜ ਤੋਂ ਪ੍ਰਭਾਵਤ ਹੋ ਕੇ ਉਸ ਦੀ ਪਰਜਾ ਹੀ ਉਸ ਦੇ ਵਿਰੁਧ ਨਾ ਉਠ ਖੜੀ ਹੋਵੇ। ਇਸ ਲਈ ਉਸਨੇ ਆਪਣੇ ਸਲਾਹਕਾਰਾਂ ਤੇ ਦਰਬਾਰੀਆਂ ਤੋਂ ਪੁੱਛਿਆ ਕਿ ਕਿਵੇਂ ਗੁਰੂ-ਘਰ ਦੇ ਪਰਭਾਵ ਨੂੰ ਘਟਾਇਆ ਜਾ ਸਕਦਾ ਹੈ? ਸਾਰਿਆਂ ਨੇ ਇਹੀ ਰਾਏ ਦਿਤੀ ਕਿ ਗੁਰੂ-ਘਰ ਨਾਲ ਵੈਰ ਚੰਗਾ ਨਹੀਂ ਤੇ ਉਸ ਨਾਲ ਸੁਲ੍ਹਾ-ਸਫ਼ਾਈ ਦੀ ਗੱਲ ਕਰਨੀ ਚਾਹੀਦੀ ਹੈ।

ਇਸ ਸਲਾਹ ਨੂੰ ਮੰਨ ਕੇ ਇਕ ਦੂਤ ਗੁਰੂ ਸਾਹਿਬ ਦੇ ਦਰਬਾਰ ਵਿਚ ਭੇਜਿਆ ਗਿਆ। ਗੁਰੂ ਸਾਹਿਬ ਨੇ ਉਸਨੂੰ ਆਖਿਆ : "ਮੇਰੀ ਲੜਾਈ ਕਿਸੇ ਨਾਲ ਵੀ ਨਹੀਂ। ਮੈਂ ਕੇਵਲ ਧਰਮ ਦਾ ਪਰਚਾਰ ਕਰਨਾ ਚਾਹੁੰਦਾ ਹਾਂ। ਮੇਰੇ ਪੂਜ ਪਿਤਾ ਨੇ ਹਿੰਦੂ ਧਰਮ ਦੀ ਰੱਖਿਆ ਲਈ ਆਪਣਾ ਸੀਸ ਬਲੀਦਾਨ ਕੀਤਾ, ਤੇ ਮੈਂ ਵੀ ਇਸ

ਜਾਤੀ ਦੀ ਮਰੀ ਹੋਈ ਰੂਹ ਨੂੰ ਮੁੜ ਜੀਉਂਦਾ ਤੇ ਪ੍ਰਚੰਡ ਕਰਨਾ ਚਾਹੁੰਦਾ ਹਾਂ। ਪਰ ਕਿੰਨੇ ਦੁੱਖ ਦੀ ਗੱਲ ਹੈ, ਕਿ ਮੇਰੇ ਨਾਲ ਮਿਲਵਰਤਣ ਕਰਨਾ ਤਾਂ ਇੱਕ ਪਾਸੇ ਰਿਹਾ, ਮੇਰੇ ਨਾਲ ਅਜੋਗ ਧੱਕਾ ਕੀਤਾ ਜਾਂਦਾ ਹੈ। ਬਿਨਾਂ ਕਾਰਨ ਭੰਗਾਣੀ ਦਾ ਯੁੱਧ ਮੇਰੇ ਉਤੇ ਠੋਸਿਆ ਗਿਆ। ਮੇਰੇ ਸਿੱਖ-ਸੇਵਕ ਨਾਲ ਦੇ ਪਿੰਡਾਂ ਵਿਚ ਘੋੜਿਆਂ ਲਈ ਘਾਹ-ਦਾਣਾ ਵੀ ਨਹੀਂ ਖ਼ਰੀਦ ਸਕਦੇ, ਨਾ ਹੀ ਮਹਾਂ ਪ੍ਰਸ਼ਾਦ ਲਈ ਬਕਰੇ ਆਦਿ। ਅਸੀਂ ਕਿਸੇ ਨਾਲ ਵੀ ਲੜਨਾ ਨਹੀਂ ਚਾਹੁੰਦੇ, ਪਰ ਜੇ ਸਾਨੂੰ ਮਜਬੂਰ ਹੀ ਕੀਤਾ ਗਿਆ, ਤਾਂ ਅਸੀਂ ਆਪਣੀ ਪੱਤ-ਆਬਰੂ ਦੀ ਰਾਖੀ ਜ਼ਰੂਰ ਕਰਾਂਗੇ।''

ਰਾਜਦੂਤ ਨੇ ਪਿੱਛੇ ਨੂੰ ਭੁਲਾ ਦੇਣ ਲਈ ਤਰਲਾ ਕੀਤਾ ਅਤੇ ਆਖਿਆ, ''ਆਪ ਕਹਿਲੂਰ ਦੇ ਰਾਜ ਨੂੰ ਆਪਣਾ ਰਾਜ ਸਮਝੋ।'' ਸਤਿਗੁਰਾਂ ਨੇ ਉੱਤਰ ਦਿਤਾ, ''ਜੋ ਕੋਈ ਵੀ ਨਿਮ੍ਰਤਾ ਨਾਲ ਗੁਰੂ-ਘਰ ਵਿਚ ਆਉਂਦਾ ਹੈ, ਉਸਨੂੰ ਇਥੇ ਪੂਰਾ ਆਦਰ ਸਨਮਾਨ ਮਿਲਦਾ ਹੈ। ਜੋ ਖਿਮਾ ਚਾਹੁੰਦਾ ਹੈ, ਉਸ ਨਾਲ ਸਾਡਾ ਕੋਈ ਵੈਰ ਨਹੀਂ।''

ਰਾਜਾ ਭੀਮ ਚੰਦ ਇਸ ਉੱਤਰ ਨੂੰ ਸੁਣ ਕੇ ਬਹੁਤ ਪ੍ਰਸੰਨ ਹੋਇਆ ਤੇ ਆਪ ਵੀ ਸਤਿਗੁਰੂ ਦੇ ਦਰਸ਼ਨਾਂ ਨੂੰ ਵੱਡੀ ਭੇਟਾ ਲੈ ਕੇ ਆਇਆ। ਸਤਿਗੁਰਾਂ ਨੇ ਵੀ ਉਸਨੂੰ ਖ਼ਿਲਅੱਤ ਬਖਸ਼ੀ। ਜਾਪਦਾ ਇਉਂ ਸੀ ਕਿ ਦੋਹਾਂ ਘਰਾਣਿਆਂ ਵਿਚ ਹੁਣ ਪੂਰਨ ਸਦਭਾਵਨਾ ਤੇ ਮਿਲਵਰਤਣ ਦੀ ਨੀਂਹ ਰਖ ਦਿਤੀ ਗਈ ਹੈ।

ਇਨ੍ਹਾਂ ਦਿਨਾਂ ਵਿਚ ਹੀ ਔਰੰਗਜ਼ੇਬ ਨੇ ਜੰਮੂ ਦੇ ਸੂਬੇਦਾਰ, ਮੀਆਂ ਖ਼ਾਨ ਨੂੰ ਪਹਾੜੀ ਰਾਜਿਆਂ ਤੋਂ ਕਰ ਵਸੂਲ ਕਰਨ ਲਈ ਚੜ੍ਹਾਈ ਦਾ ਹੁਕਮ ਦਿਤਾ। ਸੂਬੇਦਾਰ ਨੇ ਆਪਣੇ ਵਲੋਂ ਆਪਣੀ ਫੌਜ ਦੇ ਸਿਪਾਹ-ਸਾਲਾਰ, ਅਲਫ਼ ਖਾਨ, ਨੂੰ ਇਸ ਮੁਹਿੰਮ ਲਈ ਤਿਆਰ ਕੀਤਾ। ਪਹਾੜੀ ਰਾਜਿਆਂ ਨੇ ਇਕ ਜ਼ਬਾਨ ਹੋ ਕੇ ਅਲਫ਼ ਖਾਨ ਨੂੰ ਆਖਿਆ ਕਿ ਕਿਉਂਕਿ ਸਾਡਾ ਸਭਨਾਂ ਦਾ ਮੋਹਰੀ ਰਾਜਾ ਭੀਮ ਚੰਦ ਹੈ, ਇਸ ਲਈ ਪਹਿਲਾਂ ਉਸ ਤੋਂ ਕਰ ਵਸੂਲ ਕੀਤਾ ਜਾਏ। ਜੇ ਉਹ ਕਰ ਭਰ ਦੇਵੇਗਾ, ਤਾਂ ਬਾਕੀ ਵੀ ਇਵੇਂ ਹੀ ਕਰਨਗੇ। ਇਹ ਸੁਣ ਕੇ ਅਲਫ਼ ਖਾਨ ਨੇ ਆਪਣਾ ਇਕ ਏਲਚੀ ਰਾਜਾ ਭੀਮ ਚੰਦ ਪਾਸ ਭੇਜ ਕੇ ਕਰ ਦੀ ਮੰਗ ਦੁਹਰਾਈ। 'ਨਾਂਹ' ਦੀ ਸੂਰਤ ਵਿਚ ਜੰਗ ਦੀ ਧਮਕੀ ਵੀ ਦਿਤੀ ਗਈ। ਰਾਜਾ ਭੀਮ ਚੰਦ ਨੇ ਆਖਿਆ ਕਿ ਉਹ ਕਰ ਦੇਣ ਨਾਲੋਂ ਯੁੱਧ ਕਰਨਾ ਵਧੇਰੇ ਪਸੰਦ ਕਰੇਗਾ। ਉਸਦਾ ਵਿਚਾਰ ਸੀ ਕਿ ਜੇ ਇਕ ਵੇਰ ਮੁਗਲਾਂ ਨੂੰ ਕਰਾਰੇ ਹੱਥ ਵਿਖਾਏ ਗਏ ਤਾਂ ਮੁੜ ਕੇ ਉਹ ਇਸ ਪਾਸੇ ਵਲ ਝਾਤ ਨਹੀਂ ਪਾਣਗੇ। ਨਹੀਂ ਤਾਂ ਉਨ੍ਹਾਂ ਦੀਆਂ ਮੰਗਾਂ ਵਧਦੀਆਂ ਹੀ ਜਾਣਗੀਆਂ। ਯੁੱਧ ਕਰਨ ਨਾਲ ਕਹਿਲੂਰ ਦਾ ਰਾਜ ਸਾਰਿਆਂ ਦਾ ਮੋਹਰੀ ਵੀ ਬਣ ਜਾਇਗਾ।

ਇਸ ਵਿਚਾਰ ਨੂੰ ਸਾਹਮਣੇ ਰਖ ਕੇ ਰਾਜਾ ਭੀਮ ਚੰਦ ਨੇ ਆਪਣੇ ਮੁਖ-ਮੰਤਰੀ ਨੂੰ ਗੁਰੂ-ਦਰਬਾਰ ਵਿਚ ਭੇਜਿਆ ਤਾਂ ਜੋ ਉਨ੍ਹਾਂ ਦੀ ਸਹਾਇਤਾ ਲਈ ਜਾ ਸਕੇ। ਮੰਤਰੀ ਨੇ ਅਜੇਹੀ ਨਿਮ੍ਰਤਾ ਤੇ ਸਿਆਣਪ ਨਾਲ ਗੱਲ ਬਾਤ ਕੀਤੀ ਕਿ ਸਤਿਗੁਰੂ ਪਸੀਜ ਗਏ। ਉਸਨੇ ਆਖਿਆ, ''ਅਸੀਂ ਗੁਰੂ ਨਾਨਕ ਦੇ ਘਰ ਦੇ ਸੇਵਕ ਹਾਂ। ਇਹੀ ਸਾਡਾ ਦੋਹਾਂ ਜਹਾਨਾਂ ਵਿਚ ਰਖਵਾਲਾ ਹੈ। ਜੇ ਹਜ਼ੂਰ ਸਾਡੀ ਸਹਾਇਤਾ ਕਰਨ ਤਾਂ ਮੁਗਲ ਸਾਡਾ ਕੁਝ ਵੀ ਵਿਗਾੜ ਨਹੀਂ ਸਕਦੇ।''

ਸਤਿਗੁਰਾਂ ਨੇ ਉਸ ਦੀ ਬੇਨਤੀ ਨੂੰ ਪਰਵਾਨ ਕਰ ਲਿਆ ਤੇ ਯੁੱਧ ਦੀ ਤਿਆਰੀ ਦਾ ਹੁਕਮ ਦੇ ਦਿਤਾ। ਸਭ ਨੇ ਸਰਬ-ਸੰਮਤੀ ਨਾਲ ਯੁੱਧ ਦੀ ਕਮਾਨ ਗੁਰੂ ਸਾਹਿਬ ਦੇ ਹਵਾਲੇ ਕਰ ਦਿਤੀ। ਐਨੇ ਨੂੰ ਕਈ ਪਹਾੜੀ ਰਾਜਿਆਂ ਨੇ ਕਰ ਦੇਣਾ ਪਰਵਾਨ ਕਰ ਲਿਆ ਤੇ ਅਲਫ਼ ਖਾਨ ਨਾਲ ਰਲ ਕੇ ਯੁੱਧ ਲਈ ਚੜ੍ਹ ਆਏ। ਘਮਸਾਨ ਦੀ ਲੜਾਈ ਹੋਈ, ਇਥੋਂ ਤੀਕ ਕਿ ਰਾਜਾ ਭੀਮ ਚੰਦ ਨੇ ਵੀ ਸ਼ਰਣ ਲੈਣ ਦੀ ਤਿਆਰੀ ਕਰ ਲਈ। ਇਹ ਵੇਖ ਕੇ ਸਤਿਗੁਰੂ ਆਪ ਮੈਦਾਨ ਵਿਚ ਉਤਰ ਆਏ, ਅਤੇ ਆਪਣੀ ਇਕੋ ਗੋਲੀ ਨਾਲ ਬਿਜ਼ਰਵਾਲ ਦੇ ਰਾਜਾ ਦਯਾਲ ਨੂੰ ਮੌਤ ਦੇ ਘਾਟ ਉਤਾਰ ਦਿਤਾ। ਉਨ੍ਹਾਂ ਦੇ ਤੀਰਾਂ ਦੀ ਬੁਛਾੜ ਨੇ ਵੈਰੀ ਦੇ ਆਹੂ ਲਾਹ ਸੁੱਟੇ ਤੇ ਵੈਰੀ ਰਾਤ ਦੇ ਹਨੇਰੇ ਵਿਚ ਭੱਜ ਨੱਠਾ।

ਗੁਰੂ ਸਾਹਿਬ ਹੁਣ ਆਨੰਦਪੁਰ ਵਾਪਸ ਆ ਗਏ। ਰਾਹ ਵਿਚ ਮੁੜ ਉਨ੍ਹਾਂ ਦੀ ਫੌਜ ਨਾਲ ਕਈ ਪਿੰਡਾਂ ਵਿਚ ਅੱਗੇ ਵਾਂਗ ਹੀ ਨਾ-ਮਿਲਵਰਤਣ ਕੀਤਾ ਗਿਆ। ਉਨ੍ਹਾਂ ਦੇ ਘੋੜਿਆਂ ਲਈ ਘਾਹ-ਦਾਣਾ ਵੀ ਮੁੱਲ ਦੇ ਕੇ ਨਾ ਮਿਲ ਸਕਿਆ। ਪਰ ਫੌਜ ਨੇ ਲੋੜੀਂਦਾ ਮਾਲ ਲੁੱਟ ਲਿਆ, ਭਾਵੇਂ ਉਸਦਾ ਯੋਗ ਮੁੱਲ ਵੀ ਤਾਰ ਦਿਤਾ। ਇਹ ਵੇਖ ਕੇ ਕਈ ਪਹਾੜੀ ਰਾਜੇ ਬਹੁਤ ਭੈ-ਭੀਤ ਹੋਏ। ਗੁਰੂ ਦੀ ਫੌਜੀ ਸ਼ਕਤੀ ਹੁਣ ਹੋਰ ਵੀ ਵਧਣ ਲੱਗੀ। ਇਸ ਦਾ ਡਰ ਪੰਜਾਬ ਦੇ ਸੂਬੇਦਾਰ, ਦਿਲਾਵਰ ਖਾਨ ਨੂੰ ਵੀ ਭਾਸਿਆ ਤੇ ਉਸਨੇ ਗੁਰੂ ਸਾਹਿਬ ਤੋਂ ਕਰ ਵਸੂਲ ਕਰਨ ਲਈ 11,000 ਫੌਜੀ ਆਪਣੇ ਪੁੱਤਰ ਦੀ ਕਮਾਨ ਹੇਠ ਭੇਜੇ ਅਤੇ ਹੁਕਮ ਦਿਤਾ ਕਿ ਜੇ ਗੁਰੂ ਕਰ ਨਾ ਦੇਵੇ ਤਾਂ ਆਨੰਦਪੁਰ ਦਾ ਨਗਰ ਲੁੱਟ ਲਿਆ ਜਾਵੇ।

ਗੁਰੂ ਸਾਹਿਬ ਨਾਲ ਨਿਪਟ ਕੇ ਮੁਗਲ ਫੌਜਾਂ ਨੇ ਪਹਾੜੀ ਰਾਜਿਆਂ ਨਾਲ ਵੀ ਇਹੀ ਸਲੂਕ ਕਰਨਾ ਸੀ। ਯੁੱਧ ਦੀਆਂ ਖ਼ਬਰਾਂ ਸੁਣ ਕੇ ਕਈ ਲੋਕ ਆਨੰਦਪੁਰ ਛੱਡ ਕੇ ਭਜ ਗਏ। ਸਤਲੁਜ ਦੇ ਕੰਢੇ ਦੋਹਾਂ ਦਲਾਂ ਦਾ ਮੁਕਾਬਲਾ ਹੋਇਆ ਤੇ ਸਿੱਖ ਫੌਜਾਂ ਨੇ ਮੁਗਲ ਫ਼ੌਜ ਨੂੰ ਲੱਕ-ਤੋੜਵੀਂ ਹਾਰ ਦੇ ਕੇ ਭਜਾ ਦਿਤਾ।

ਦਿਲਾਵਰ ਖਾਨ ਨੂੰ ਇਸ ਦਾ ਵੱਡਾ ਦੁੱਖ ਹੋਇਆ ਤੇ ਉਸਨੇ ਆਪਣੇ ਇਕ ਵੱਡੇ ਜਾਬਰ ਜਰਨੈਲ, ਹੁਸੈਨ ਖਾਨ ਨੂੰ ਯੁੱਧ ਕਰਨ ਲਈ ਮੁੜ ਭੇਜਿਆ। ਆਨੰਦਪੁਰ ਦੇ ਰਾਹ ਵਿਚ ਜਿੰਨੇ ਵੀ ਪਿੰਡ ਸਨ, ਹੁਸੈਨ ਨੇ ਲੁੱਟ ਲਏ ਤੇ ਹੋਰ ਵੀ ਬਹੁਤ ਅਤਿਆਚਾਰ ਕੀਤੇ। ਰਾਜਾ ਭੀਮ ਚੰਦ ਉਸ ਦੇ ਇਹ ਭੈ-ਭੀਤ ਕਰਨ ਵਾਲੇ ਕਾਰਨਾਮੇ ਸੁਣ ਕੇ ਕੰਬ ਉਠਿਆ ਤੇ ਉਸਨੇ ਗੁਰੂ ਸਾਹਿਬ ਦੀ ਥਾਂ ਹੁਸੈਨ ਨਾਲ ਰਲ ਜਾਣਾ ਹੀ ਮੁਨਾਸਬ ਸਮਝਿਆ। ਸਭ ਪਹਾੜੀ ਰਾਜਿਆਂ ਨੇ ਭੀਮ ਚੰਦ ਵਾਂਗ ਹੀ ਜਿੰਨਾ ਕਰ ਹੁਸੈਨ ਨੇ ਮੰਗਿਆ ਸੀ, ਦੇ ਦਿਤਾ। ਇਹੀ ਨਹੀਂ, ਸਗੋਂ ਉਸ ਦੇ ਨਾਲ ਹੋ ਕੇ ਆਨੰਦਪੁਰ ਉਤੇ ਧਾਵਾ ਵੀ ਬੋਲ ਦਿਤਾ।

ਪਰ ਰਾਹ ਵਿਚ ਗੁਲੇਰ ਦੇ ਰਾਜਾ ਗੋਪਾਲ ਨਾਲ ਅਜੇ ਸਿੱਝਣਾ ਬਾਕੀ ਸੀ। ਇਸ ਨੇ ਕਰ ਦੇਣ ਤੋਂ ਇਨਕਾਰ ਕਰ ਦਿਤਾ ਸੀ, ਕਿਉਂਕਿ ਜਿੰਨਾ ਕਰ ਇਹ ਦੇਣਾ ਚਾਹੁੰਦਾ ਸੀ, ਉਹ ਹੁਸੈਨ ਨੂੰ ਮਨਜ਼ੂਰ ਨਹੀਂ ਸੀ। ਸਤਿਗੁਰਾਂ ਨੇ ਪਹਿਲਾਂ ਤਾਂ

ਗੋਪਾਲ ਨੂੰ ਬਾਕੀ ਕਈ ਪਹਾੜੀ ਰਾਜਿਆਂ ਨਾਲ ਮਿਲਾ ਕੇ ਯੁੱਧ ਦੀ ਤਿਆਰੀ ਲਈ ਯਤਨ ਕੀਤੇ, ਪਰ ਕੋਈ ਵੀ ਉਸ ਦੀ ਸਹਾਇਤਾ ਉਤੇ ਨਾ ਉਤਰਿਆ। ਸਤਿਗੁਰਾਂ ਨੇ ਹੀ ਉਸ ਦੀ ਮਦਦ ਲਈ ਆਪਣੀ ਕੁਝ ਫੌਜ ਭੇਜੀ, ਜਿਸ ਵਿਚੋਂ ਸੱਤ ਯੋਧੇ ਸ਼ਹੀਦ ਹੋ ਗਏ। ਪਰ ਨਾਲ ਹੀ ਮੁਗਲ ਜਰਨੈਲ ਵੀ ਮਾਰਿਆ ਗਿਆ ਤੇ ਕਾਂਗੜੇ ਦਾ ਰਾਜਾ ਵੀ ਜੋ ਉਸਦਾ ਸਹਾਈ ਸੀ। ਗੋਪਾਲ ਦੀ ਜਿੱਤ ਹੋਈ। ਭੀਮ ਚੰਦ ਜੰਗ ਦੇ ਮੈਦਾਨ ਵਿਚੋਂ ਭੱਜ ਗਿਆ। ਗੋਪਾਲ ਕਈ ਦੁਰਲੱਭ ਤੋਹਫੇ ਲੈ ਕੇ ਸਤਿਗੁਰਾਂ ਦਾ ਸ਼ੁਕਰਾਨਾ ਅਦਾ ਕਰਨ ਲਈ ਆਇਆ।

ਇਸ ਸਮੇਂ ਤਕ ਸਤਿਗੁਰਾਂ ਨੇ ਦੋ ਸ਼ਾਦੀਆਂ ਵੀ ਕਰ ਲਈਆਂ ਸਨ। ਸੁੰਦਰੀ ਜੀ ਤੋਂ ਸਾਹਿਬਜ਼ਾਦਾ ਅਜੀਤ ਸਿੰਘ ਤੇ ਜੀਤੋ ਜੀ ਤੋਂ ਸਾਹਿਬਜਾਦਾ ਜੁਝਾਰ ਸਿੰਘ, ਜ਼ੋਰਾਵਰ ਸਿੰਘ ਤੇ ਫ਼ਤਹ ਸਿੰਘ ਪੈਦਾ ਹੋਏ।[1] ਕਈ ਸਿੱਖ ਇਤਿਹਾਸਕਾਰ ਆਖਦੇ ਹਨ ਕਿ ਸੁੰਦਰੀ ਜੀ ਤੇ ਜੀਤੋ ਜੀ ਇਕੋ ਇਸਤ੍ਰੀ ਦੇ ਦੋ ਨਾਮ ਸਨ। (ਕੁਝ ਵਰ੍ਹਿਆਂ ਮਗਰੋਂ ਜੀਤੋ ਜੀ ਦੇ ਚਲਾਣਾ ਕਰ ਜਾਣ ਤੇ ਜੋ ਕਈ ਇਤਿਹਾਸਕਾਰਾਂ ਅਨੁਸਾਰ 1701 ਈਸਵੀ ਵਿਚ ਹੋਇਆ, ਇਕ ਸਿੱਖ ਨੇ ਇਹ ਬੇਨਤੀ ਆ ਕੇ ਕੀਤੀ ਕਿ ਉਸਨੇ ਵੀ ਆਪਣੀ ਲੜਕੀ ਇਸੇ ਲਈ ਤਿਆਰ ਕੀਤੀ ਸੀ ਕਿ ਉਹ ਗੁਰੂ ਤੋਂ ਬਿਨਾਂ ਕਿਸੇ ਨੂੰ ਵਰੇਗੀ ਨਹੀਂ। ਇਸ ਦਾ ਨਾਮ ਸਾਹਿਬ ਦੇਵਾਂ ਸੀ। ਸਤਿਗੁਰਾਂ ਨੂੰ ਉਸਨੂੰ ਵੀ ਅੰਗੀਕਾਰ ਕਰਨਾ ਪਿਆ, ਪਰ ਇਸ ਸ਼ਰਤ ਉਤੇ ਕਿ ਉਹ ਸਦਾ ਕੰਵਾਰ-ਕੰਨਿਆਂ ਵਾਂਗ ਜੀਵਨ ਬਿਤਾਇਗੀ। ਉਸਨੂੰ ਪਿਛੋਂ ਖਾਲਸੇ ਦੀ ਮਾਤਾ ਕਹਿ ਕੇ ਵਡਿਆਇਆ ਗਿਆ।)

ਇਨ੍ਹਾਂ ਦਿਨਾਂ ਵਿਚ ਹੀ ਕੇਸ਼ੋ ਦਾਸ ਨਾਮ ਦਾ ਇਕ ਪ੍ਰਸਿੱਧ ਬ੍ਰਾਹਮਣ ਬਨਾਰਸ ਤੋਂ ਸਤਿਗੁਰਾਂ ਦੇ ਦਰਬਾਰ ਵਿਚ ਹਾਜ਼ਰ ਹੋਇਆ। ਉਸਨੇ ਆ ਕੇ ਇਹ ਦਾਹਵਾ ਕੀਤਾ ਕਿ ਜੇ ਉਸਨੂੰ ਹੋਮ ਕਰਨ ਲਈ ਪੂਰੀ ਸਾਮਗਰੀ ਦਿਤੀ ਜਾਵੇ, ਤਾਂ ਉਹ ਉਸ ਦੇ ਦੁਆਲੇ ਅਜੇਹਾ ਜਪ-ਤਪ ਸਾਧੇਗਾ ਕਿ ਯੁੱਧ ਦੀ ਦੇਵੀ, ਚੰਡੀ ਪਰਗਟ ਹੋ ਕੇ ਗੁਰੂ ਨੂੰ ਵਰਦਾਨ ਦੇਵੇਗੀ। ਫਿਰ ਸਤਿਗੁਰੂ ਦੀ ਕਿਸੇ ਯੁੱਧ ਵਿਚ ਵੀ ਹਾਰ ਨਹੀਂ ਹੋਵੇਗੀ। ਉਸਨੇ ਕਿਹਾ ਕਿ ਸਾਡੇ ਸਾਰੇ ਪ੍ਰਾਚੀਨ ਯੋਧੇ, ਜਿਵੇਂ ਭੀਮ ਤੇ ਅਰਜਨ ਵੀ ਚੰਡੀ ਦੇ ਹੀ ਪੁਜਾਰੀ ਸਨ, ਜਿਸ ਦੇ ਕਾਰਨ ਉਨ੍ਹਾਂ ਨੂੰ ਸਦਾ ਜਿੱਤ ਹੀ ਪ੍ਰਾਪਤ ਹੋਈ।

ਸਿੱਖਾਂ ਉਤੇ ਉਸ ਦੀ ਕਥਨੀ ਦਾ ਵੱਡਾ ਪਰਭਾਵ ਪਿਆ ਤੇ ਉਨ੍ਹਾਂ ਨੇ ਸਤਿਗੁਰਾਂ ਅਗੇ ਉਸ ਦੀ ਬੇਨਤੀ ਦੀ ਪ੍ਰੋੜ੍ਹਤਾ ਕੀਤੀ। ਸਤਿਗੁਰਾਂ ਨੇ ਸਿੱਖਾਂ ਨੂੰ ਬਥੇਰਾ ਸਮਝਾਇਆ, ਪਰ ਅੰਤ ਉਨ੍ਹਾਂ ਦੀ ਹੀ ਨਿਸ਼ਾ ਲਈ ਕੇਸ਼ੋ ਦਾਸ ਦੀ ਬੇਨਤੀ ਨੂੰ ਪਰਵਾਨ ਕਰ ਲਿਆ। ਪਹਾੜ ਵਿਚ ਤਾਂ ਦੇਵੀ-ਪੂਜਾ ਅੱਗੇ ਹੀ ਬਹੁਤ ਹੁੰਦੀ ਸੀ।

1. ਇਤਿਹਾਸਕਾਰ ਡਾ. ਗੰਡਾ ਸਿੰਘ ਅਨੁਸਾਰ ਇਨ੍ਹਾਂ ਦੇ ਜਨਮ, ਤਰਤੀਬਵਾਰ, ਸੰਨ 1686 ਈਸਵੀ, 1690 ਈਸਵੀ , 1696 ਈਸਵੀ ਤੇ 1699 ਈਸਵੀ ਵਿਚ ਹੋਏ।

ਨੈਣਾਂ ਦੇਵੀ ਦੇ ਟਿੱਲੇ ਉਤੇ ਇਕ ਵੱਡਾ ਕੁੰਡ ਖੋਦ ਕੇ ਉਸ ਵਿਚ ਲੱਗਭਗ ਇਕ ਵਰ੍ਹਾ ਯੱਗ ਹੋਮ ਦੀ ਸਾਮੱਗਰੀ ਬਾਲੀ ਜਾਂਦੀ ਰਹੀ। ਪੰਡਤ ਜੀ ਨੇ ਵੀ ਬੜੇ ਜਪ ਤਪ ਤੇ ਹੋਰ ਸਾਧਨ ਕੀਤੇ, ਪਰ ਦੇਵੀ ਪਰਗਟ ਨਾ ਹੋਈ। ਇਹ ਵੇਖ ਕੇ ਸਤਿਗੁਰੂ ਆਪ ਟਿੱਲੇ ਉਤੇ ਗਏ ਤੇ ਬ੍ਰਾਹਮਣ ਤੋਂ ਇਸ ਦਾ ਕਾਰਣ ਪੁੱਛਿਆ। ਬ੍ਰਾਹਮਣ ਨੇ ਡਰਦਿਆਂ ਡਰਦਿਆਂ ਉੱਤਰ ਦਿਤਾ, "ਮੈਨੂੰ ਸੁਪਨੇ ਵਿਚ ਦੇਵੀ ਪਰਗਟ ਹੋਈ ਹੈ ਤੇ ਉਸਨੇ ਇਕ ਮਹਾਂਪੁਰਖ ਦਾ ਸਿਰ ਮੰਗਿਆ ਹੈ! ਜੇ ਕੋਈ ਸੱਚਾ ਸੁੱਚਾ ਤੇ ਦੈਵੀ ਮਨੁੱਖ ਆਪਣੀ ਬਲੀ ਦੇਵੇ, ਤਾਂ ਦੇਵੀ ਜ਼ਰੂਰ ਪਰਗਟ ਹੋਵੇਗੀ।"

ਸਤਿਗੁਰੂ ਉਸ ਦੀ ਚਾਲ ਨੂੰ ਭਾਂਪ ਗਏ ਤੇ ਬੋਲੇ, "ਮਹਾਰਾਜ, ਤੁਹਾਡੇ ਤੋਂ ਵਧੀਕ ਪਵਿੱਤਰ ਤੇ ਗਿਆਨਵਾਨ ਪੁਰਸ਼ ਹੋਰ ਕਿੱਥੇ ਮਿਲੇਗਾ? ਕਿਉਂ ਨਾ ਤੁਸੀਂ ਹੀ ਆਪਣੀ ਬਲੀ ਭੇਟਾ ਕਰੋ! ਦੇਵੀ ਦੇ ਵਰਦਾਨ ਨਾਲ ਤੁਹਾਡੀ ਸਾਰੀ ਜਾਤੀ ਦਾ ਕਲਿਆਣ ਹੋਵੇਗਾ, ਤੇ ਮੈਂ ਉਸ ਦੇ ਸਨੇਮੁਖ ਦਰਸ਼ਨ ਕਰ ਸਕਾਂਗਾ।"

ਪੰਡਤ ਨੂੰ ਆਸ ਨਹੀਂ ਸੀ ਕਿ ਉਸਨੂੰ ਅਜੇਹਾ ਉੱਤਰ ਦਿਤਾ ਜਾਵੇਗਾ। ਉਸਨੇ ਕਿਹਾ, "ਮੈਨੂੰ ਅੱਜ ਦੀ ਰਾਤ ਸੋਚਣ ਦਾ ਮੌਕਾ ਦਿਓ!" ਪਰ ਉਹ ਰਾਤ ਦੇ ਹਨੇਰੇ ਵਿਚ ਹਵਨ-ਕੁੰਡ ਨੂੰ ਛੱਡ ਕੇ ਭੱਜ ਗਿਆ।

ਸਤਿਗੁਰਾਂ ਨੇ ਰਹਿੰਦੀ ਸਾਰੀ ਸਾਮੱਗਰੀ ਕੁੰਡ ਵਿਚ ਉਲਟ ਦਿਤੀ ਜਿਸ ਤੋਂ ਬਹੁਤ ਜਵਾਲਾ ਪ੍ਰਚੰਡ ਹੋਈ। ਇਸ ਨੂੰ ਆਸ ਪਾਸ ਦੇ ਲੋਕਾਂ ਨੇ ਦੂਰ ਦੂਰ ਤੋਂ ਵੇਖਿਆ ਤੇ ਉਨ੍ਹਾਂ ਦੇ ਮਨ ਵਿਚ ਇਹ ਗੱਲ ਪੱਕੀ ਬੈਠ ਗਈ ਕਿ ਗੁਰੂ ਨੂੰ ਦੇਵੀ ਪਰਗਟ ਹੋ ਕੇ ਵਰਦਾਨ ਦੇ ਗਈ ਹੈ।

ਸਤਿਗੁਰਾਂ ਨੇ ਆਪਣੀ ਤਲਵਾਰ ਮਿਆਨ ਵਿਚੋਂ ਬਾਹਰ ਧੂਅ ਲਈ ਤੇ ਟਿੱਲੇ ਉਤੋਂ ਨੰਗੇ ਪੈਰੀਂ ਆਪਣੇ ਦਰਬਾਰ ਨੂੰ ਚਲ ਪਏ। "ਇਹ ਹੈ ਵਰ ਜੋ ਮੈਨੂੰ ਚੰਡੀ ਨੇ ਬਖ਼ਸ਼ਿਆ ਹੈ – ਇਹੀ ਹੈ ਚੰਡਿਕਾ, ਭਵਾਨੀ, ਦੁਰਗਾ ਅਤੇ ਕਾਲੀ। ਇਹੀ ਦੁਸ਼ਟਾਂ ਦਾ ਨਾਸ ਕਰਦੀ ਤੇ ਸੰਤਾਂ ਦੀ ਸਹਾਇਤਾ ਲਈ ਸਦਾ ਤਤਪਰ ਰਹਿੰਦੀ ਹੈ।"

ਇਸ ਤੋਂ ਪਿਛੋਂ ਸਤਿਗੁਰਾਂ ਨੇ ਇਕ ਵੱਡਾ ਯੱਗ ਕੀਤਾ। ਯੱਗ ਦਾ ਸੁਣ ਕੇ ਕੇਸ਼ੋ ਦਾਸ ਵੀ ਮੁੜ ਆਇਆ ਤੇ ਕਿੰਨੇ ਹੀ ਹੋਰ ਬ੍ਰਾਹਮਣ ਵੀ। ਪਰ ਸਤਿਗੁਰਾਂ ਨੇ ਬ੍ਰਾਹਮਣਾਂ ਨੂੰ ਪਹਿਲਾਂ ਭੋਜਨ ਦੇਣ ਦੀ ਥਾਂ ਸੰਗਤ ਵਿਚ ਬਹਿ ਕੇ ਸਭ ਦੇ ਨਾਲ ਮਿਲ ਕੇ ਖਾਣ ਦਾ ਆਦੇਸ਼ ਦਿਤਾ। ਸਤਿਗੁਰਾਂ ਨੇ ਲਿਖਿਆ ਹੈ ਕਿ ਇਹ ਸੁਣ ਕੇ ਪੰਡਤ ਕੇਸ਼ੋ ਦਾਸ ਬਹੁਤ ਸਟਪਟਾਇਆ ਅਤੇ ਰੋਣ ਲੱਗਾ ਕਿ ਗੁਰਾਂ ਨੇ ਸਦੀਆਂ ਦੀ ਇਕ ਰੀਤ ਤੋੜ ਕੇ ਸਭ ਨੂੰ ਇਕ-ਸਮਾਨ ਕਰ ਦਿਤਾ ਹੈ ਤੇ ਬ੍ਰਾਹਮਣਾਂ ਦੀ ਥਾਂ ਸੇਵਾ ਤੇ ਦਾਨ ਦਾ ਪਾਤਰ ਸਾਰੀ ਜਾਤੀ ਨੂੰ ਬਣਾ ਦਿਤਾ ਹੈ ਤੇ ਆਖਿਆ ਹੈ, "ਸੇਵ ਕਰੀ ਇਨਹੀ ਕੀ ਮਨ ਭਾਵਤ, ਔਰ ਕੀ ਸੇਵ ਸੁਹਾਤ ਨਾ ਜੀ ਕੋ।" ਬ੍ਰਾਹਮਣਾਂ ਦੇ ਇਸ ਰੁਦਨ ਉਤੇ ਸਤਿਗੁਰਾਂ ਨੇ ਸਮੂਹ ਸਿੱਖਾਂ ਦੀ ਮਹਿਮਾ ਵਿਚ ਇਹ ਬਚਨ ਉਚਾਰੇ :

"ਜੁੱਧ ਜਿਤੇ ਇਨਹੀ ਕੇ ਪ੍ਰਸਾਦਿ,
ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ।
ਅਘ ਓਘ ਟਰੇ ਇਨਹੀ ਕੇ ਪ੍ਰਸਾਦਿ,
ਇਨਹੀ ਕੀ ਕ੍ਰਿਪਾ ਫੁਨ ਧਾਮਿ ਭਰੇ।
ਇਨਹੀ ਕੇ ਪ੍ਰਸਾਦਿ ਸੁ ਵਿਦਿਆ ਲਈ,
ਇਨਹੀ ਕੀ ਕ੍ਰਿਪਾ ਸਭ ਸ਼ਤਰੂ ਮਰੇ।
ਇਨਹੀ ਕੀ ਕ੍ਰਿਪਾ ਸੇ ਸਜੇ ਹਮ ਹੈਂ,
ਨ ਮੋ ਸੇ ਗਰੀਬ ਕਰੋਰ ਪਰੇ।"

ਸੰਸਾਰ ਦੇ ਧਾਰਮਕ ਇਤਿਹਾਸ ਵਿਚ ਕਿਸੇ ਗੁਰੂ ਦਾ ਆਪਣੇ ਸੇਵਕਾਂ ਸੰਬੰਧੀ ਇਵੇਂ ਕਹਿਣਾ, ਤੇ ਨਾਲ ਹੀ ਅਮਲ ਕਰਨਾ, ਗੁਰੂ ਗੋਬਿੰਦ ਸਿੰਘ ਦੀ ਵਿਸ਼ੇਸ਼ ਵਡਿਆਈ ਹੈ।

ਕਾਂਡ 4

"ਵਾਹੁ ਵਾਹੁ ਗੋਬਿੰਦ ਸਿੰਘ
ਆਪੇ ਗੁਰ ਚੇਲਾ।"

- ਭਾਈ ਗੁਰਦਾਸ ਸਿੰਘ

ਵਿਸਾਖੀ 1699 ਦਾ ਤਿਉਹਾਰ ਸੀ। ਦੂਰ ਦੂਰ ਤੋਂ ਸਿਖ ਸੇਵਕ ਸਤਿਗੁਰੂ ਦੇ ਦਰਸ਼ਨਾਂ ਨੂੰ ਆਨੰਦਪੁਰ ਵਿਚ ਪੁਜੇ ਹੋਏ ਸਨ। ਗੁਰੂ ਗੋਬਿੰਦ ਸਿੰਘ ਸੁਆਮੀ ਢੇਰ ਚਿਰ ਤੋਂ ਸੋਚ-ਮਗਨ ਸਨ ਕਿ ਕਿਵੇਂ ਉਸ ਪੰਥ ਨੂੰ ਉਜਾਗਰ ਕੀਤਾ ਜਾਵੇ, ਜਿਸ ਲਈ ਪਰਮੇਸ਼ੂਰ ਨੇ ਉਨ੍ਹਾਂ ਦੀ ਸਾਜਣਾ ਸਾਜੀ ਸੀ। ਹੁਣ ਤੀਕ ਜੋ ਕੋਈ ਵੀ ਇਸ ਧਰਮ ਵਿਚ ਆਉਂਦਾ ਸੀ, ਹਿੰਦੂ ਜਾਂ ਮੁਸਲਮਾਨ, ਜੇ ਉਹ ਜਾਤ, ਧਰਮ ਦਾ ਭੇਦ ਛਡ ਕੇ, ਮਨ, ਬਾਣੀ ਤੇ ਕਰਮ ਨੂੰ ਸ਼ੁੱਧ ਰਖਣ ਦੀ ਪ੍ਰਤਿੱਗਿਆ ਕਰੇ, ਇੱਕ ਤੇ ਕੇਵਲ ਇੱਕ ਪ੍ਰਮੇਸ਼ੂਰ ਵਿਚ ਨਿਸਚਾ ਰਖੇ, ਵਹਿਮ, ਭਰਮ, ਕਰਮ-ਕਾਂਡ, ਜੰਤ੍ਰ ਮੰਤ੍ਰ ਤੰਤ੍ਰ ਵਿਚ ਵਿਸ਼ਵਾਸ ਨਾ ਰਖੇ ਤੇ ਆਪਣੇ ਰੁਤਬੇ ਜਾਂ ਜਨਮ ਦਾ ਅਭਿਮਾਨ ਤਿਆਗ ਕੇ ਇੱਕੋ ਪੰਗਤ ਵਿਚ ਬੈਠ ਕੇ ਖਾਵੇ ਤੇ ਇਵੇਂ ਹੀ ਜਨ-ਸਮੂਹ ਦੀ ਸੇਵਾ ਵੀ ਕਰੇ, ਤਾਂ ਉਹ ਸਿੱਖ ਸਮਾਜ ਦਾ ਅੰਗ ਬਣ ਸਕਦਾ ਸੀ। ਤਸੀਹੇ ਸਹਿ ਕੇ ਵੀ ਸ਼ਾਂਤਮਈ ਰਹਿਣਾ ਇਸ ਜਾਤੀ ਦਾ ਪ੍ਰਧਾਨ ਗੁਣ ਸੀ। ਗੁਰੂ ਅਰਜਨ ਦੇਵ ਨੇ ਇਵੇਂ ਹੀ ਕੀਤਾ ਵੀ ਸੀ। ਪਰ ਗੁਰੂ ਹਰਿਗੋਬਿੰਦ ਨੂੰ ਸ਼ਸਤ੍ਰਧਾਰੀ ਹੋਣਾ ਪਿਆ ਤੇ ਉਨ੍ਹਾਂ ਯੁੱਧ ਵੀ ਲੜੇ ਤੇ ਵਿਜੈ ਵੀ ਪ੍ਰਾਪਤ ਕੀਤੀ। ਗੁਰੂ ਹਰਿ ਰਾਏ ਨੇ 2200 ਸਵਾਰ ਸਦਾ ਆਪਣੇ ਨਾਲ ਰਖੇ, ਪਰ ਘੋਲ ਕਦੀ ਨਹੀਂ ਕੀਤਾ ਤੇ ਮਨ ਦੇ ਐਨੇ ਕੋਮਲ ਰਹੇ ਕਿ ਇਕ ਵੇਰ ਬੇਧਿਆਨੀ ਨਾਲ ਉਨ੍ਹਾਂ ਦੇ ਲੰਮੇ ਜਾਮੇ ਦੀ ਝੋਲ ਨੇ ਇਕ ਨਵੇਂ ਖਿੜੇ ਗੁਲਾਬ ਦੇ ਫੁੱਲ ਨੂੰ ਤੋੜ ਦਿਤਾ, ਤਾਂ ਐਨੇ ਵੈਰਾਗ ਵਿਚ ਆਏ ਕਿ ਸਾਰੀ ਆਯੂ ਜਾਮਾ ਸਮੇਟ ਕੇ ਚਲਦੇ ਰਹੇ। ਅੱਠਵੇਂ ਗੁਰੂ ਹਰਿਕ੍ਰਿਸ਼ਨ ਜੀ ਤਾਂ ਅੱਠ ਵਰ੍ਹੇ ਦੀ ਆਯੂ ਵਿਚ ਹੀ ਜੋਤੀ ਜੋਤ ਸਮਾ ਗਏ ਸਨ। ਨਾਵੇਂ ਸਤਿਗੁਰੂ ਦੀ ਸ਼ਹਾਦਤ ਵੀ ਪੂਰਣ ਸ਼ਾਂਤਮਈ ਢੰਗ ਨਾਲ ਹੋਈ, ਪਰ ਉਸ ਦੇ ਫਲਸਰੂਪ ਕਿਤੇ ਕੋਈ ਪੌਣ ਨਾ ਸਰਕੀ, ਕਿਸੇ ਕ੍ਰਾਂਤੀ ਨੇ ਸਿਰ ਉੱਚਾ ਨਾ ਕੀਤਾ। ਗੁਰੂ ਗੋਬਿੰਦ ਸਿੰਘ ਨੇ ਆਪ ਵੇਖ ਲਿਆ ਸੀ ਕਿ ਜਿਸ ਹਿੰਦੂ ਜਾਤੀ ਦੀ ਰੱਖਿਆ ਲਈ ਉਨ੍ਹਾਂ ਤਲਵਾਰ ਚੁੱਕੀ ਹੈ, ਉਸੇ ਜਾਤੀ ਦੇ ਪਹਾੜੀ ਰਾਜੇ ਉਨ੍ਹਾਂ ਨਾਲ ਵੈਰ ਕਮਾਉਣ ਲਈ ਮੁਗਲ

ਸ਼ਹਿਨਸ਼ਾਹ ਨਾਲ ਜਾ ਰਲਣ ਤੋਂ ਵੀ ਸੰਕੋਚ ਨਹੀਂ ਕਰਦੇ। ਗੁਰੂ ਗੋਬਿੰਦ ਸਿੰਘ ਕਿਸੇ ਸਲਤਨਤ ਲਈ ਨਹੀਂ ਸਨ ਲੜ ਰਹੇ, ਨਾ ਹੀ ਕਿਸੇ ਧਰਮ ਦੇ ਉਹ ਐਸੇ ਵਿਰੋਧੀ ਸਨ ਕਿ ਉਸਨੂੰ ਮਾਰ ਮੁਕਾਣਾ ਲੋਚਦੇ ਸਨ, ਤਾਂ ਵੀ ਉਨ੍ਹਾਂ ਨੂੰ ਆਪਣਾ ਧਰਮ ਨਿਬਾਹੁਣ ਲਈ ਵੀ ਮੌਕਾ ਨਹੀਂ ਸੀ ਦਿਤਾ ਜਾਂਦਾ।

ਸਤਿਗੁਰਾਂ ਨੇ ਇਹ ਸੋਚ ਕੇ ਇਕ ਐਸੇ ਪੰਥ ਦਾ ਨਿਰਮਾਣ ਕਰਨਾ ਚਾਹਿਆ, ਜਿਸ ਦਾ ਆਦਰਸ਼ ਧਰਮ-ਰੱਖਿਆ ਲਈ ਬਲੀਦਾਨ ਦੇਣਾ ਹੋਵੇ। ਅਤੇ ਜੋ ਕਿਸੇ ਤਰ੍ਹਾਂ ਦੀ ਗ਼ੁਲਾਮੀ - ਰਾਜਸੀ, ਆਰਥਕ ਜਾਂ ਸਮਾਜਕ - ਪਰਵਾਨ ਨਾ ਕਰੇ। ਜੋ ਸ਼ਸਤ੍ਰਾਂ ਤੋਂ ਸੰਕੋਚ ਨਾ ਕਰੇ, ਪਰ ਸ਼ਸਤ੍ਰਾਂ ਨੂੰ ਵਰਤਦਾ ਹੋਇਆ ਵੀ ਪਰਮੇਸ਼ੁਰ ਨੂੰ ਸਦੀਵ ਕਾਲ ਲਈ ਚੇਤੇ ਰਖੇ, ਤੇ ਜੋ ਕਰੇ ਉਸ ਦੀ ਆਗਿਆ ਦੇ ਅਧੀਨ ਹੋ ਕੇ ਤੇ ਉਸੇ ਦੇ ਨਮਿਤ ਕਰੇ।

ਡਾਕਟਰ ਸਰ ਗੋਕਲ ਚੰਦ ਨਾਰੰਗ ਨੇ ਲਿਖਿਆ ਹੈ : ''ਇਸ ਸਮੇਂ ਦੇ ਹਿੰਦੂ ਬਿਰਤੀ ਦੇ ਨਿਤਾਣੇ, ਨਿੱਕੀਆਂ-ਨਿੱਕੀਆਂ ਲੋੜਾਂ ਪੂਰੀਆਂ ਹੋਣ ਤੇ ਸੰਤੁਸ਼ਟ, ਨਿੱਕੇ ਨਿੱਕੇ ਆਦਰਸ਼ਾਂ ਨਾਲ ਹੀ ਪ੍ਰੇਰਿਤ, ਸਰੀਰ ਦੇ ਨਿਰਬਲ, ਡਰੇ ਸਹਿਮੇ ਹੋਏ ਤੇ ਦਿਲੋਂ ਹਾਰੇ ਹੋਏ ਸਨ, ਭਾਵੇਂ ਉਨ੍ਹਾਂ ਦੀ ਆਪਣੇ ਧਰਮ ਲਈ ਸ਼ਰਧਾ ਅਮੁਕ ਸੀ। ਗੁਰੂ ਗੋਬਿੰਦ ਸਿੰਘ ਨੇ ਕੌਮੀਅਤ (ਰਾਸ਼ਟ੍ਰੀਅਤਾ) ਨੂੰ ਹੀ ਉਨ੍ਹਾਂ ਦਾ ਧਰਮ ਬਣਾ ਦਿਤਾ।''

ਕਈ ਇਕ ਘਟਨਾਵਾਂ ਗੁਰੂ ਸਾਹਿਬ ਦੇ ਆਪਣੇ ਜੀਵਨ ਵਿਚ ਵੀ ਅਜੇਹੀਆਂ ਹੋਈਆਂ ਸਨ, ਜਿਨ੍ਹਾਂ ਤੋਂ ਉਨ੍ਹਾਂ ਦਾ ਮਨ ਇਸ ਸੰਬੰਧੀ ਹੋਰ ਵੀ ਪੱਕਾ ਹੋ ਗਿਆ ਸੀ। ਮਿਸਾਲ ਲਈ, ਜਦ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਹੋਈ, ਤਾਂ ਉਨ੍ਹਾਂ ਦਾ ਮਿਰਤਕ ਸਰੀਰ ਚਾਂਦਨੀ ਚੌਂਕ ਦੇ ਭਰੇ ਬਜ਼ਾਰ ਵਿਚ ਪਿਆ ਰਿਹਾ, ਪਰ ਕਿਸੇ ਸਿੱਖ ਦੀ ਵੀ ਇਹ ਹਿੰਮਤ ਨਾ ਪਈ ਕਿ ਉਸਨੂੰ ਉਥੋਂ ਚੁੱਕ ਸਕੇ। ਕਹਿਰ ਦੀ ਹਨੇਰੀ ਵਗਣ ਤੇ ਦੋ ਨੀਵੀਆਂ ਜਾਤੀਆਂ ਦੇ ਸਿੱਖ ਚੋਰੀ ਛਿਪੇ ਇਸ ਸਰੀਰ ਨੂੰ ਲੁਕਾ ਕੇ ਲੈ ਗਏ। ਫੇਰ, ਇੱਕ ਹਿੰਦੂ ਰਾਜਾ ਦੂਜੇ ਨਾਲ ਸੰਗਰਾਮ ਵਿਚ ਜੁਟਿਆ ਖੜੋਤਾ ਸੀ, ਤੇ ਉਸ ਦੇ ਵਿਰੁਧ ਮੁਗਲ ਸਾਮਰਾਜ ਤੋਂ ਸਹਾਇਤਾ ਲੈਣ ਤੋਂ ਵੀ ਸੰਕੋਚ ਨਹੀਂ ਸੀ ਕਰਦਾ। ਜਾਤੀ-ਭੇਦ ਨੇ ਹਿੰਦੂ ਸਮਾਜ ਨੂੰ ਇਸ ਹੱਦ ਤੀਕ ਵੰਡ ਰਖਿਆ ਸੀ ਕਿ ਜਦ ਸਤਿਗੁਰਾਂ ਨੇ ਕੁਝ ਸਿੱਖਾਂ ਨੂੰ ਸੰਸਕ੍ਰਿਤ ਪੜ੍ਹਨ ਲਈ ਬ੍ਰਾਹਮਣਾਂ ਪਾਸ ਭੇਜਿਆ ਤਾਂ ਉਨ੍ਹਾਂ ਇਹ ''ਦੇਵ-ਬੋਲੀ'' ਪੜ੍ਹਾਣ ਤੋਂ ਇਸ ਲਈ ਇਨਕਾਰ ਕਰ ਦਿਤਾ ਕਿ ਉਹ ਸ਼ੂਦਰ ਸਨ।[1] ਲੜਕੀਆਂ ਨੂੰ ਜਨਮ ਉਤੇ ਹੀ ਮਾਰ ਦਿਤਾ ਜਾਂਦਾ ਸੀ ਤੇ ਇਸਤ੍ਰੀ ਜਾਤੀ ਦੀ ਦੁਰਦਸ਼ਾ ਸ਼ੂਦਰ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਸੀ। ਉਸ ਦੇ ਹੱਕ ਕੋਈ ਨਹੀਂ ਸਨ, ਕੇਵਲ ਫ਼ਰਜ਼ ਹੀ ਸਨ। ਭਾਵੇਂ ਸਿੱਖ ਆਤਮਕ

---

1. ਫਿਰ ਵੀ ਸਤਿਗੁਰਾਂ ਨੇ ਪੰਜਾਂ ਸਿੱਖਾਂ ਨੂੰ ਕਾਸ਼ੀ ਜਾ ਕੇ ਸੰਸਕ੍ਰਿਤ ਤੇ ਹਿੰਦੂ ਧਰਮ ਗ੍ਰੰਥਾਂ ਦੇ ਪੜ੍ਹਨ ਲਈ ਭੇਜਿਆ, ਜਿਨ੍ਹਾਂ ਦੇ ਨਿਰਮਲ ਚਲਨ ਤੇ ਬਸਤਰਾਂ ਕਾਰਣ ਉਨ੍ਹਾਂ ਦਾ ਨਾਮ ਨਿਰਮਲੇ ਪਿਆ। ਇਨ੍ਹਾਂ ਸਿੱਖ ਮਤ ਦੀ ਬਹੁਤ ਉੱਤਮ ਸੇਵਾ ਕੀਤੀ ਹੈ।

ਪੱਧਰ ਉਤੇ ਸਤਿਗੁਰੂ ਦੇ ਹਰ ਹੁਕਮ ਦੀ ਪਾਲਣਾ ਕਰਦੇ ਤੇ ਕੌਮੀ ਸੇਵਾ ਲਈ ਪਰਉਪਕਾਰ ਵੀ ਰਜ ਕੇ ਕਰਦੇ ਸਨ, ਪਰ ਉਹ ਅਜੇ ਕੋਈ ਰਾਜਸੀ ਤਾਕਤ ਨਹੀਂ ਸਨ ਬਣੇ। ਗੁਰੂ ਗੋਬਿੰਦ ਸਿੰਘ ਹੁਣ ਉਨ੍ਹਾਂ ਨੂੰ ਕਿਸੇ ਅਜੇਹੀ ਸ਼ਕਤੀ ਵਿਚ ਬਦਲ ਦੇਣਾ ਚਾਹੁੰਦੇ ਸਨ, ਜੋ ਨਾ ਕੇਵਲ ਆਤਮਕ ਤੇ ਸਮਾਜਕ ਅਜ਼ਾਦੀ ਦੇ ਸੰਗਰਾਮ ਦੀ ਮੋਹਰੀ ਹੋਵੇ, ਸਗੋਂ ਰਾਜਸੀ ਤੇ ਆਰਥਕ ਸੁਤੰਤਰਤਾ ਦੀ ਵੀ। ਤੇ ਜਿਸ ਵਿਚ ਹਰ ਵਿਅੱਕਤੀ ਕੇਵਲ ਸੁਤੰਤਰ ਹੀ ਨਾ ਹੋਵੇ, ਸਗੋਂ ਇਕ-ਸਮਾਨ ਵੀ ਹੋਵੇ!

ਕੀ ਸਿੱਖ ਸਮਾਜ ਇਸ ਅਗਨੀ-ਪ੍ਰੀਖਿਆ ਵਿਚੋਂ ਲੰਘਣ ਲਈ ਤਿਆਰ ਹੋ ਚੁੱਕਾ ਸੀ? ਸਤਿਗੁਰਾਂ ਨੇ ਇਸ ਨੂੰ ਪਰਖਣਾ ਚਾਹਿਆ। ਵਿਸਾਖੀ ਦੇ ਭਰੇ ਦਰਬਾਰ ਵਿਚ ਅਚਾਨਕ ਉਹ ਬਿਜਲੀ ਵਾਂਗ ਚਮਕਦੀ ਨੰਗੀ ਤਲਵਾਰ ਲੈ ਕੇ ਖੜੇ ਹੋ ਗਏ ਤੇ ਸਿੰਘ ਗਰਜਨਾ ਨਾਲ ਬੋਲੇ, "ਕੋਈ ਹੈ ਜੋ ਮੈਨੂੰ ਆਪਣਾ ਸੀਸ ਭੇਟ ਕਰੇ! ਮੇਰੀ ਭਗੌਤੀ ਅਜ ਸਿਰ ਦੀ ਤਲਬਗਾਰ ਹੈ, ਖ਼ੂਨ ਦੀ ਪਿਆਸੀ ਹੈ!"

ਸਭ ਪਾਸੇ ਕਹਿਰ ਦਾ ਸੰਨਾਟਾ ਛਾ ਗਿਆ। ਕਿਸੇ ਨੂੰ ਨਹੀਂ ਸੀ ਸੁੱਝਦਾ, ਸਤਿਗੁਰੂ ਇਹ ਕੀ ਕੌਤਕ ਵਰਤਾ ਰਹੇ ਹਨ? ਕਿਸੇ ਗੁਰੂ ਨੇ ਵੀ ਅਗੇ ਇਹੋ ਜਹੀ ਪ੍ਰੀਖਿਆ ਸਿੱਖਾਂ ਦੀ ਨਹੀਂ ਸੀ ਲਈ। ਸੰਗਤਾਂ ਵਿਚੋਂ ਕੋਈ ਵੀ ਨਾ ਉਠਿਆ। ਸਤਿਗੁਰਾਂ ਨੇ ਦੂਜੀ ਵੇਰ ਵੰਗਾਰ ਪਾਈ : "ਕੀ ਇਸ ਭੀੜ ਵਿਚ ਇਕ ਵੀ ਅਜੇਹਾ ਮੇਰਾ ਸ਼ਰਧਾਲੂ ਨਹੀਂ, ਜੋ ਆਖੇ ਮੈਂ ਸੀਸ ਤੇਰੀ ਭੇਟ ਕੀਤਾ। ਤੁਸੀਂ ਤਾਂ ਹਰ ਵੇਲੇ ਕੂਕਦੇ ਹੋ - "ਜੋ ਤਉ ਪ੍ਰੇਮ ਖੇਲਨ ਕਾ ਚਾਉ, ਸਿਰ ਧਰ ਤਲੀ ਗਲੀ ਮੋਰੀ ਆਉ।" ਹੁਣ ਹੋਰ ਵੀ ਚੁੱਪ ਵਰਤ ਗਈ, ਪਰ ਜਦ ਤੀਜੀ ਵੇਰ ਸਤਿਗੁਰਾਂ ਨੇ ਉਹ ਫ਼ਰਮਾਇਸ਼ ਕੀਤੀ ਤਾਂ ਲਾਹੌਰ ਦਾ ਇਕ ਖੱਤਰੀ, ਦਯਾ ਰਾਮ, ਸਿਰ ਝੁਕਾਈ, ਹੱਥ ਜੋੜ, ਨੈਣ ਅੱਧ ਮੀਟੇ, ਹੌਲੀ ਹੌਲੀ ਅੱਗੇ ਵਧਿਆ ਤੇ ਅਤਿ ਨਿਮਰਤਾ ਨਾਲ ਬੋਲਿਆ, "ਹੇ ਸ਼ਾਹਾਂ ਦੇ ਸ਼ਾਹ, ਮੈਂ ਆਪਣਾ ਸਿਰ ਤੇਰੀ ਭੇਟ ਕਰਦਾ ਹਾਂ। ਜੇ ਇਹ ਤੇਰੇ ਕਿਸੇ ਕੰਮ ਆ ਸਕੇ ਤਾਂ ਮੈਂ ਆਪਣੇ ਧੰਨ ਭਾਗ ਸਮਝਾਂਗਾ। ਇਹੀ ਮੇਰੇ ਲਈ ਮੁਕਤੀ ਦਾ ਦੀਦਾਰ ਹੋਵੇਗਾ।"

ਸਤਿਗੁਰੂ ਉਸਨੂੰ ਨਾਲ ਦੇ ਇਕ ਤੰਬੂ ਵਿਚ ਲੈ ਗਏ। ਅੰਦਰੋਂ ਤਲਵਾਰ ਦੇ ਝਟਕਣ ਦੀ ਕਰੂਰ ਆਵਾਜ਼ ਆਈ ਤੇ ਲਹੂ ਨਾਲ ਨੁਚੜਦੀ "ਸ੍ਰੀ ਸਾਹਿਬ" ਲੈ ਕੇ ਸਤਿਗੁਰੂ ਫਿਰ ਦਰਬਾਰ ਵਿਚ ਆ ਪਧਾਰੇ। "ਇਕ ਸਿਰ ਦੀ ਮੈਨੂੰ ਹੋਰ ਲੋੜ ਹੈ," ਉਨ੍ਹਾਂ ਭਿਆਨਕ ਅਵਾਜ਼ ਵਿਚ ਗਰਜਿਆ। ਅੱਖਾਂ ਉਨ੍ਹਾਂ ਦੀਆਂ, ਜਿਨ੍ਹਾਂ ਵਿਚੋਂ ਸਦਾ ਅੰਮ੍ਰਿਤ ਝਰਦਾ ਸੀ, ਅੱਜ ਰਤੀਆਂ ਸੂਹੀਆਂ ਭੱਖ ਰਹੀਆਂ ਸਨ। ਹੁਣ ਤਾਂ ਲੋਕਾਂ ਦੀ ਡਰ ਤੇ ਤ੍ਰਾਸ ਨਾਲ ਜਿਵੇਂ ਜਾਨ ਹੀ ਖੁਸ਼ਕ ਹੋ ਰਹੀ ਸੀ। ਕਈ ਦੌੜੇ ਤੇ ਉਨ੍ਹਾਂ ਦੀ ਮਾਤਾ ਪਾਸ ਪੁਜੇ ਤੇ ਤਰਲਾ ਕੀਤਾ, "ਆਪਣੇ ਗੁਰੂ-ਪੁੱਤਰ ਨੂੰ ਸਮਝਾਓ, ਉਹ ਕੀ ਕੌਤਕ ਵਰਤਾ ਰਹੇ ਹਨ! ਕੀ ਸਿੱਖਾਂ ਦੀ ਅਟੁੱਟ ਸ਼ਰਧਾ ਦਾ ਉਨ੍ਹਾਂ ਨੂੰ ਇਹ ਮੁੱਲ ਮਿਲੇਗਾ?" ਮਾਤਾ ਜੀ ਨੇ ਆ ਕੇ ਸਮਝਾਇਆ ਬੁਝਾਇਆ, ਪਰ ਸਤਿਗੁਰਾਂ ਨੇ ਇੱਕ ਨਾ ਸੁਣੀ, ਸਗੋਂ ਹੋਰ ਵੀ ਗਰਜ ਕੇ ਬੋਲੇ, "ਧਰਮ ਬਿਨਾਂ

ਬਲੀਦਾਨ ਦੇ ਬਚ ਨਹੀਂ ਸਕਦਾ। ਜੋ ਧਰਮ ਦਾ ਵਿਸ਼ਵਾਸੀ ਹੈ, ਉਹ ਆਪਣਾ ਜੀਵਨ ਮੈਨੂੰ ਭੇਟਾ ਕਰੇ।''

ਇਸ ਵੰਗਾਰ ਉਤੇ ਇਕ ਹੋਰ ਸਿੱਖ, ਧਰਮ ਦਾਸ ਦਿੱਲੀ ਦਾ ਵਾਸੀ ਅਗੇ ਵਧਿਆ ਤੇ ਆਪਣਾ ਸਿਰ ਗੁਰੂ-ਚਰਨਾਂ ਵਿਚ ਰਖ ਕੇ ਬੋਲਿਆ, ''ਮੇਰੇ ਪਾਸ ਜੋ ਹੈ, ਉਹ ਤੇਰਾ ਹੈ। ਤੇਰਾ ਤੇਰੀ ਭੇਟ ਕਰਦਿਆਂ ਮੈਨੂੰ ਫ਼ਿਕਰ ਕਾਹਦਾ?'' ਸਤਿਗੁਰੂ ਉਸਨੂੰ ਅਗੇ ਵਾਂਗ ਹੀ ਤੰਬੂ ਵਿਚ ਲੈ ਗਏ। ਤਲਵਾਰ ਮੁੜ ਸ਼ੂਕੀ ਤੇ ਸਤਿਗੁਰੂ ਲਹੂ-ਚੋਂਦੀ ਚੰਡੀ ਨੂੰ ਲੈ ਕੇ ਬਾਹਰ ਆਏ। ਹੁਣ ਤਾਂ ਦਰਬਾਰ ਵਿਚ ਭਾਜੜ ਪੈ ਗਈ। ਪਰ ਸਤਿਗੁਰੂ ਨੇ ਜਦ ਮੁੜ ਓਹੀ ਬਚਨ ਦੁਹਰਾਏ ਤਾਂ ਇੱਕ ਇੱਕ ਕਰ ਕੇ ਤਿੰਨ ਹੋਰ ਸਿੱਖਾਂ - ਮੁਹਕਮ ਚੰਦ ਦਵਾਰਕਾ ਨਗਰੀ ਦਾ, ਸਾਹਿਬ ਚੰਦ ਬਿਦਰ ਦਾ ਤੇ ਹਿੰਮਤ ਜਗਨਨਾਥ ਪੁਰੀ ਦਾ - ਨੇ ਆਪਣਾ ਸੀਸ ਗੁਰੂ ਦੇ ਹਵਾਲੇ ਕਰ ਦਿਤਾ। ਉਨ੍ਹਾਂ ਨੂੰ ਵੀ ਅੱਗੇ ਵਾਂਗ ਹੀ ਸਤਿਗੁਰੂ ਇੱਕ ਇੱਕ ਕਰ ਕੇ ਤੰਬੂ ਵਿਚ ਲੈ ਗਏ। ਜਦ ਪੰਜ ਸਿੱਖ ਇਵੇਂ ਬਲੀਦਾਨ ਲਈ ਆ ਚੁਕੇ ਤਾਂ ਸਤਿਗੁਰਾਂ ਨੇ ਆਪਣੀ ਤਲਵਾਰ ਮਿਆਨ ਵਿਚ ਪਾ ਲਈ ਤੇ ਸੰਤੁਸ਼ਟਤਾ ਨਾਲ ਬੋਲੇ, ''ਹੁਣ ਬਸ, ਪੰਜਾਂ ਨੇ ਹੀ ਆਪਣੀ ਆਹੂਤੀ ਦੇ ਕੇ ਅਜ ਸਾਬਤ ਕਰ ਵਿਖਾਇਆ ਹੈ ਕਿ ਇਹ ਜਾਤੀ ਅਜੇ ਜੀਊਣ ਦਾ ਦੰਮ ਰਖਦੀ ਹੈ।''

ਫਿਰ ਆਪ ਉਨ੍ਹਾਂ ਪੰਜਾਂ ਨੂੰ ਹੀ ਤੰਬੂ ਤੋਂ ਬਾਹਰ ਲੈ ਆਏ। ਇਕ ਅਲੌਕਿਕ ਉਨ੍ਹਾਂ ਦਾ ਦ੍ਰਿਸ਼ ਸੀ - ਸਿਰ ਉਤੇ ਕੇਸਰੀ ਦਸਤਾਰਾਂ, ਗਲ ਲੰਮਾ ਸੁਰਮਈ ਕੁੜਤਾ, ਉਪਰ ਕੇਸਰੀ ਕਮਰਕੱਸਾ ਕੀਤਾ ਹੋਇਆ, ਗਾਤਰੇ ਤਲਵਾਰ, ਤੇੜ ਕੱਛ, ਹੱਥ ਜੁੜੇ ਹੋਇ, ਨੈਣ ਭਗਤੀ-ਰਸ ਨਾਲ ਮੁਗਧ, ਜਦ ਉਹ ਦਗਦਗਾਂਦੇ ਚਿਹਰਿਆਂ ਨਾਲ ਸੰਗਤ ਦੇ ਸਾਹਮਣੇ ਆਏ ਤਾਂ ਸਾਰਾ ਦਰਬਾਰ ''ਸਤਿ ਸ੍ਰੀ ਅਕਾਲ'' ਦੇ ਜੈਕਾਰਿਆਂ ਨਾਲ ਗੂੰਜ ਉਠਿਆ।

ਹੁਣ ਸਤਿਗੁਰਾਂ ਨੇ ਲੋਹੇ ਦਾ ਇਕ ਬਾਟਾ ਮੰਗਵਾਇਆ। ਉਸ ਵਿਚਲੇ ਜਲ ਨੂੰ ਲੋਹੇ ਦੇ ਖੰਡੇ ਨਾਲ ਉਨ੍ਹਾਂ ਪੰਜਾਂ ਨੂੰ ਹੀ ਵਾਰੋ ਵਾਰੀ ਹਿਲਾਣ ਦਾ ਆਦੇਸ਼ ਦਿਤਾ ਜੋ ਇਸ ਦੇ ਦੁਆਲੇ ਚੌਕੜੀ ਮਾਰੀ ਬੈਠੇ ਸਨ। ਨਾਲ ਹੀ ਪੰਜ ਬਾਣੀਆਂ ਦਾ ਇੱਕ ਇੱਕ ਕਰ ਕੇ ਸਭ ਨੇ ਪਾਠ ਕੀਤਾ - ਜਪੁ, ਜਾਪ, ਦਸ ਸਵੈਯੇ, ਬੇਨਤੀ ਚੌਪਈ ਤੇ ਆਨੰਦ ਸਾਹਿਬ। ਅਜੇ ਇਹ ਅਲੋਕਾਰ ਕਾਰਜ ਸਮਾਪਤ ਨਹੀਂ ਸੀ ਹੋਇਆ ਕਿ ਗੁਰੂ ਸਾਹਿਬ ਦੀ ਧਰਮ ਪਤਨੀ, ਜੀਤੋ ਜੀ, ਝੋਲੀ ਵਿਚ ਪਤਾਸੇ ਪਾਈ ਬਾਰ ਵਿਚ ਆਣ ਪਹੁੰਚੀ। ਸਤਿਗੁਰਾਂ ਨੇ ਕਿਹਾ, ''ਬੜਾ ਹੀ ਸ਼ੁਭ ਲਛਣ ਹੈ, ਆਪ ਦਾ ਇਸ ਸਮੇਂ ਪਧਾਰਣਾ। ਪਤਾਸੇ ਇਸ ਜਲ ਵਿਚ ਘੋਲ ਦਿਓ। ਮੇਰਾ ਖ਼ਾਲਸਾ ਹੁਣ ਕੇਵਲ ਬੀਰ ਰਸ ਨਾਲ ਹੀ ਭਰਪੂਰ ਨਹੀਂ ਹੋਵੇਗਾ, ਸਗੋਂ ਸ਼ਾਂਤੀ, ਮਿਠਾਸ ਤੇ ਧੀਰਜ ਨਾਲ ਵੀ!''

ਅੰਮ੍ਰਿਤ ਤਿਆਰ ਹੋਇਆ ਤਾਂ ਸਤਿਗੁਰਾਂ ਨੇ ਉਸਨੂੰ ਇਨ੍ਹਾਂ ਪੰਜਾਂ ਦੀਆਂ ਹੀ ਅੱਖਾਂ ਵਿਚ ਛਿੜਕਿਆ, ਪਿੰਡੇ ਉਤੇ ਵੀ, ਸਿਰ ਉਤੇ ਵੀ। ਨਾਲ ਹੀ ''ਬੋਲ ਵਾਹਿਗੁਰੂ

ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤਹਿ'' ਉਚਾਰਣ ਕਰਦੇ ਤੇ ਹਰ ਇਕ ਤੋਂ ਇਵੇਂ ਹੀ ਉਸਦਾ ਉੱਤਰ ਮੰਗਦੇ ਰਹੇ।

ਜਿਉਂ ਹੀ ਇਹ ਕਾਰਜ ਸਮਾਪਤ ਹੋਇਆ, ਸਤਿਗੁਰੂ ਆਪ ਹੱਥ-ਬਧੀ ਆਪਣੇ ਪੰਜਾਂ ਪਿਆਰਿਆਂ ਅੱਗੇ ਖੜੇ ਹੋ ਗਏ ਤੇ ਬੇਨਤੀ ਕੀਤੀ, ''ਹੁਣ ਉਵੇਂ ਹੀ ਤੁਸੀਂ ਮੈਨੂੰ ਵੀ ਅੰਮ੍ਰਿਤ ਦੀ ਦਾਤ ਬਖਸ਼ੋ, ਜਿਵੇਂ ਮੈਂ ਤੁਹਾਨੂੰ ਦਿਤੀ ਹੈ।''

ਇਹ ਸੁਣ ਕੇ ਤਾਂ ਸਾਰੀ ਸੰਗਤ ਹੱਕੀ-ਬੱਕੀ ਰਹਿ ਗਈ। ਪੰਜ ਪਿਆਰਿਆਂ ਨੇ ਇਕ ਜ਼ਬਾਨ ਹੋ ਕੇ ਆਖਿਆ, ''ਹਜ਼ੂਰ ਸਾਡੇ ਸਤਿਗੁਰੂ ਤੇ ਦੋਹਾਂ ਜਹਾਨਾਂ ਦੇ ਮਾਲਕ ਹੋ! ਸਿੱਖ ਕਿਵੇਂ ਗੁਰੂ ਨੂੰ ਅੰਮ੍ਰਿਤ ਪ੍ਰਦਾਨ ਕਰ ਸਕਦਾ ਹੈ?'' ਸਤਿਗੁਰੂ ਬੋਲੇ, ''ਇਹ ਜੋ ਨਵਾਂ ਪੰਥ ਮੈਂ ਚਲਾਇਆ ਹੈ, ਇਸ ਵਿਚ ਨਾ ਕੋਈ ਨੀਵਾਂ ਹੋਵੇਗਾ, ਨਾ ਉੱਚਾ। ਇਸ ਵਿਚ ਦੀ ਸਮਾਨਤਾ ਨੂੰ ਪ੍ਰਗਟਾਣ ਲਈ ਹੀ ਮੈਂ ਆਪ ਤੋਂ ਅੰਮ੍ਰਿਤ ਦੀ ਦਾਤ ਮੰਗੀ ਹੈ!'' ਹੁਣ ਪੰਜਾਂ ਪਿਆਰਿਆਂ ਪਾਸ ਕੋਈ ਚਾਰਾ ਨਹੀਂ ਸੀ। ਉਨ੍ਹਾਂ ਸਤਿਗੁਰਾਂ ਦੀ ਦਸੀ ਵਿਧੀ ਅਨੁਸਾਰ ਅੰਮ੍ਰਿਤ ਛਕਾਇਆ। ਫਿਰ ਸਾਰਿਆਂ ਨੇ ਇੱਕੋ ਬਾਟੇ ਵਿਚੋਂ ਅੰਮ੍ਰਿਤ ਪਾਨ ਕੀਤਾ ਤੇ ਕੜਾਹ ਪ੍ਰਸ਼ਾਦ ਦੀ ਦੇਗ ਛਕੀ।

ਇਸ ਕੌਤਕ ਨੇ ਤਾਂ ਜਿਵੇਂ ਸਾਰੇ ਦਰਬਾਰ ਵਿਚ ਇਕ ਬਿਜਲੀ ਦੀ ਰੌਅ ਹੀ ਫੇਰ ਦਿਤੀ। ਹਜ਼ਾਰਾਂ ਨਰ-ਨਾਰੀਆਂ ਨੇ ਅੰਮ੍ਰਿਤ ਪਾਨ ਕੀਤਾ। ਇੱਕੋ ਸਾਤੇ ਵਿਚ ਲੱਗਭਗ ਅੱਸੀ ਹਜ਼ਾਰ ਪ੍ਰਾਣੀਆਂ ਨੇ ਆਪਣੀ ਮੰਗ ਉਤੇ ਇਵੇਂ ਆਪਣਾ ਪੁਨਰ-ਜਨਮ ਪਾਇਆ।[1] ਸਤਿਗੁਰਾਂ ਨੇ ਇਨ੍ਹਾਂ ਨੂੰ ''ਖਾਲਸਾ'' ਆਖਿਆ, ਅਥਵਾ ਅਕਾਲ ਪੁਰਖ ਦਾ ਵਿਸ਼ੇਸ਼ ਆਪਣਾ।[2]

ਸਤਿਗੁਰਾਂ ਨੇ ਇਸ ਤੋਂ ਪਿਛੋਂ ਉਨ੍ਹਾਂ ਨੂੰ ਇਵੇਂ ਉਪਦੇਸ਼ ਦਿਤਾ : ''ਅੱਜ ਤੋਂ ਤੁਸੀਂ ਜਾਤ, ਜਨਮ, ਰੰਗ, ਨਸਲ ਦੇ ਭੇਦ ਤੋਂ ਮੁਕਤ ਹੋ ਗਏ ਹੋ। ਹੁਣ ਤੁਸੀਂ ਕਿਸੇ ਤਰ੍ਹਾਂ ਦਾ ਕਰਮ-ਕਾਂਡ, ਧਾਰਮਕ ਪਾਖੰਡ, ਵਹਿਮ, ਜੋਤਸ਼, ਜੰਤ੍ਰ ਮੰਤ੍ਰ ਤੰਤ੍ਰ ਵਿਚ ਵਿਸ਼ਵਾਸ ਨਹੀਂ ਰਖੋਗੇ। ਇਕ ਅਕਾਲ ਪੁਰਖ ਦੀ ਹੀ ਨਿਰੰਤਰ ਅਰਾਧਨਾ ਕਰੋਗੇ ਜੋ ਸਭ ਦਾ ਰਖਿਅਕ ਤੇ ਵਿਨਾਸ਼ ਕਰਨ ਵਾਲਾ ਹੈ। ਕੋਈ ਹੁਣ ਤੁਹਾਡੇ ਲਈ ਨਾ ਨੀਚ ਹੋਵੇਗਾ, ਨਾ ਊਚ। ਆਪਣੇ ਭਾਈਚਾਰੇ ਵਿਚ ਤੁਸੀਂ ਇਕ ਦੂਜੇ ਨੂੰ ''ਭਾਈ'' ਦੇ ਸ਼ਬਦ ਨਾਲ ਸੰਬੋਧਨ ਕਰਿਆ ਕਰੋਗੇ। ਨਾ ਤੀਰਥ-ਯਾਤ੍ਰਾ ਤੁਹਾਡੇ ਲਈ ਅਵੱਸ਼ ਹੈ, ਨਾ ਤੱਪ ਸਾਧ ਕੇ ਸਰੀਰ ਨੂੰ ਗਾਲਣਾ। ਤੁਸੀਂ ਗ੍ਰਿਹਸਤ ਦਾ ਸੱਚਾ ਤੇ ਸੁੱਚਾ ਜੀਵਨ ਜੀਵੋਗੇ, ਪਰ ਜੇ ਰੱਬ ਦੇ ਰਾਹ ਵਿਚ ਬਲੀਦਾਨ ਦੇਣ ਲਈ ਹਰ

---

1. ''ਜੀਵਨ ਗੁਰੂ ਗੋਬਿੰਦ ਸਿੰਘ'' ਵਿਚ ਭਗਤ ਲਛਮਣ ਸਿੰਘ ਨੇ ਲਿਖਿਆ ਹੈ : ''ਅੰਮ੍ਰਿਤ ਪਹਿਲਾਂ ਕੇਵਲ ਅਭਿਲਾਖੀਆਂ ਨੂੰ ਹੀ ਛਕਾਇਆ ਜਾਂਦਾ ਸੀ, ਜੋ ਆਪ ਇਸ ਦੀ ਦਾਤ ਮੰਗਣ। ਪਰ ਹੁਣ ਹਰੇਕ ਨੂੰ ਛਕਾਣ ਕਰ ਕੇ ਨਕਲੀ ਧਰਮ-ਪਰਵੇਸ਼ ਵਧ ਰਿਹਾ ਹੈ ਤੇ ਸਿੰਘ ਆਦਰਸ਼ਾਂ ਨੂੰ ਪਾਲਣ ਦੀ ਮੰਗ ਹੁਣ ਘੱਟ ਹੀ ਕੀਤੀ ਜਾਂਦੀ ਹੈ।''

2. ਇਸ ਦੇ ਅੱਖਰੀਂ ਅਰਥ 'ਸ਼ੁੱਧ' ਜਾਂ ਖ਼ਾਲਸ ਵੀ ਕੀਤੇ ਜਾਂਦੇ ਹਨ। ਪਰ ''ਖਾਲਸਾ'' ਸ਼ਬਦ ਉਦੋਂ ''ਬਾਦਸ਼ਾਹ ਦੀ ਆਪਣੀ ਜਾਗੀਰ'' ਲਈ ਵਰਤਿਆ ਜਾਂਦਾ ਸੀ। ਇਸੇ ਤੋਂ ਹੀ, ਸਾਡੇ ਵਿਚਾਰ ਵਿਚ, ਇਸ ਸ਼ਬਦ ਦਾ ਠੀਕ ਭਾਵ ਪਰਗਟ ਹੁੰਦਾ ਹੈ।

ਵੇਲੇ ਤਤਪਰ ਰਹੇ।

''ਇਸਤ੍ਰੀ ਤੇ ਮਰਦ ਦੇ ਹੱਕ ਖਾਲਸਾ ਧਰਮ ਵਿਚ ਹਰ ਤਰ੍ਹਾਂ ਬਰਾਬਰ ਹੋਣਗੇ। ਮਰਦ ਆਪਣੇ ਆਪ ਨੂੰ ਸਿੰਘ (ਸ਼ੇਰ) ਅਖਵਾਣਗੇ ਤੇ ਨਾਰੀਆਂ ਕੌਰ (ਜਾਂ ਸ਼ੇਰਨੀਆਂ)। ਸੰਗਤ ਪੰਗਤ ਵਿਚ ਇਨ੍ਹਾਂ ਦਾ ਰੁਤਬਾ ਬਰਾਬਰ ਹੋਵੇਗਾ। ਕੁੜੀਮਾਰ ਦਾ ਸੰਗ ਨਹੀਂ ਕਰਨਾ। ਤੁਸੀਂ ਪੰਜ ਕਕਾਰਾਂ - ਕੇਸ, ਕੰਘਾ, ਕੱਛ, ਕ੍ਰਿਪਾਨ ਤੇ ਕੜੇ - ਦੀ ਰਹਿਤ ਰਖੋਗੇ। ਕੇਸ ਪੁਰਾਤਨ ਰਿਸ਼ੀਆਂ ਵਾਂਗ ਪਰਮੇਸ਼ੂਰ ਨੂੰ ਆਪਣਾ ਸਮੁੱਚਾ ਮਨ ਤੇ ਤਨ, ਅਰਪਨ ਕਰਨ ਦੀ ਕਿਰਿਆ ਦਾ ਲਖਾਇਕ ਹੈ, ਕੰਘਾ ਉਨ੍ਹਾਂ ਨੂੰ ਉੱਜਲਾ ਰਖਣ ਲਈ, ਕੱਛਾ ਜੱਤ ਦਾ ਪ੍ਰਤੀਕ ਹੈ, ਕ੍ਰਿਪਾਨ ਦੁਸ਼ਟ-ਦਮਨ ਤੇ ਸ੍ਵੈ-ਰਖਿਅਕ, ਤੇ ਕੜਾ ਪ੍ਰਭੂ ਦੇ ਵਿਸ਼ਵ-ਚੱਕਰ, ਜਿਸ ਦਾ ਕਿਤੇ ਆਦਿ ਹੈ ਤੇ ਨਾ ਅੰਤ, ਦਾ ਚਿੰਨ੍ਹ ਤੇ ਲਖਾਇਕ ਹੈ। ਤਮਾਕੂ ਦੀ ਵਰਤੋਂ ਤੁਹਾਨੂੰ ਵਰਜਿਤ ਹੈ, ਕਿਉਂਕਿ ਇਹ ਇਕ ਗੰਦੀ ਤੇ ਸਿਹਤ ਲਈ ਹਾਨੀਕਾਰਕ ਆਦਤ ਹੈ।

''ਸ਼ਸਤ੍ਰਾਂ ਨਾਲ ਪਿਆਰ ਰਖਣਾ, ਰਣ ਵਿਚ ਪਿੱਠ ਨਾ ਦੇਣੀ, ਯੁੱਧ ਸਮੇਂ ਇਸਤ੍ਰੀ ਦੀ ਬੇਪਤੀ ਨਾ ਹੋਣ ਦੇਣੀ, ਅਧਿਕਾਰ-ਵਸ ਵਸੋਂ ਵਿਚ ਜਾਤੀ ਜਾਂ ਧਰਮ ਦਾ ਭਿੰਨ ਭੇਦ ਨਾ ਜਾਣਨਾ ਤੇ ਸਭ ਦੀ ਇਕ ਸਮਾਨ ਸੇਵਾ ਕਰਨੀ, ਪ੍ਰਭੂ ਦਾ ਸਿਮਰਨ ਕਦੀ ਨਾ ਭੁਲਾਣਾ, ਪੜ੍ਹਿਆਂ ਦੀ ਸੰਗਤ ਕਰਨੀ। ਪਰ ਨਾਲ ਦੇ ਨਾਲ ਸਰੀਰ ਨੂੰ ਵੀ ਕਮਾਣਾ। ਹਿੰਦੂ ਤੇ ਮੁਸਲਮਾਨ ਦੇ ਭਿੰਨ-ਭੇਦ ਮਿਟਾਣੇ। ਲੋੜਵੰਦਾਂ ਵਿਚ ਦੇਗ ਵੰਡਣੀ ਤੇ ਵੈਰੀਆਂ ਨੂੰ ਤੇਗ ਦੀ ਧਾਰ ਚਖਾਣੀ। ਇਕ ਦੂਜੇ ਨੂੰ ਮਿਲਣ ਲਗਿਆਂ, ''ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤਹਿ'' ਬੁਲਾਣੀ।''

ਇਸ ਨਵੇਂ ਸੁਨੇਹੇ ਨੇ ਜਿਥੇ ਹਿੰਦੂ ਜਾਤੀ ਵਿਚ ਇਕ ਨਵੀਂ ਰੂਹ ਫੂਕ ਦਿਤੀ, ਉਥੇ ਵੈਰੀਆਂ ਦੇ ਦਿਲਾਂ ਵਿਚ ਇਕ ਨਵਾਂ ਹੌਲ ਪੈਦਾ ਹੋਇਆ।

ਕਾਂਡ 5

"ਚੂ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ।
ਹਲੱਾਲ ਅਸਤ ਬੁਰਦਨ ਬਸ਼ਮਸ਼ੀਰ ਦਸਤ।"

- ਗੁਰੂ ਗੋਬਿੰਦ ਸਿੰਘ (ਜ਼ਫਰਨਾਮਾ)

ਮੁਸਲਮਾਨ ਇਤਿਹਾਸਕਾਰ ਗੁਲਾਮ ਮੁਹਈਉਦੀਨ ਨੇ ਲਿਖਿਆ ਹੈ ਕਿ ਸ਼ਹਿਨਸ਼ਾਹ ਔਰੰਗਜ਼ੇਬ ਨੂੰ ਖਾਲਸੇ ਦੇ ਜਨਮ ਬਾਰੇ ਉਸ ਦੇ ਸੂਹੀਆਂ ਵਲੋਂ ਪੂਰੀ ਸੂਚਨਾ ਦੇ ਦਿਤੀ ਗਈ ਸੀ। "ਇਸ ਨੇ ਹਿੰਦੂਆਂ ਦੇ ਸਾਰੇ ਪੁਰਾਣੇ ਵਹਿਮ ਝਾੜ ਛਡੇ ਤੇ ਕਰਮ-ਕਾਂਡ ਦਾ ਜਾਲ ਤੋੜ ਸੁਟਿਆ ਹੈ। ਵਰਣ-ਭੇਦ ਨੂੰ ਮਿਟਾ ਦਿਤਾ ਹੈ ਤੇ ਸਭ ਨੂੰ ਇਕੋ ਭਾਈਚਾਰੇ ਵਿਚ ਪ੍ਰੋ ਦਿਤਾ ਹੈ, ਜਿਸ ਵਿਚ ਨਾ ਕੋਈ ਛੋਟਾ ਹੋਵੇਗਾ, ਨਾ ਵੱਡਾ। ਹਰੇਕ ਨੂੰ ਇਕੋ ਬਾਟੇ ਵਿਚੋਂ ਅੰਮ੍ਰਿਤ ਛਕਾਇਆ ਜਾ ਰਿਹਾ ਹੈ। ਭਾਵੇਂ ਸਨਾਤਨੀ ਵਿਚਾਰਾਂ ਵਾਲੇ ਹਿੰਦੂਆਂ ਨੇ ਇਨ੍ਹਾਂ ਦੀ ਵਿਰੋਧਤਾ ਕੀਤੀ ਹੈ, ਪਰ ਕੋਈ ਵੀਹ ਹਜ਼ਾਰ ਨਰ-ਨਾਰੀਆਂ ਨੇ ਪਹਿਲੇ ਹੀ ਦਿਨ ਨਵੇਂ ਪੰਥ ਵਿਚ ਪਰਵੇਸ਼ ਕੀਤਾ ਹੈ। ਗੁਰੂ ਨੇ ਦਾਅਵਾ ਕੀਤਾ ਹੈ ਕਿ ਮੈਂ ਚਿੜੀਆਂ ਤੋਂ ਬਾਜ਼ ਤੁੜਾਵਾਂਗਾ, ਸਵਾ ਲੱਖ ਨਾਲ ਇਕ ਨੂੰ ਲੜਾਵਾਂਗਾ!

ਪਹਾੜੀ ਰਾਜਿਆਂ ਨੇ ਇਸ ਨਵੇਂ ਪੰਥ ਤੋਂ ਹੋਰ ਵੀ ਤ੍ਰਾਸ ਤੇ ਡਰ ਮਹਿਸੂਸ ਕੀਤਾ। ਜਦ ਇਕ ਦਿਨ ਗੁਰੂ ਸਾਹਿਬ ਦੂਨ ਦੀ ਵਾਦੀ ਵਿਚ ਸ਼ਿਕਾਰ ਖੇਡਣ ਗਏ, ਤਾਂ ਉਥੋਂ ਦੇ ਪਹਾੜੀ ਰਾਜੇ, ਬਲੀਆ ਚੰਦ ਤੇ ਆਲਮ ਚੰਦ, ਆਪਣੀ ਚੋਖੀ ਫੌਜ ਨਾਲ ਇਨ੍ਹਾਂ ਉਤੇ ਟੁੱਟ ਪਏ। ਸਿੰਘ ਗਿਣਤੀ ਵਿਚ ਥੋੜ੍ਹੇ ਸਨ, ਪਰ ਜਾਨ ਤੋੜ ਕੇ ਲੜੇ। ਬਲੀਆ ਚੰਦ ਗੋਲੀ ਨਾਲ ਮਾਰਿਆ ਗਿਆ। ਆਲਮ ਚੰਦ ਦੀ ਇਕ ਬਾਂਹ ਧੜ ਨਾਲੋਂ ਟੁੱਟ ਗਈ ਤੇ ਉਹ ਭੱਜ ਨੱਠਾ। ਬਹੁਤ ਸਾਰੇ ਜਵਾਨਾਂ ਦੀ ਆਹੂਤੀ ਦੇ ਕੇ ਪਹਾੜੀ ਫੌਜ ਲੱਜਾਵਾਨ ਹੋ ਪਿਛੇ ਨੂੰ ਪਰਤ ਗਈ। ਇਸ ਘਟਨਾ ਦੀ ਸੂਹ ਮਿਲਣ ਤੇ ਤਾਂ ਪਹਾੜੀ ਰਾਜਿਆਂ ਨੂੰ ਹੋਰ ਵੀ ਘਬਰਾਹਟ ਮਹਿਸੂਸ ਹੋਈ। ਪਰ ਆਪਣੇ ਆਪ ਨੂੰ ਨਿਤਾਣਾ ਪਾ ਕੇ ਉਨ੍ਹਾਂ ਇਹੀ ਯੋਗ ਸਮਝਿਆ ਕਿ ਸ਼ਹਿਨਸ਼ਾਹ ਔਰੰਗਜ਼ੇਬ ਦੀ ਹਮਦਰਦੀ ਤੇ ਸਹਾਇਤਾ ਪੂਰੀ ਤਰ੍ਹਾਂ ਨਾਲ ਗੰਢੀ ਜਾਵੇ।

ਔਰੰਗਜ਼ੇਬ ਇਸ ਵੇਲੇ ਦੱਖਣ ਵਿਚ ਘੋਰ ਯੁੱਧਾਂ ਵਿਚ ਫਸਿਆ ਪਿਆ ਸੀ। ਇਸ ਲਈ ਉਸਦੇ ਸਰਹਿੰਦ ਦੇ ਸੂਬੇਦਾਰ, ਵਜ਼ੀਰ ਖਾਨ ਨੇ ਉਸ ਦੀ ਥਾਂ ਪਹਾੜੀ

ਰਾਜਿਆਂ ਦਾ ਯਾਦ-ਪੱਤਰ ਸਵੀਕਾਰ ਕੀਤਾ, ਜਿਸ ਵਿਚ ਲਿਖਿਆ ਗਿਆ ਸੀ "ਗੋਬਿੰਦ ਸਿੰਘ ਨਾਨਕ ਦੀ ਗੱਦੀ ਉਤੇ ਦਸਵਾਂ ਗੁਰੂ ਹੈ। ਨਾਨਕ ਨੇ ਸੁਲ੍ਹਾ ਤੇ ਸ਼ਾਂਤੀ ਦਾ ਪਰਚਾਰ ਕੀਤਾ ਸੀ। ਇਸੇ ਲਈ ਅਸਾਂ ਇਸ ਗੁਰੂ ਦੇ ਸਾਡੇ ਵਿਚ ਆ ਵਸਣ ਤੇ ਕੋਈ ਕਿੰਤੂ ਨਹੀਂ ਸੀ ਕੀਤਾ। ਪਰ ਇਸ ਦੇ ਆਸ਼ੇ ਤੇ ਆਦਰਸ਼ ਨਾਨਕ ਤੋਂ ਭਿੰਨ ਹਨ। ਜਦੋਂ ਅਸਾਂ ਇਸ ਦੀ ਵਧਦੀ ਤਾਂਕਤ ਨੂੰ ਵੰਗਾਰਿਆ, ਜੋ ਸ਼ਹਿਨਸ਼ਾਹ ਲਈ ਵੀ ਵੱਡੇ ਖਤਰੇ ਦਾ ਕਾਰਣ ਬਣ ਸਕਦੀ ਹੈ, ਤਾਂ ਇਸ ਨੇ ਨਾਹਨ ਦੇ ਰਾਜੇ ਨਾਲ ਗੰਢ-ਤੁਪ ਕਰ ਕੇ ਸ੍ਰੀਨਗਰ ਦੇ ਰਾਜਾ ਫਤਹ ਸ਼ਾਹ ਨੂੰ ਚੁਣੌਤੀ ਦੇ ਦਿਤੀ। ਭੰਗਾਣੀ ਦੇ ਮੈਦਾਨ ਵਿਚ ਘੋਰ ਯੁੱਧ ਹੋਇਆ, ਜਿਥੇ ਮਨੁੱਖੀ ਖੂਨ ਦੀਆਂ ਨਦੀਆਂ ਵਹਿ ਤੁਰੀਆਂ। ਫਿਰ ਇਹ ਜਦ ਆਨੰਦਪੁਰ ਮੁੜਿਆ ਤਾਂ ਉਥੇ ਕਿਲ੍ਹੇ ਉਸਾਰਣ ਲੱਗਾ। ਹੁਣ ਇਸ ਨੇ ਇਕ ਨਵੇਂ "ਖਾਲਸਾ ਪੰਥ" ਨੂੰ ਜਨਮ ਦਿਤਾ ਹੈ, ਜੋ ਸਾਡੇ ਪਿਤਰੀ ਧਰਮ ਦੇ ਐਨ ਵਿਰੁਧ ਹੈ। ਫਿਰ ਵੀ ਇਹ ਸਾਨੂੰ ਹਜ਼ੂਰ ਸ਼ਹਿਨਸ਼ਾਹ ਦੇ ਟਾਕਰੇ ਲਈ ਗਠਜੋੜ ਕਰਨ ਦੀ ਪ੍ਰੇਰਨਾ ਦੇਂਦਾ ਰਿਹਾ ਹੈ, ਜਿਸ ਦੇ ਵਿਰੁਧ ਇਸ ਦੇ ਮਨ ਵਿਚ ਅਤਿ ਘਿਰਣਾ ਤੇ ਸੰਘਰਸ਼ ਦਾ ਚਾਉ ਹੈ। ਇਹ ਅਸਾਂ ਨਹੀਂ ਕੀਤਾ, ਜਿਸ ਦੇ ਕਾਰਨ ਉਹ ਸਾਥੋਂ ਬਹੁਤ ਦੁਖੀ ਹੈ। ਮੁਗਲ ਰਾਜ ਨੂੰ ਚੁਣੌਤੀ ਦੇਣ ਲਈ ਇਹ ਸਾਰੇ ਦੇਸ਼ ਵਿਚੋਂ ਸ਼ਸਤ੍ਰ ਤੇ ਚੋਣਵੇਂ ਫੌਜੀ ਇਕੱਠੇ ਕਰ ਰਿਹਾ ਹੈ। ਅਸੀਂ ਉਸ ਦੀ ਵਧਦੀ ਤਾਕਤ ਨੂੰ ਇਕੱਲਿਆਂ ਠਲ੍ਹ ਨਹੀਂ ਪਾ ਸਕਦੇ, ਪਰ ਸ੍ਰੀ ਹਜ਼ੂਰ ਦੀ ਵਫਾਦਾਰ ਪਰਜਾ ਹੋਣ ਦੀ ਹੈਸੀਅਤ ਵਿਚ ਆਪ ਤੋਂ ਫੌਜੀ ਸਹਾਇਤਾ ਦੇ ਜਾਚਕ ਹਾਂ, ਤਾਂ ਜੋ ਇਸ ਦੇ ਵਧਦੇ ਹੜ੍ਹ ਨੂੰ ਹੁਣੇ ਹੀ ਬੰਨ੍ਹ ਮਾਰ ਲਿਆ ਜਾਵੇ, ਨਹੀਂ ਤਾਂ ਕਲ੍ਹ ਨੂੰ ਇਸ ਦਾ ਟਾਕਰਾ ਕਰਨਾ ਅਸੰਭਵ ਹੋ ਜਾਵੇਗਾ। ਇਸ ਦਾ ਇਰਾਦਾ ਤਾਂ ਦਿੱਲੀ ਨੂੰ ਮਾਰ ਲੈਣ ਦਾ ਹੈ।"

ਸਰਹਿੰਦ ਦੇ ਸੂਬੇਦਾਰ ਨੇ ਇਹ ਯਾਦ-ਪੱਤਰ ਸ਼ਹਿਨਸ਼ਾਹ ਨੂੰ ਦੱਖਣ ਵਿਚ ਭੇਜ ਦਿਤਾ। ਕੁਝ ਚਿਰ ਪਿਛੋਂ ਇਹ ਉੱਤਰ ਆਇਆ ਕਿ ਜੇ ਪਹਾੜੀ ਰਾਜੇ ਸ਼ਾਹੀ ਫੌਜ ਦਾ ਸਾਰਾ ਖਰਚ ਦੇਣ ਲਈ ਤਿਆਰ ਹੋਣ ਤਾਂ ਉਨ੍ਹਾਂ ਦੀ ਸਹਾਇਤਾ ਕੀਤੀ ਜਾ ਸਕਦੀ ਹੈ। ਇਸ ਸ਼ਰਤ ਨੂੰ ਖੁਸ਼ੀ ਨਾਲ ਸਵੀਕਾਰ ਕਰ ਲਿਆ ਗਿਆ। ਇਸ ਉਤੇ ਦੋ ਮੁਗਲ ਜਰਨੈਲਾਂ, ਪੈਂਦੇ ਖਾਨ ਤੇ ਦੀਨਾ ਬੇਗ ਨੂੰ, ਦਸ ਹਜ਼ਾਰ ਦੀ ਫੌਜ ਦੇ ਕੇ ਰਾਜਪੂਤ ਰਾਜਿਆਂ ਦੀ ਸਹਾਇਤਾ ਲਈ ਭੇਜਿਆ ਗਿਆ। ਰੋਪੜ ਦੇ ਸਥਾਨ ਉਤੇ ਪਹਾੜੀ ਫੌਜ ਵੀ ਉਨ੍ਹਾਂ ਨਾਲ ਆ ਮਿਲੀ ਗੁਰੂ ਸਾਹਿਬ ਨੂੰ ਸੁਨੇਹਾ ਭੇਜਿਆ ਗਿਆ ਕਿ ਜਾਂ ਤਾਂ ਉਹ ਆਨੰਦਪੁਰ ਛੱਡ ਦੇਣ ਤੇ ਜਾਂ ਖਿਰਾਜ ਦੇ ਕੇ ਉਥੇ ਰਹਿਣ।

ਜਦ ਗੁਰੂ ਸਾਹਿਬ ਨੂੰ ਇਸ ਟਿੱਡੀ ਦਲ ਦੀ ਆਨੰਦਪੁਰ ਉਤੇ ਚੜ੍ਹਾਈ ਦੀ ਸੂਹ ਮਿਲੀ, ਤਾਂ ਉਨ੍ਹਾਂ ਵੀ ਯੁੱਧ ਦੀ ਤਿਆਰੀ ਕਰਨੀ ਸ਼ੁਰੂ ਕਰ ਦਿਤੀ। ਉਨ੍ਹਾਂ ਨੇ ਆਪਣੇ ਪੰਜ ਪਿਆਰਿਆਂ ਨੂੰ ਪੰਜ ਫੌਜੀ ਟੁਕੜੀਆਂ ਦੇ ਕੇ ਸੈਨਾਪਤੀ ਨੀਅਤ ਕਰ ਦਿਤਾ। ਉਨ੍ਹਾਂ ਆਪ ਵੀ ਯੁੱਧ ਵਿਚ ਅੱਗੇ ਹੋ ਕੇ ਭਾਗ ਲੈਣ ਦਾ ਫੈਸਲਾ

ਕੀਤਾ। ਇਸ ਨਾਲ ਸਿੱਖ ਫੌਜ ਅਜੇਹੀ ਬੀਰਤਾ ਨਾਲ ਲੜੀ ਕਿ ਵੈਰੀ ਦੇ ਆਹੂ ਲਾਹ ਸੁੱਟੇ। ਭਾਵੇਂ ਇਸ ਨੂੰ ਪਹਾੜੀ ਰਾਜੇ ਤੇ ਮੁਗਲ ਫੌਜ ਦੋਵੇਂ ਧਰਮ-ਯੁੱਧ ਦਾ ਨਾਉਂ ਦੇ ਰਹੇ ਸਨ, ਪਰ ਉਨ੍ਹਾਂ ਦੀਆਂ ਫੌਜਾਂ ਦੇ ਹੌਸਲੇ ਸਿੱਖਾਂ ਦੀ ਮਾਰ ਅੱਗੇ ਬੰਨ੍ਹੀਂਦੇ ਨਹੀਂ ਸਨ ਜਾਪਦੇ। ਅੰਤ ਜਰਨੈਲ ਪੈਂਦੇ ਖਾਨ ਨੇ ਆਪ ਅੱਗੇ ਹੋ ਕੇ ਗੁਰੂ ਸਾਹਿਬ ਨਾਲ ਆਹਮੋ-ਸਾਹਮਣੇ ਦੋ ਦੋ ਹੱਥ ਕਰਨੇ ਚਾਹੇ। ਉਸਨੇ ਗੁਰੂ ਸਾਹਿਬ ਨੂੰ ਉੱਚੀ ਦੇ ਕੇ ਵੰਗਾਰਿਆ ਕਿ ਜੇ ਹਿੰਮਤ ਹੈ ਤਾਂ ਸਾਹਮਣੇ ਆ ਕੇ ਲੜੋ। ਇਸ ਨੂੰ ਸੁਣ ਕੇ ਗੁਰੂ ਸਾਹਿਬ ਨੇ ਆਪਣਾ ਘੋੜਾ ਦੌੜਾਇਆ ਤੇ ਪੈਂਦੇ ਖਾਨ ਦੇ ਸਾਹਮਣੇ ਪਹੁੰਚ ਕੇ ਗਰਜ ਕੇ ਬੋਲੇ : "ਮੈਂ ਹਾਂ ਗੋਬਿੰਦ ਸਿੰਘ, ਤੇਰੇ ਨਾਲ ਹਿਸਾਬ ਚੁਕਾਣ ਆਇਆ ਹਾਂ!"

ਪੈਂਦੇ ਖਾਨ ਨੇ ਗੁਰੂ ਸ਼ਾਹਿਬ ਨੂੰ ਤਾਅਨਾ ਮਾਰਿਆ : "ਫਿਰ ਹਿਸਾਬ ਚੁਕਾਂਦੇ ਕਿਉਂ ਨਹੀਂ? ਪਹਿਲਾ ਵਾਰ ਤੁਸੀਂ ਕਰੋ, ਤਾਂ ਜੋ ਪਿਛੋਂ ਤੁਹਾਨੂੰ ਅਫਸੋਸ ਨਾ ਰਹਿ ਜਾਏ।" ਗੁਰੂ ਸਾਹਿਬ ਹੱਸ ਕੇ ਬੋਲੇ, "ਮੇਰੇ ਘਰ ਵਿਚ ਪਹਿਲਾਂ ਵਾਰ ਨਹੀਂ ਕੀਤਾ ਜਾਂਦਾ। ਤੁਸਾਂ ਮੇਰੇ ਉਤੇ ਹੱਲਾ ਕੀਤਾ ਹੈ। ਸੋ, ਪਹਿਲਾ ਵਾਰ ਵੀ ਤੁਸੀਂ ਹੀ ਕਰੋ!"

ਪੈਂਦੇ ਖਾਨ ਨੇ ਆਪਣੇ ਘੋੜੇ ਨੂੰ ਕਈ ਭੁਆਟੀਆਂ ਦਿਤੀਆਂ ਤੇ ਕਈ ਪਾਸਿਆਂ ਤੋਂ ਗੁਰੂ ਸਾਹਿਬ ਉਤੇ ਤਲਵਾਰ ਨਾਲ ਵਾਰ ਕਰਨ ਦੀ ਕੋਸ਼ਿਸ਼ ਕੀਤੀ, ਪਰ ਗੁਰੂ ਸਾਹਿਬ ਦੇ ਘੋੜੇ ਦੀ ਚਾਲ ਐਨੀ ਫੁਰਤੀਲੀ ਸੀ ਕਿ ਉਨ੍ਹਾਂ ਦੀ ਢਾਲ ਹਰ ਵੇਰ ਵੈਰੀ ਦੀ ਸੱਟ ਆਪਣੇ ਉਤੇ ਝਲ ਲੈਂਦੀ ਸੀ। ਹਾਰ ਕੇ ਉਸਨੇ ਤਲਵਾਰ ਨੂੰ ਛੱਡ ਦਿਤਾ ਤੇ ਗੁਰੂ ਸਾਹਿਬ ਉਤੇ ਇਕ ਸੂਕਦਾ ਤੀਰ ਛੱਡਿਆ। ਇਹ ਤੀਰ ਵੀ ਉਨ੍ਹਾਂ ਦੇ ਕੰਨ ਨਾਲੋਂ ਖਸਰ ਕੇ ਲੰਘ ਗਿਆ। "ਕਿੰਨੇ ਕਮਾਲ ਦੇ ਤੁਸੀਂ ਤੀਰੰਦਾਜ਼ ਹੋ!" ਗੁਰੂ ਸਾਹਿਬ ਨੇ ਤਾਅਨੇ ਨਾਲ ਆਖਿਆ। ਉਸਨੇ ਇਕ ਹੋਰ ਤੀਰ ਚਲਾਇਆ, ਪਰ ਉਹ ਵੀ ਨਿਸ਼ਾਨੇ ਤੋਂ ਖੁੰਝ ਗਿਆ।

ਪੈਂਦੇ ਖਾਨ ਨੇ ਹੁਣ ਭੱਜ ਜਾਣ ਦਾ ਹੀਲਾ ਕੀਤਾ। ਪਰ ਸਤਿਗੁਰਾਂ ਨੇ ਲਲਕਾਰ ਕੇ ਆਖਿਆ : "ਕਮੀਨੇ ਪਾਜੀ, ਮੈਨੂੰ ਵੀ ਤਾਂ ਵਾਰ ਕਰ ਲੈਣ ਦੇ!" ਤੇ ਇਹ ਆਖ ਕੇ ਉਨ੍ਹਾਂ ਨੇ ਇਕ ਤੀਰ ਅਚੁਕ ਨਿਸ਼ਾਨਾ ਬੰਨ੍ਹ ਕੇ ਉਸ ਦੇ ਕੰਨ ਵਿਚ ਮਾਰਿਆ, ਕਿਉਂਕਿ ਉਸਦਾ ਇਹੀ ਭਾਗ ਸੰਜੋਅ ਨਾਲ ਕਜਿਆ ਹੋਇਆ ਨਹੀਂ ਸੀ। ਨਿਸ਼ਾਨਾ ਅਜੇਹਾ ਟਿਕਾਣੇ ਤੇ ਲਗਾ ਕਿ ਪੈਂਦੇ ਖਾਨ ਬੇਹੋਸ਼ ਹੋ ਕੇ ਘੋੜੇ ਤੋਂ ਡਿਗ ਪਿਆ ਤੇ ਉਥੇ ਹੀ ਪ੍ਰਾਣ ਤਿਆਗ ਦਿਤੇ।

ਹੁਣ ਦੀਨ ਬੇਗ ਨੇ ਮੁਗਲ ਫੌਜ ਦੀ ਕਮਾਨ ਸੰਭਾਲੀ। ਮੁਗਲ ਫੌਜਾਂ ਬਹੁਤ ਸੂਰਮਗਤੀ ਨਾਲ ਲੜੀਆਂ, ਪਰ ਪਹਾੜੀ ਫੌਜ ਤਿਤਰ ਬਿਤਰ ਹੋ ਕੇ ਭਜ ਉਠੀ। ਦੀਨ ਬੇਗ ਆਪ ਵੀ ਬੁਰੀ ਤਰ੍ਹਾਂ ਜ਼ਖ਼ਮੀ ਹੋਇਆ ਅਤੇ ਜਿੱਤ ਦੀ ਕੋਈ ਆਸ ਨਾ ਦੇਖ ਕੇ ਭੱਜ ਉਠਿਆ। ਰੋਪੜ ਤੀਕ ਸਿੱਖ ਫੌਜਾਂ ਨੇ ਉਸਦਾ ਪਿੱਛਾ ਕੀਤਾ। ਬਹੁਤ ਸਾਰਾ ਲੁੱਟ ਦਾ ਮਾਲ ਇਨ੍ਹਾਂ ਦੇ ਹੱਥ ਆਇਆ। ਇਸ ਨਿਰਣਾਇਕ ਜਿੱਤ ਨਾਲ ਸਿੱਖਾਂ ਦੇ ਹੌਸਲੇ ਬਹੁਤ ਹੀ ਵਧ ਗਏ।

ਸਤਿਗੁਰਾਂ ਨੇ ਹੁਣ ਆਪਣੇ ਸਭ ਸਿੱਖ ਸੇਵਕਾਂ ਨੂੰ ਹੁਕਮ ਦੇ ਭੇਜਿਆ ਕਿ ਜੋ ਵੀ ਉਨ੍ਹਾਂ ਦੇ ਦਰਸ਼ਨਾਂ ਨੂੰ ਆਵੇ, ਭੇਟਾ ਵਜੋਂ ਘੋੜਾ ਜਾਂ ਸ਼ਸਤ੍ਰ ਨਾਲ ਲੈ ਕੇ ਆਵੇ। ਜਦ ਉਨ੍ਹਾਂ ਦੀ ਜਿੱਤ ਦੀ ਖਬਰ ਦੂਰ ਨੇੜੇ ਧੁੰਮੀ, ਤਾਂ ਬਹੁਤ ਸਾਰੇ ਸੂਰਮੇ ਖਾਲਸਾ ਪੰਥ ਵਿਚ ਹੋਰ ਵੀ ਆ ਰਲੇ। ਗੁਰੂ ਸਾਹਿਬ ਨੇ ਤਲਵਾਰਾਂ, ਢਾਲਾਂ, ਨੇਜ਼ੇ, ਤੀਰ-ਕਮਾਨ, ਬੰਦੂਕਾਂ ਤੇ ਦਾਰੂ ਸਿੱਕਾ ਬਣਾਣ ਲਈ ਬਹੁਤ ਸਾਰੇ ਕਾਰੀਗਰ ਵੀ ਆਨੰਦਪੁਰ ਵਿਚ ਇਕੱਠੇ ਕਰ ਲਏ।

ਪਹਾੜੀ ਰਾਜੇ ਇਹ ਸੁਣ ਕੇ ਬਹੁਤ ਭੈ-ਭੀਤ ਹੋਏ। ਉਨ੍ਹਾਂ ਮੁੜ ਔਰੰਗਜ਼ੇਬ ਪਾਸ ਤਰਲਾ ਕਰਨ ਦੀ ਸਲਾਹ ਬਣਾਈ। ਪਰ ਉਨ੍ਹਾਂ ਵਿਚੋਂ ਕੁਝ ਇਕ ਨੇ ਰਾਏ ਦਿਤੀ ਕਿ ਜੇ ਸਮੁੱਚੀ ਪਹਾੜੀ ਫੌਜ ਆਨੰਦਪੁਰ ਨੂੰ ਘੇਰੇ ਵਿਚ ਲੈ ਲਵੇ ਤੇ ਬਾਹਰੋਂ ਜਾਣ ਵਾਲੇ ਰਸਦ ਪਾਣੀ ਲਈ ਉਸ ਦੀ ਨਾਕਾਬੰਦੀ ਕਰ ਦਿਤੀ ਜਾਵੇ, ਤਾਂ ਅੰਦਰ ਘਿਰੀ ਫੌਜ ਜਾਂ ਤਾਂ ਭੁੱਖ ਤ੍ਰੇਹ ਨਾਲ ਤੜਪ-ਤੜਪ ਕੇ ਮਰ ਮੁਕ ਜਾਵੇਗੀ, ਤੇ ਜਾਂ ਹਾਰ ਮੰਨ ਲਵੇਗੀ। ਸਭਨਾਂ ਰਾਜਿਆਂ ਨੇ ਜਿਨ੍ਹਾਂ ਵਿਚੋਂ ਜੰਮੂ, ਨੂਰਪੁਰ, ਮੰਡੀ, ਭੂਟਾਨ, ਕੁਲੂ, ਕੈਂਥਲ, ਗੁਲੇਰ, ਚੰਬਾ ਤੇ ਸ੍ਰੀਨਗਰ ਦੇ ਰਾਜੇ ਮੋਹਰੀ ਸਨ, ਆਪਣੀ ਆਪਣੀ ਫੌਜੀ ਸਹਾਇਤਾ ਇਸ ਸਾਂਝੇ ਦਲ ਨੂੰ ਦਿਤੀ। ਰਾਜਾ ਭੀਮ ਚੰਦ ਦੇ ਪੁੱਤਰ ਅਜਮੇਰ ਚੰਦ ਨੂੰ ਜੋ ਇਨ੍ਹਾਂ ਸਭਨਾਂ ਦਾ ਮੁਖੀ ਸੀ, ਇਸ ਦਲ ਦਾ ਸੈਨਾਪਤੀ ਥਾਪਿਆ ਗਿਆ। ਉਸਨੇ ਪਹਿਲਾਂ ਤਾਂ ਗੁਰੂ ਨੂੰ ਸੁਨੇਹਾ ਭੇਜਿਆ ਕਿ ਜਾਂ ਤਾਂ ਉਹ ਆਨੰਦਪੁਰ ਛਡ ਦੇਣ ਜਾਂ ਜਿਸ ਥਾਂ ਉਤੇ ਇਹ ਨਗਰ ਵਸਿਆ ਹੋਇਆ ਹੈ, ਉਸਦਾ ਸ਼ੁਰੂ ਤੋਂ ਲੈ ਕੇ ਹੁਣ ਤੀਕ ਕਿਰਾਇਆ ਤੇ ਕਰ ਭਰ ਕੇ ਦੇਣ। ਨਹੀਂ ਤਾਂ ਨਗਰ ਦੀ ਚਹੁੰਆਂ ਪਾਸਿਆਂ ਤੋਂ ਨਾਕਾਬੰਦੀ ਕਰ ਦਿਤੀ ਜਾਵੇਗੀ।

ਗੁਰੂ ਸਾਹਿਬ ਨੇ ਇਸ ਸੁਨੇਹੇ ਨੂੰ ਘਿਰਣਾ ਨਾਲ ਠੁਕਰਾ ਦਿਤਾ, ਇਹ ਆਖਿਆ ਕਿ ਜਿਸ ਧਰਤੀ ਉਤੇ ਆਨੰਦਪੁਰ ਦਾ ਨਗਰ ਵਸਿਆ ਹੈ, ਉਹ ਉਨ੍ਹਾਂ ਦੇ ਪਿਤਾ ਨੇ ਪੂਰਾ ਮੁੱਲ ਦੇ ਕੇ ਖ਼ਰੀਦੀ ਸੀ। ਸੋ ਉਸਦਾ ਕਿਰਾਇਆ ਜਾਂ ਕਰ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਪਰ ਜੇ ਫੇਰ ਵੀ ਉਨ੍ਹਾਂ ਉਤੇ ਚੜ੍ਹਾਈ ਕੀਤੀ ਗਈ ਤਾਂ ਉਹ ਆਪਣ ਬਚਾਉ ਕਰਨਾ ਚੰਗੀ ਤਰ੍ਹਾਂ ਜਾਣਦੇ ਹਨ। ਸਤਿਗੁਰਾਂ ਨੇ ਇਹ ਵੀ ਆਖਿਆ ਕਿ ਤੁਹਾਨੂੰ ਮੁਗਲ ਸਾਮਰਾਜ ਦੇ ਵਿਰੁੱਧ ਟਾਕਰੇ ਵਿਚ ਮੇਰੀ ਸਹਾਇਤਾ ਕਰਨੀ ਚਾਹੀਦੀ ਸੀ, ਪਰ ਤੁਸੀਂ ਤਾਂ ਮੇਰੇ ਉਤੇ ਹੀ ਚੜ੍ਹਾਈ ਕਰ ਕੇ ਆਪ ਆਪਣਾ ਸਾਰਾ ਜੋਸ਼ ਠੰਢਾ ਕਰ ਰਹੇ ਹੋ।

ਪਹਾੜੀ ਰਾਜੇ ਇਹ ਉੱਤਰ ਸੁਣ ਕੇ ਬਹੁਤ ਕ੍ਰੋਧ ਵਿਚ ਆਏ। ਉਨ੍ਹਾਂ ਦਾ ਨਿਸਚਾ ਪੱਕਾ ਹੋ ਗਿਆ ਕਿ ਗੁਰੂ ਸਾਹਿਬ ਆਪਣੇ ਸ੍ਵੈਮਾਣ ਦੀ ਕੀਮਤ ਉਤੇ ਅਮਨ ਖਰੀਦਣਾ ਪਸੰਦ ਨਹੀਂ ਕਰਨਗੇ। ਇਸ ਲਈ ਉਨ੍ਹਾਂ ਆਪਣੀ ਫੌਜ ਇਕ ਥਾਂ ਇਕੱਠੀ ਕੀਤੀ ਤੇ ਆਨੰਦਪੁਰ ਉਤੇ ਧਾਵਾ ਬੋਲ ਦਿਤਾ। ਸਤਿਗੁਰਾਂ ਪਾਸ ਇਸ ਵੇਲੇ ਫੌਜ ਬਹੁਤ ਘਟ ਸੀ। ਪਰ ਛੇਤੀ ਹੀ ਯੁੱਧ ਦੀ ਖਬਰ ਸੁਣ ਕੇ ਪੰਜਾਬ ਦੇ ਕੋਨੇ ਕੋਨੇ ਤੋਂ ਸਿੱਖ ਯੋਧੇ ਉਨ੍ਹਾਂ ਨਾਲ ਆ ਰਲੇ। ਗੁਰੂ ਸਾਹਿਬ ਦੇ ਸਭ ਤੋਂ ਵੱਡੇ

ਸਪੁੱਤਰ, ਅਜੀਤ ਸਿੰਘ ਜਿਸ ਦੀ ਮਸਾਂ ਮਸ ਹੀ ਫੁੱਟੀ ਸੀ, ਨੂੰ ਇਕ ਫੌਜੀ ਟੁਕੜੀ ਦੀ ਕਮਾਨ ਵੀ ਦਿਤੀ ਗਈ। ਲੋਹਗੜ੍ਹ ਤੇ ਫਤਹਿਗੜ੍ਹ ਦੇ ਦੋ ਕਿਲ੍ਹੇ ਦੋ ਵਖ ਵਖ ਸੈਨਾਪਤੀਆਂ ਦੇ ਅਧੀਨ ਇਕ-ਇਕ ਹਜ਼ਾਰ ਦੀ ਫੌਜ ਸਮੇਤ ਇਨ੍ਹਾਂ ਗੜ੍ਹਾਂ ਦੀ ਰਾਖੀ ਲਈ ਨੀਅਤ ਕਰ ਦਿਤੇ ਗਏ। ਗੁਰੂ ਸਾਹਿਬ ਨੇ ਆਪਣੇ ਫੌਜੀਆਂ ਨੂੰ ਹੁਕਮ ਦਿਤਾ ਕਿ ਉਹ ਆਨੰਦਪੁਰ ਤੋਂ ਬਾਹਰ ਨਿਕਲ ਕੇ ਧਾਵਾ ਨਾ ਕਰਨ, ਸਗੋਂ ਹਾਲੇ ਬਚਾਉ ਉਤੇ ਰਹਿਣ।

ਸਿੱਖ ਇਤਿਹਾਸਕਾਰਾਂ ਦਾ ਕਥਨ ਹੈ ਕਿ ਪਹਾੜੀ ਫੌਜ ਟਿੱਡੀ ਦਲ ਵਾਂਗ ਮੈਦਾਨ ਵਿਚ ਆਣ ਲੱਥੀ। ਪਰ ਸਿੱਖ ਇਤਨੇ ਮਰਦਊ ਤੇ ਸ੍ਵੈ-ਭਰੋਸੇ ਨਾਲ ਲੜੇ ਕਿ ਵੈਰੀ ਦੀਆਂ ਸਫ਼ਾਂ ਵਿਚ ਗੜਬੜੀ ਫੈਲ ਗਈ। ਦੋ ਰਾਜਪੂਤ ਜਾਤਾਂ, ਰੰਘੜ ਤੇ ਗੁੱਜਰ, ਜਿਨ੍ਹਾਂ ਦੀ ਬਹਾਦਰੀ ਦੀ ਬੜੀ ਧਾਂਕ ਸੀ, ਤੇ ਜਿਨ੍ਹਾਂ ਨੂੰ ਗੁਰੂ-ਘਰ ਦੇ ਵਿਰੁਧ ਇਹ ਗੁੱਸਾ ਵੀ ਸੀ ਕਿ ਉਨ੍ਹਾਂ ਦੀ ਫੌਜ ਨੇ ਇਕ ਵੇਰ ਪਹਿਲਾਂ ਇਨ੍ਹਾਂ ਨੂੰ ਭਾਜ ਦੇ ਕੇ ਇਨ੍ਹਾਂ ਦੇ ਦੋ ਨਗਰ, ਨੂਰ ਤੇ ਰਾਜਪੁਰ ਲੁੱਟ ਲਏ ਸਨ, ਬਹੁਤ ਜੋਸ਼ ਨਾਲ ਲੜੇ ਪਰ ਸਿੱਖਾਂ ਦੀ ਅਚੁੱਕ ਨਿਸ਼ਾਨੇਬਾਜ਼ੀ ਤੇ ਬਲੀਦਾਨ ਦੇ ਚਾਉ ਅਗੇ ਉਨ੍ਹਾਂ ਦੀ ਇੱਕ ਨਾ ਚਲੀ। ਉਨ੍ਹਾਂ ਦਾ ਆਗੂ, ਜਗਤੁੱਲਾ ਮਾਰਿਆ ਗਿਆ ਤੇ ਉਸ ਦੀ ਲਾਸ਼ ਨੂੰ ਵੀ ਸਿੱਖਾਂ ਨੇ ਬਾਵਜੂਦ ਵੈਰੀ ਦੇ ਕਈ ਯਤਨਾਂ ਦੇ ਯੁੱਧ ਦੇ ਖੇਤਰ ਵਿਚੋਂ ਲਿਜਾਣ ਨਾ ਦਿਤਾ। ਗੁਰੂ ਗੋਬਿੰਦ ਸਿੰਘ ਆਪ ਵੀ ਇਕ ਉਚੇ ਟਿੱਲੇ ਉਤੇ ਬੈਠੇ ਤੀਰਾਂ ਉਤੇ ਤੀਰ ਵਸਾਈ ਜਾ ਰਹੇ ਸਨ ਤੇ ਉਨ੍ਹਾਂ ਦੀ ਸੱਟ ਅਜੇਹੀ ਟਿਕਾਣੇ ਬੈਠਦੀ ਸੀ ਕਿ ਕੋਈ ਵੀ ਵਾਰ ਖਾਲੀ ਨਹੀਂ ਸੀ ਜਾਂਦਾ।

ਪਹਾੜੀ ਰਾਜਿਆਂ ਨੇ ਤਿੰਨ ਪਾਸਿਆਂ ਤੋਂ ਇਕ ਵਾਰ ਫਿਰ ਜਾਨ-ਤੋੜਵਾਂ ਹੱਲਾ ਕੀਤਾ। ਪਰ ਉਹ ਵੀ ਅਸਫ਼ਲ ਹੀ ਰਿਹਾ। ਕਈ ਖ਼ੂਨੀ ਘੋਲਾਂ ਤੋਂ ਪਿਛੋਂ ਵੈਰੀ ਨੂੰ ਪਿਛੇ ਹਟਣਾ ਪਿਆ। ਇਥੇ ਉਨ੍ਹਾਂ ਨੂੰ ਖਾਸ ਕਰ ਮੰਡੀ ਦੇ ਰਾਜੇ ਨੇ ਇਹ ਸਲਾਹ ਦਿਤੀ ਕਿ ਗੁਰੂ-ਘਰ ਨਾਲ ਸੁਲ੍ਹਾ ਕਰਨ ਵਿਚ ਸਾਡੀ ਕੋਈ ਹੇਠੀ ਨਹੀਂ। ਪਰ ਕਈ ਹੋਰਨਾਂ ਨੇ ਆਖਿਆ ਕਿ ਇਵੇਂ ਕਰਨ ਨਾਲ ਗੁਰੂ ਦੀ ਫੌਜ ਦੇ ਹੌਸਲੇ ਹੋਰ ਵੀ ਵਧ ਜਾਣਗੇ। ਸੋ, ਉਨ੍ਹਾਂ ਤੀਜੀ ਵੇਰ ਹੱਲਾ ਕਰਨ ਦੀ ਪੱਕੀ ਕੀਤੀ ਤੇ ਇੱਕੋ ਸੇਧ ਉਤੇ ਹੀ ਸਾਰਾ ਜੋਰ ਲਗਾ ਦਿਤਾ। ਅਜੀਤ ਸਿੰਘ ਬੜੇ ਹੀ ਮਰਦਊ ਨਾਲ ਜੂਝਿਆ। ਭਾਵੇਂ ਉਸ ਦਾ ਘੋੜਾ ਫੱਟੜ ਹੋ ਚੁੱਕਾ ਸੀ ਪਰ ਉਹ ਪੈਦਲ ਹੀ ਮਾਰੋ ਮਾਰ ਕਰੀ ਜਾਂਦਾ ਸੀ। ਉਸ ਦੀ ਬੀਰਤਾ ਨੇ ਸਿੱਖਾਂ ਵਿਚ ਯੁੱਧ ਦਾ ਹੋਰ ਵੀ ਚਾਉ ਮਚਾਇਆ। ਉਹ ਜਾਨ ਤੋੜ ਕੇ ਲੜੇ। ਪਹਾੜੀ ਰਾਜਿਆਂ ਨੇ ਸਫ਼ਲਤਾ ਨਾ ਮਿਲਦੀ ਵੇਖ ਕੇ ਦੋ ਮਹੀਨਿਆਂ ਦੇ ਘੇਰੇ ਪਿਛੋਂ ਮੈਦਾਨ ਛੱਡ ਜਾਣਾ ਹੀ ਮੁਨਾਸਬ ਸਮਝਿਆ।

ਪਰ ਇਸ ਤੋਂ ਪਹਿਲਾਂ ਕਿ ਉਹ ਪਿਛੇ ਹਟਦੇ, ਉਨ੍ਹਾਂ ਇਕ ਹੋਰ ਭਿਆਨਕ ਚਾਲ ਚਲੀ। ਇਕ ਜਾਂਗਲੀ ਹਾਥੀ ਨੂੰ ਸ਼ਰਾਬ ਪਿਆ ਕੇ, ਸੰਜੋਅ ਨਾਲ ਉਸਦਾ ਪਿੰਡਾ ਢੱਕ, ਉਸ ਦੇ ਮੱਥੇ ਵਿਚ ਇਕ ਭਾਰਾ ਨੇਜ਼ਾ ਠੋਕ, ਉਸਨੂੰ ਕਿਲ੍ਹੇ ਦੇ ਦਰਵਾਜ਼ੇ ਨੂੰ ਚੀਰ ਦੇਣ ਲਈ ਅੱਗੇ ਕੀਤਾ। ਜਿਉਂ ਹੀ ਦਰਵਾਜ਼ਾ ਟੁੱਟਣਾ ਸੀ, ਪਿਛੇ ਆਉਂਦੀ

ਪਹਾੜੀ ਫੌਜ ਨੇ ਅੰਦਰ ਘਿਰੀ ਭੋਖੜੇ-ਮਾਰੀ ਸਿੱਖ ਫੌਜ ਉਤੇ ਟੁੱਟ ਕੇ ਪੈ ਜਾਣਾ ਸੀ। ਇਹ ਵੇਖ ਕੇ ਮਾਝੇ ਦਾ ਇਕ ਸਿੱਖ, ਦੁਨੀ ਚੰਦ ਜੋ ਪੰਜ ਸੌ ਦੀ ਫੌਜੀ-ਟੁਕੜੀ ਆਪਣੇ ਨਾਲ ਲਿਆਇਆ ਸੀ, ਚੋਰੀ ਚੋਰੀ ਰਾਤ ਦੇ ਹਨੇਰੇ ਵਿਚ ਦੀਵਾਰ ਟੱਪ ਕੇ ਭੱਜ ਗਿਆ। ਸਤਿਗੁਰਾਂ ਨੇ ਜਦ ਇਹ ਸੁਣਿਆ ਤਾਂ ਉਹ ਬੋਲੇ : "ਜੋ ਖਤਰੇ ਨੂੰ ਵੇਖ ਕੇ ਆਪਣੇ ਸਾਥੀਆਂ ਨੂੰ ਛੱਡ ਭੱਜ ਨਿਕਲਦਾ ਹੈ, ਉਸਨੂੰ ਮੌਤ ਕੋਈ ਹੋਰ ਵੇਸ ਧਾਰ ਕੇ ਰਾਹ ਵਿਚ ਆਣ ਮਿਲਦੀ ਹੈ।" ਆਖਦੇ ਹਨ, ਜਦ ਉਹ ਅੰਮ੍ਰਿਤਸਰ ਪੁੱਜਾ ਤੇ ਲੋਕਾਂ ਨੂੰ ਉਸ ਦੇ ਘ੍ਰਿਣਤ ਵਤੀਰੇ ਦਾ ਪਤਾ ਲਗਾ ਤਾਂ ਉਨ੍ਹਾਂ ਉਸਨੂੰ ਬਿਰਾਦਰੀ ਵਿਚੋਂ ਛੇਕ ਦਿਤਾ। ਛੇਤੀ ਹੀ ਪਿਛੋਂ ਇਕ ਜ਼ਹਿਰੀ ਨਾਗ ਦੇ ਡੰਗ ਨਾਲ ਉਸ ਦੀ ਮੌਤ ਹੋ ਗਈ।

ਜਦ ਇਹ ਮਸਤ ਹਾਥੀ ਚੀਕਦਾ ਚੰਘਾੜਦਾ ਹੋਇਆ ਅਗੇ ਵਧਿਆ, ਤਾਂ ਸਤਿਗੁਰਾਂ ਨੇ ਆਪਣੇ ਇਕ ਸਿੱਖ, ਬਚਿੱਤਰ ਸਿੰਘ ਨੂੰ ਉਸ ਦੇ ਟਾਕਰੇ ਲਈ ਤਿਆਰ ਕੀਤਾ। ਬਚਿੱਤਰ ਸਿੰਘ ਨੇ ਹਾਥੀ ਦੇ ਅਣਕੱਜੇ ਹੇਠਲੇ ਭਾਗ ਵਿਚ ਜਾ ਕੇ ਨੇਜ਼ਾ ਖੋਭ ਦੇਣਾ ਸੀ ਤੇ ਉਦੈ ਸਿੰਘ ਨਾਮ ਦੇ ਇਕ ਹੋਰ ਫੌਜੀ ਨੇ ਰਾਜਾ ਕੇਸਰੀ ਚੰਦ ਦਾ, ਜੋ ਇਸ ਦਲ ਦੀ ਅਗਵਾਈ ਕਰ ਰਿਹਾ ਸੀ, ਸਿਰ ਵੱਢ ਲਿਆਣਾ ਸੀ। ਇਵੇਂ ਹੀ ਹੋਇਆ ਵੀ। ਬਚਿੱਤਰ ਸਿੰਘ ਪਹਿਲੇ ਹੀ ਹੱਲੇ ਵਿਚ ਹਾਥੀ ਦੇ ਹੇਠਲੇ ਧੜ ਵਿਚ ਨੇਜ਼ਾ ਖੁਭਾਣ ਵਿਚ ਸਫਲ ਹੋਇਆ ਤੇ ਹਾਥੀ ਚੀਕਾਂ ਮਾਰਦਾ ਆਪਣੀ ਹੀ ਫੌਜ ਨੂੰ ਲਤਾੜਦਾ ਪਿਛੇ ਨੂੰ ਨੱਠਾ। ਉਦੈ ਸਿੰਘ ਨੇ ਕੇਸਰੀ ਚੰਦ ਨਾਲ ਦੋ ਕਰਾਰੇ ਹੱਥ ਕੀਤੇ ਤੇ ਉਸਦਾ ਸਿਰ ਉਸ ਦੇ ਧੜ ਤੋਂ ਵੱਖ ਕਰ ਦਿੱਤਾ। ਹੁਣ ਘਮਸਾਨ ਦਾ ਯੁੱਧ ਮਚਿਆ ਅਤੇ ਅਣਗਿਣਤ ਫੌਜੀ ਜ਼ਖ਼ਮੀ ਕਰਵਾ ਜਾਂ ਮਰਵਾ ਕੇ ਅਤੇ ਬਹੁਤ ਸਾਰਾ ਜੰਗੀ ਸਾਮਾਨ ਲੁਟਾ ਕੇ ਪਹਾੜੀ ਫੌਜ ਰਾਤ ਦੇ ਹਨੇਰੇ ਵਿਚ ਭੱਜ ਉਠੀ। ਇਸੇ ਯੁੱਧ ਵਿਚ ਉਨ੍ਹਾਂ ਦਾ ਇਕ ਪ੍ਰਸਿੱਧ ਆਗੂ, ਰਾਜਾ ਘੁਮੰਡ ਚੰਦ ਵੀ ਮਾਰਿਆ ਗਿਆ।

ਫਿਰ ਵੀ ਉਨ੍ਹਾਂ ਗੁਰੂ ਸਾਹਿਬ ਨੂੰ ਚੈਨ ਨਾ ਲੈਣ ਦਿਤਾ ਅਤੇ ਸ਼ਹਿਨਸ਼ਾਹ ਔਰੰਗਜ਼ੇਬ ਪਾਸ ਹੋਰ ਤਰਲੇ ਕੱਢਣੇ ਸ਼ੁਰੂ ਕਰ ਦਿਤੇ। ਇਸ ਵੇਰ ਫਿਰ ਸਾਰੇ ਪਹਾੜੀਏ ਰਲ ਕੇ ਆਨੰਦਪੁਰ ਉਤੇ ਚੜ੍ਹ ਆਏ। ਐਤਕੀਂ ਸਿੱਖ ਫੌਜ ਨੂੰ ਮੈਦਾਨ ਵਿਚ ਬਾਹਰ ਨਿਕਲ ਕੇ ਯੁੱਧ ਕਰਨ ਦਾ ਹੁਕਮ ਹੋਇਆ। ਪਹਾੜੀ ਫੌਜ ਇਵੇਂ ਸਿੱਖਾਂ ਨੂੰ ਖੁਲ੍ਹੇ ਮੈਦਾਨ ਵਿਚ ਨਿਕਲਿਆ ਵੇਖ ਜੋਸ਼ ਨਾਲ ਮੱਚ ਉੱਠੀ। ਸਿੱਖਾਂ ਨੇ ਇਕ ਉੱਚੀ ਥਾਂ ਉਤੇ ਆਪਣੇ ਮੋਰਚੇ ਬਣਾਏ ਤੇ ਛੇਤੀ ਹੀ ਵੈਰੀ ਨੂੰ ਨਠਾ ਦਿਤਾ। ਇਸ ਵੇਰ ਇਕ ਮੁਸਲਮਾਨ ਬੰਦੂਕਚੀ ਤੇ ਉਸ ਦੇ ਭਾਈ ਨੂੰ ਭਾਰੀ ਇਨਾਮ ਦਾ ਲਾਲਚ ਦੇ ਕੇ ਗੁਰੂ ਸਾਹਿਬ ਨੂੰ ਮਾਰ ਮੁਕਾਣ ਲਈ ਅੱਗੇ ਕੀਤਾ ਗਿਆ। ਉਸ ਦੇ ਨਿਸ਼ਾਨੇ ਨਾਲ ਗੁਰੂ ਸਾਹਿਬ ਦੇ ਪਾਸ ਖੜਾ ਇਕ ਸੇਵਕ ਸ਼ਹੀਦ ਹੋ ਗਿਆ। ਇਹ ਵੇਖ ਕੇ ਸਤਿਗੁਰਾਂ ਨੇ ਆਪਣੇ ਤੀਰਾਂ ਦਾ ਅਜੇਹਾ ਨਿਸ਼ਾਨਾ ਕੱਸਿਆ ਕਿ ਉਹ ਤੇ ਉਸਦਾ ਭਾਈ ਦੋਵੇਂ ਹੀ ਚਿੱਤ ਹੋ ਗਏ।

ਐਨੇ ਨੂੰ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਦੀ ਫ਼ੌਜ ਵੀ ਪਹਾੜੀ ਰਾਜਿਆਂ ਦੀ ਸਹਾਇਤਾ ਲਈ ਆਣ ਪਹੁੰਚੀ। ਗੁਰੂ ਸਾਹਿਬ ਨੂੰ ਇਹ ਸਲਾਹ ਦਿਤੀ ਗਈ ਕਿ ਉਹ ਆਨੰਦਪੁਰ ਦੇ ਕਿਲ੍ਹੇ ਵਿਚ ਬੈਠ ਕੇ ਅੰਦਰੋਂ ਲੜਾਈ ਕਰਨ। ਪਰ ਉਨ੍ਹਾਂ ਅਜੇਹਾ ਕਰਨ ਤੋਂ ਨਾਂਹ ਕਰ ਦਿਤਾ ਤੇ ਪੰਜ ਹਜਾਰ ਦੀ ਫੌਜ ਨੂੰ ਤਿੰਨ ਭਾਗਾਂ ਵਿਚ ਵੰਡ ਕੇ ਅੱਗੇ ਵਧੇ। ਉਨ੍ਹਾਂ ਦਾ ਸਪੁੱਤਰ, ਅਜੀਤ ਸਿੰਘ ਪੰਜ ਹੋਰ ਯੋਧਿਆਂ ਨਾਲ ਮਿਲ ਕੇ ਅਗਲੇ ਦਸਤੇ ਦੀ ਕਮਾਨ ਕਰ ਰਿਹਾ ਸੀ। ਗੁਰੂ ਸਾਹਿਬ ਆਪ ਪਿਛਲੀ ਟੁਕੜੀ ਦੀ ਅਗਵਾਈ ਕਰ ਰਹੇ ਸਨ। ਸਤਲੁਜ ਦਰਿਆ ਤੀਕ ਘਮਸਾਣ ਦੀ ਲੜਾਈ ਹੁੰਦੀ ਰਹੀ। ਸਤਿਗੁਰਾਂ ਨੇ ਦਰਿਆ ਪਾਰ ਕਰ ਕੇ ਦੂਜੇ ਕੰਢੇ ਉਤੇ ਮੋਰਚੇ ਬਣਾਣ ਦੀ ਸਬੀਲ ਸੋਚੀ। ਪਰ ਮੁਗਲਾਂ ਤੇ ਪਹਾੜੀ ਫੌਜਾਂ ਦਾ ਐਨਾ ਨੁਕਸਾਨ ਹੋ ਚੁੱਕਾ ਸੀ ਕਿ ਉਨ੍ਹਾਂ ਨੇ ਮੈਦਾਨ ਤੋਂ ਭੱਜ ਜਾਣਾ ਹੀ ਯੋਗ ਸਮਝਿਆ। ਸਰਹਿੰਦ ਦੇ ਸੂਬੇਦਾਰ ਨੂੰ ਬਹੁਮੁੱਲੇ ਤੋਂਹਫ਼ੇ ਦੇ ਕੇ ਪਹਾੜੀ ਰਾਜਿਆਂ ਨੇ ਉਸਨੂੰ ਕਸ਼ਟ ਦੇਣ ਲਈ ਖਿਮਾ ਮੰਗੀ।

ਪਹਾੜੀ ਰਾਜਿਆਂ ਨੇ ਸੋਚਿਆ ਕਿ ਗੁਰੂ ਆਨੰਦਪੁਰ ਨੂੰ ਤਾਂ ਛੱਡ ਗਏ ਹਨ, ਹੁਣ ਕਿਥੋਂ ਮੁੜਨਗੇ? ਪਰ ਉਹ ਛੇਤੀ ਹੀ ਫੇਰ ਆਪਣੇ ਨਗਰ ਵਿਚ ਫੌਜਾਂ ਸਮੇਤ ਨਗਾਰੇ ਵਜਾਂਦੇ ਆ ਗੱਜੇ। ਹੁਣ ਰਾਜਾ ਅਜਮੇਰ ਚੰਦ ਨੇ ਗੁਰੂ ਨਾਲ ਸੁਲ੍ਹਾ ਕਰਨੀ ਹੀ ਯੋਗ ਸਮਝੀ ਅਤੇ ਉਨ੍ਹਾਂ ਨੂੰ ਬਹੁਤ ਸਾਰੇ ਬਹੁਮੁੱਲੇ ਤੋਹਫੇ ਭੇਜ ਕੇ ਨਾਲ ਹੀ ਇਹ ਬੇਨਤੀ ਵੀ ਕੀਤੀ ਕਿ ਉਹ ਪਿੱਛੇ ਨੂੰ ਭੁਲਾ ਦੇਣ। ਸਤਿਗੁਰਾਂ ਨੇ ਨਿਮ੍ਰਤਾ ਦਾ ਉੱਤਰ ਸਖ਼ਾਵਤ ਵਿਚ ਦਿੱਤਾ। ਬਾਕੀ ਪਹਾੜੀ ਰਾਜਿਆਂ ਨੇ ਵੀ ਇਵੇਂ ਹੀ ਭੁੱਲ ਬਖ਼ਸ਼ਵਾਈ ਤੇ ਕੁਝ ਸਮੇਂ ਲਈ ਇਸ ਯੁੱਧ-ਖੇਤਰ ਵਿਚ ਸ਼ਾਂਤੀ ਵਰਤ ਗਈ।

ਕਾਂਡ 6

''ਧੰਨ ਜੀਓ ਤਿਹ ਕੋ ਜਗ ਮੈ,
ਮੁਖ ਤੇ ਹਰਿ ਚਿੱਤ ਮੈ ਜੁੱਧ ਬਿਚਾਰੈ।''

- ਗੁਰੂ ਗੋਬਿੰਦ ਸਿੰਘ

ਜਿਉਂ ਹੀ ਸ਼ਾਂਤੀ ਦਾ ਕੁਝ ਸਮਾਂ ਮਿਲਿਆ, ਸਤਿਗੁਰਾਂ ਨੇ ਆਪਣੇ ਸਿੱਖ ਸੇਵਕਾਂ ਨੂੰ ਧਰਮ ਦੇ ਸੂਖਮ, ਅਧਿਆਤਮਕ ਤੇ ਸਮਾਜਕ ਅੰਗਾਂ ਵਲ ਪ੍ਰੇਰਿਆ। ਦੂਰ ਦੂਰ ਤੋਂ ਸ਼ਰਧਾਲੂ ਉਨ੍ਹਾਂ ਦੇ ਦਰਸ਼ਨ ਕਰਨ ਆਉਂਦੇ ਤੇ ਉਨ੍ਹਾਂ ਨੂੰ ਧਨ ਤੋਂ ਛੁੱਟ ਚੋਣਵੇਂ ਘੋੜੇ ਤੇ ਸ਼ਸਤ੍ਰ ਭੇਟਾ ਕਰਦੇ। ਸਵੇਰੇ ਸ਼ਾਮ ਦੀਵਾਨ ਲਗਦੇ ਜਿਸ ਵਿਚ ਗੁਰੂ-ਸ਼ਬਦ ਦਾ ਕੀਰਤਨ ਹੁੰਦਾ ਤੇ ਨਾਲ ਹੀ ਸਤਿਗੁਰੂ ਆਪਣੇ ਉਦੇਸ਼ਾਂ ਰਾਹੀਂ ਸਿੱਖਾਂ ਨੂੰ ਆਪਣਾ ਸਾਰਾ ਜੀਵਨ ਪਰਮੇਸ਼ੂਰ ਨੂੰ ਅਰਪਣ ਕਰਨ ਉਤੇ ਜ਼ੋਰ ਦੇਂਦੇ। ਸਦਾ ਉਸ ਦੀ ਹਜ਼ੂਰੀ ਵਿਚ ਰਹਿ ਕੇ ਸੰਸਾਰ ਦੀ ਸਾਰੀ ਕਾਰ ਕਰਨੀ ਤੇ ਜੋ ਕਰਨਾ ਉਸੇ ਦੀ ਪ੍ਰਸੰਨਤਾ ਲਈ ਤੇ ਉਸੇ ਦਾ ਹੁਕਮ ਜਾਣ ਕੇ ਕਰਨਾ। ਸਤਿਗੁਰਾਂ ਨੇ ਬਿਨ੍ਹਾਂ ਜਾਤ, ਧਰਮ ਤੇ ਜਨਮ ਦੇ ਵਿਤਕਰੇ ਦੇ ਇਕ ਦੂਜੇ ਦੀ ਸੇਵਾ ਲਈ ਵੀ ਆਦੇਸ਼ ਦਿਤਾ ਤੇ ਆਖਿਆ ਕਿ ਮੇਰਾ ਸਿੱਖ ਸਾਰੀ ਮਨੁੱਖ ਜਾਤੀ ਨੂੰ ਇਕ ਸਮਾਨ ਸਮਝੇਗਾ।

ਇਕ ਦਿਨ ਸਤਿਗੁਰਾਂ ਨੂੰ ਪਿਆਸ ਲੱਗੀ। ਉਨ੍ਹਾਂ ਪਾਣੀ ਮੰਗਿਆ। ਇਕ ਨੌਜਵਾਨ ਨੇ ਝੱਟ ਇਹ ਹੁਕਮ ਸੁਣਦਿਆਂ ਹੀ ਪਾਣੀ ਦਾ ਛੰਨਾ ਭਰ ਲਿਆਂਦਾ। ਪਰ ਜਦ ਸਤਿਗੁਰਾਂ ਨੇ ਉਸ ਦੇ ਕੋਮਲ, ਚਿੱਟੇ ਹੱਥਾਂ ਵਲ ਵੇਖਿਆ ਤਾਂ ਪੁੱਛ ਕੀਤੀ, ''ਇਵੇਂ ਜਾਪਦਾ ਹੈ ਕਿ ਤੁਸਾਂ ਕਦੀ ਆਪਣੇ ਹੱਥਾਂ ਨੂੰ ਵਰਤਿਆ ਨਹੀਂ!'' ਉਸ ਨੌਜਵਾਨ ਨੇ ਬੜੇ ਮਾਣ ਨਾਲ ਉੱਤਰ ਦਿਤਾ, ''ਇਹ ਬਿਲਕੁਲ ਠੀਕ ਹੈ। ਮੇਰੇ ਮਾਤਾ-ਪਿਤਾ ਬੜੇ ਅਮੀਰ ਹਨ। ਉਨ੍ਹਾਂ ਮੈਨੂੰ ਕਦੀ ਵੀ ਕੋਈ ਕੰਮ ਨਹੀਂ ਕਰਨ ਦਿਤਾ।'' ਇਹ ਸੁਣਦਿਆਂ ਹੀ ਗੁਰੂ ਸਾਹਿਬ ਨੇ ਪਾਣੀ ਦਾ ਛੰਨਾ ਡੋਲ੍ਹ ਦਿਤਾ ਤੇ ਆਖਿਆ, ''ਜਿਨ੍ਹਾਂ ਹੱਥਾਂ ਨੇ ਕਿਸੇ ਦੀ ਕਦੀ ਸੇਵਾ ਨਹੀਂ ਕੀਤੀ ਉਨ੍ਹਾਂ ਤੋਂ ਪਾਣੀ ਲੈਣਾ ਮੈਂ ਪਾਪ ਸਮਝਦਾ ਹਾਂ।''

ਸਤਿਗੁਰਾਂ ਨੂੰ ਸਿੱਖ ਦੂਰ ਦੂਰ ਤੋਂ ਆਪਣੀ ਕਮਾਈ ਦਾ ਦਸਵੰਧ ਦੇਣ ਤੇ ਦਰਸ਼ਨ ਕਰਨ ਲਈ ਆਉਂਦੇ ਸਨ। ਉਹ ਭਾਰਤ ਦੇ ਹਰ ਕੋਨੇ ਤੋਂ ਵੀ ਪਧਾਰਦੇ ਸਨ ਤੇ ਲੰਕਾ, ਕਾਬੁਲ, ਕੰਧਾਰ, ਤਿੱਬਤ ਤੇ ਮੱਧ ਏਸ਼ੀਆ ਤੋਂ ਵੀ। ਇਕ ਵੇਰ

ਇਕ ਸਿੱਖ ਬੜੀ ਦੂਰ ਤੋਂ ਉਨ੍ਹਾਂ ਦੇ ਦਰਸ਼ਨਾਂ ਨੂੰ ਆਇਆ। ਉਸਨੂੰ ਪੜ੍ਹਨਾ ਲਿਖਣਾ ਨਹੀਂ ਸੀ ਆਉਂਦਾ। ਉਸਨੇ ਸਤਿਗੁਰਾਂ ਅੱਗੇ ਬੇਨਤੀ ਕੀਤੀ, ''ਸੱਚੇ ਪਾਤਸ਼ਾਹ, ਮੈਂ ਕਾਫ਼ੀ ਧਨ ਕਮਾ ਲਿਆ ਹੈ। ਹੁਣ ਮੈਂ ਸ਼ਾਂਤੀ ਦੀ ਭਾਲ ਵਿਚ ਆਪ ਦੇ ਚਰਨਾਂ ਵਿਚ ਰਹਿਣਾ ਚਾਹੁੰਦਾ ਹਾਂ।'' ਸਤਿਗੁਰਾਂ ਨੇ ਸਭ ਤੋਂ ਪਹਿਲਾਂ ਉਸਨੂੰ ਪੜ੍ਹਾਣ ਲਿਖਾਣ ਦਾ ਉੱਦਮ ਅਰੰਭਿਆ ਤੇ ਇਕ ਵਿਦਵਾਨ ਸਿੱਖ ਨੂੰ ਉਸ ਦੀ ਸੌਂਪਣਾ ਕਰ ਦਿਤੀ। ਪਰ ਜਦ ਉਸਨੇ ਸਿੱਖ ਨੂੰ ਗੁਰੂ ਅਮਰਦਾਸ ਦੀ ਇਹ ਤੁਕ ਪੜ੍ਹਾਈ, ''ਅਨੰਦ ਭਇਆ ਮੇਰੀ ਮਾਏ, ਸਤਿਗੁਰੂ ਮੈਂ ਪਾਇਆ'', ਤਾਂ ਉਸਨੇ ਅੱਗੇ ਹੋਰ ਪੜ੍ਹਨ ਤੋਂ ਇਨਕਾਰ ਕਰ ਦਿਤਾ। ਜਦ ਸਤਿਗੁਰੂ ਨੇ ਇਸ ਦਾ ਕਾਰਣ ਪੁੱਛਿਆ ਤਾਂ ਇਸ ਦਿਲ-ਭਿੱਜੇ ਸ਼ਰਧਾਲੂ ਨੇ ਦੱਸਿਆ, ''ਹੁਣ ਮੇਰੇ ਪਾਸ ਪੜ੍ਹਨ ਲਈ ਤੇ ਇਸ ਪਾਸ ਪੜ੍ਹਾਣ ਲਈ ਰਹਿ ਹੀ ਕੀ ਗਿਆ ਹੈ, ਜਦ ਮੈਨੂੰ ਗੁਰੂ ਮਿਲ ਗਿਆ ਤੇ ਮੇਰੇ ਮਨ ਅੰਦਰ ਆਨੰਦ ਹੀ ਆਨੰਦ ਸਮਾ ਗਿਆ ਹੈ।'' ਸਤਿਗੁਰਾਂ ਨੇ ਉਸਨੂੰ ਗਲ ਨਾਲ ਲਾ ਲਿਆ ਤੇ ਆਖਿਆ, ''ਤੂੰ ਧੰਨ ਹੈਂ, ਜਿਸ ਨੇ ਐਨੀ ਛੇਤੀ ਤੇ ਐਨੀ ਚੰਗੀ ਤਰ੍ਹਾਂ ਗੁਰੂ ਨੂੰ ਪਾ ਲਿਆ ਹੈ।''

ਇਨ੍ਹਾਂ ਦਿਨਾਂ ਵਿਚ ਕਾਹਨ ਸਿੰਘ ਨਾਮ ਦਾ ਇਕ ਸਿੱਖ ਗੁਰੂ ਦੀ ਸੇਵਾ ਵਿਚ ਹਰ ਵੇਲੇ ਜੁਟਿਆ ਰਹਿੰਦਾ ਸੀ। ਇਕ ਦਿਨ ਉਹ ਇਕ ਕੰਧ ਦੀ ਲਿਪਾਈ ਕਰ ਰਿਹਾ ਸੀ ਕਿ ਸਤਿਗੁਰੂ ਕੁਝ ਸੇਵਕਾਂ ਸਮੇਤ ਉਧਰੋਂ ਲੰਘੇ ਤੇ ਉਨ੍ਹਾਂ ਦੇ ਜਾਮੇ ਉਤੇ ਚਿੱਕੜ ਦੀਆਂ ਕੁਝ ਛਿੱਟਾਂ ਪੈ ਗਈਆਂ। ਸਤਿਗੁਰਾਂ ਨੇ ਹਾਸੇ ਨਾਲ ਆਖਿਆ: ''ਕੇਹੀ ਉੱਤਮ ਸੇਵਾ ਕੇਹੀ ਬੇਧਿਆਨੀ ਨਾਲ ਹੋ ਰਹੀ ਹੈ! ਅਜੇਹੇ ਸੇਵਕ ਨੂੰ ਤਾਂ ਸੇਵਾ ਦਾ ਫੱਲ ਦੰਡ ਵਿਚ ਮਿਲਣਾ ਚਾਹੀਦਾ ਹੈ!'' ਇਹ ਸੁਣਦਿਆਂ ਹੀ ਦੋ. ਤਿੰਨ ਸੇਵਕ ਉਸ ਉੱਤੇ ਟੁੱਟ ਕੇ ਜਾ ਪਏ ਤੇ ਉਸ ਦੀ ਚੰਗੀ ਕੁੱਟ ਮਾਰ ਕੀਤੀ। ਇਹ ਵੇਖ ਕੇ ਸਤਿਗੁਰਾਂ ਦਾ ਮਨ ਬਹੁਤ ਦੁਖੀ ਹੋਇਆ ਤੇ ਉਨ੍ਹਾਂ ਆਖਿਆ, ''ਮੇਰੇ ਬਚਨ ਦਾ ਪਾਲਣ ਤੁਸਾਂ ਕੇਹੀ ਸੋਹਣੀ ਤਰ੍ਹਾਂ ਕੀਤਾ ਹੈ! ਹੁਣ ਮੈਂ ਇਹ ਹੁਕਮ ਦੇਂਦਾ ਹਾਂ ਕਿ ਕੋਈ ਸਿੱਖ ਇਸ ਨੂੰ ਆਪਣੀ ਪੁੱਤਰੀ ਵਿਆਹ ਦੇਵੇ, ਤਾਂ ਜੁ ਮੇਰੀ ਸੇਵਾ ਦੇ ਫਲ ਵਜੋਂ ਇਸ ਦਾ ਪਰਿਵਾਰ ਵਧੇ ਫੁਲੇ।'' ਸਾਰੇ ਸਿੱਖ ਇਕ ਦੂਜੇ ਦਾ ਮੂੰਹ ਵੇਖਣ ਲੱਗੇ, ਪਰ ਕੰਧਾਰ ਦੇ ਇਕ ਸ਼ਰਧਾਲੂ ਨੇ ਅੱਗੇ ਵਧ ਕੇ ਆਖਿਆ, ''ਆਪ ਦਾ ਇਹ ਹੁਕਮ ਵੀ ਪੂਰਾ ਹੋਵੇਗਾ! ਮੈਂ ਆਪਣੀ ਪੁੱਤਰੀ ਦਾ ਵਿਆਹ ਇਸ ਗਰੀਬ ਕਿਰਤੀ ਨਾਲ ਕਰਨ ਨੂੰ ਤਿਆਰ ਹਾਂ।'' ਸਤਿਗੁਰੂ ਬਹੁਤ ਪ੍ਰਸੰਨ ਹੋਏ ਅਤੇ ਕਾਹਨ ਸਿੰਘ ਨੂੰ ਪੰਜ ਬੀਰ-ਪੁੱਤਰਾਂ ਦਾ ਵਰ ਦਿਤਾ।

ਇਕ ਦਿਨ ਇਹ ਸੁਣ ਕੇ ਕਿ ਗੁਰੂ ਦੇ ਲੰਗਰ ਵਿਚੋਂ ਅਤਿਥੀ ਕਈ ਵੇਰ ਖ਼ਾਲੀ ਹੱਥ ਮੋੜ ਦਿਤੇ ਜਾਂਦੇ ਹਨ, ਸਤਿਗੁਰਾਂ ਨੇ ਭੇਸ ਬਦਲ ਕੇ ਇਸ ਗੱਲ ਦੀ ਪੁੱਛ ਭਾਲ ਕਰਨੀ ਚਾਹੀ। ਜਦ ਉਹ ਲੰਗਰਖਾਨੇ ਅੱਗੇ ਗਏ ਤਾਂ ਸੇਵਕਾਂ ਨੇ ਕਈ ਤਰ੍ਹਾਂ ਦੇ ਬਹਾਨੇ ਬਣਾਣੇ ਸ਼ੁਰੂ ਕੀਤੇ। ਕਿਸੇ ਨੇ ਆਖਿਆ, ''ਲੰਗਰ ਤਿਆਰ ਨਹੀਂ।'' ਕੋਈ ਆਖੇ, ''ਪਹਿਲਾਂ ਸਤਿਗੁਰੂ ਪ੍ਰਸ਼ਾਦ ਛਕਣਗੇ, ਤਾਂ ਪਿਛੋਂ ਬਾਕੀਆਂ ਨੂੰ ਛਕਾਇਆ

ਜਾਵੇਗਾ।'' ਪਰ ਜਦ ਗੁਰੂ ਸਾਹਿਬ ਭਾਈ ਨੰਦ ਲਾਲ ਦੇ ਲੰਗਰ ਵਿਚ ਗਏ ਤਾਂ ਉਸਨੇ ਅੱਗੋਂ ਜੋ ਕੱਚਾ ਪਕਾ ਹਾਜ਼ਰ ਸੀ, ਭੇਟਾ ਕਰ ਦਿਤਾ। ਸਤਿਗੁਰਾਂ ਨੇ ਦੀਵਾਨ ਵਿਚ ਗੱਲ ਦੀ ਚਰਚਾ ਕੀਤੀ ਤੇ ਆਖਿਆ, ''ਜਦੋਂ ਕੋਈ ਅਤਿਥੀ ਤੁਹਾਡੇ ਬੂਹੇ ਤੇ ਆਵੇ, ਜੋ ਕੁਝ ਹਾਜ਼ਰ ਕਰ ਸਕਦੇ ਹੋ, ਉਸ ਵੇਲੇ ਕਰ ਦਿਓ। ਲੰਗਰ ਨੂੰ ਗੁਰੂ ਦਾ ਆਖਣਾ ਤੇ ਫਿਰ ਲੋੜਵੰਦਾਂ ਅੱਗੇ ਟਾਲ ਮਟੋਲ ਕਰਨਾ ਚੰਗਾ ਨਹੀਂ। ਗਰੀਬ ਦਾ ਮੂੰਹ ਹੀ ਗੁਰੂ ਦੀ ਗੋਲਕ ਹੈ।''

ਇਕ ਵੇਰ ਰਾਸ਼ਨ ਦੀ ਥੁੜ ਕਰ ਕੇ ਮਾਤਾ ਗੁਜਰੀ ਜੀ ਨੇ ਸਿੱਖਾਂ ਨੂੰ ਆਪਣੇ ਸੇਵਕਾਂ ਤੋਂ ਛੁਟ ਹੋਰ ਲੋਕਾਂ ਨੂੰ ਲੰਗਰ ਵਰਤਾਉਣਾ ਮਨ੍ਹਾਂ ਕਰ ਦਿਤਾ। ਜਦ ਸਤਿਗੁਰਾਂ ਨੇ ਸੁਣਿਆਂ ਤਾਂ ਬਹੁਤ ਦੁਖੀ ਹੋਏ। ਉਨ੍ਹਾਂ ਸਰਾਪ ਦਿਤਾ, ''ਜਿਨ੍ਹਾਂ ਮੇਰੀ ਮਾਤਾ ਨੂੰ ਇਹ ਸਲਾਹ ਦਿਤੀ ਹੈ, ਪ੍ਰਮੇਸ਼ੁਰ ਉਨ੍ਹਾਂ ਨੂੰ ਤੁਰਕਾਂ ਦੇ ਹੱਥੋਂ ਨਾਸ ਕਰਾਵੇ।'' ਮਾਤਾ ਜੀ ਨੇ ਇਹ ਸੁਣ ਕੇ ਭਰੀਆਂ ਅੱਖਾਂ ਨਾਲ ਆਪਣੇ ਗੁਰੂ-ਪੁੱਤਰ ਅੱਗੇ ਮੁਆਫੀ ਲਈ ਤਰਲਾ ਕੀਤਾ। ਸਤਿਗੁਰਾਂ ਨੇ ਆਖਿਆ, ''ਮਾਤਾ ਜੀ, ਜਦੋਂ ਤੀਕ ਇਹ ਲੰਗਰ ਚਲਦਾ ਹੈ ਤੇ ਸਭ ਲਈ ਹੈ, ਓਦੋਂ ਤੀਕ ਹੀ ਇਹ ਗੁਰੂ ਦਾ ਲੰਗਰ ਹੈ। ਇਸ ਨੂੰ ਕਦੀ ਵੀ ਥੁੜ ਨਹੀਂ ਪਵੇਗੀ, ਪਰ ਜਦੋਂ ਇਸ ਦੀ ਵੰਡ ਵਿਚ ਆਪਣੇ ਬਿਗਾਨੇ ਦਾ ਵਿਤਕਰਾ ਪੈ ਗਿਆ, ਓਦੋਂ ਇਸ ਦੀ ਲੋੜ ਹੀ ਨਹੀਂ ਰਹੇਗੀ ਤੇ ਇਸ ਦਾ ਸੋਮਾ ਸੁੱਕ ਜਾਵੇਗਾ।'' ਸਤਿਗੁਰਾਂ ਨੇ ਮਾਤਾ ਜੀ ਦੇ ਕਹੇ ਤੇ ਅਪਰਾਧੀਆਂ ਨੂੰ ਬਖਸ਼ ਦਿਤਾ, ਪਰ ਅੱਗੋਂ ਲਈ ਕਰੜਾ ਹੁਕਮ ਦਿਤਾ ਕਿ ''ਗੁਰੂ ਕਾ ਲੰਗਰ'' ਗੁਰੂ ਦਾ ਸਮਝ ਕੇ ਹੀ ਵਰਤਾਇਆ ਜਾਏ ਤੇ ਇਸ ਵਿਚ ਕੋਈ ਵੀ ਕਦੀ ਪਿੱਛੇ ਨੂੰ ਹੱਥ ਨਾ ਖਿੱਚੇ।

ਇਨ੍ਹਾਂ ਦਿਨਾਂ ਵਿਚ ਹੀ ਰਾਜਾ ਭੀਮ ਚੰਦ ਦੇ ਪੁੱਤਰ, ਅਜਮੇਰ ਚੰਦ ਨੇ ਇਕ ਬ੍ਰਾਹਮਣ ਨੂੰ ਗੁਰੂ ਦੇ ਭਗਤ ਦੇ ਭੇਸ ਵਿਚ ਉਨ੍ਹਾਂ ਦੇ ਦਰਬਾਰ ਵਿਚ ਰਹਿਣ ਲਈ ਭੇਜਿਆ। ਉਪਰੋਂ ਤਾਂ ਉਹ ਭਗਤੀ-ਭਾਵ ਦਾ ਬਹਾਨਾ ਕਰਦਾ ਸੀ, ਪਰ ਅੰਦਰੋਂ ਉਹ ਗੁਰੂ ਦੇ ਖਜ਼ਾਨੇ ਤੇ ਸਿੱਖਾਂ ਦੀ ਫੌਜੀ-ਸ਼ਕਤੀ ਦੀ ਸੂਹ ਆਪਣੇ ਸੁਆਮੀ ਨੂੰ ਪਹੁੰਚਾਂਦਾ ਰਹਿੰਦਾ ਸੀ। ਉਸਨੇ ਦੋ ਚੋਣਵੇਂ ਘੋੜੇ ਵੀ ਗੁਰੂ ਦੇ ਅਸਤਬਲ ਵਿਚੋਂ ਚੋਰੀ ਕਰਵਾ ਦਿਤੇ। ਫਿਰ ਵੀ ਸਤਿਗੁਰੂ ਚੁੱਪ ਰਹੇ ਤੇ ਜਦ ਉਸ ਬ੍ਰਾਹਮਣ ਨੇ ਉਨ੍ਹਾਂ ਨੂੰ ਮੰਡੀ ਦੇ ਨੇੜੇ ਰਵਾਲਸਰ ਦੇ ਮੇਲੇ ਉੱਤੇ ਜਾਣ ਲਈ ਬੇਨਤੀ ਕੀਤੀ, ਜਿਥੇ ਪਹਾੜੀ ਲੋਕ ਤੇ ਰਾਜੇ ਹਰ ਵਰ੍ਹੇ ਭਾਰੀ ਗਿਣਤੀ ਵਿਚ ਇਕੱਠੇ ਹੁੰਦੇ ਸਨ, ਤਾਂ ਸਤਿਗੁਰਾਂ ਨੇ ਉਸ ਦੀ ਬੇਨਤੀ ਨੂੰ ਪਰਵਾਨ ਕਰ ਲਿਆ।

ਇਥੇ ਪੁੱਜ ਕੇ ਬਹੁਤ ਸਾਰੇ ਪਹਾੜੀ ਰਾਜੇ ਉਨ੍ਹਾਂ ਦੇ ਦਰਸ਼ਨਾਂ ਨੂੰ ਆਏ ਤੇ ਕਈ ਬਹੁਮੁੱਲੀਆਂ ਭੇਟਾਂ ਉਨ੍ਹਾਂ ਦੇ ਅੱਗੇ ਹਾਜ਼ਰ ਕੀਤੀਆਂ। ਉਨ੍ਹਾਂ ਇਹ ਵੀ ਆਖਿਆ ਕਿ ਹੁਣ ਸਾਨੂੰ ਪਿੱਛੇ ਨੂੰ ਭੁਲਾ ਕੇ ਇਕ ਨਵਾਂ ਭਵਿੱਖ ਉਸਾਰਨਾ ਚਾਹੀਦਾ ਹੈ। ਸਤਿਗੁਰਾਂ ਨੇ ਉੱਤਰ ਦਿਤਾ, ''ਮੇਰੇ ਘਰ ਵਿਚ ਪਿਛੇ ਨੂੰ ਨਹੀਂ, ਸਗੋਂ ਵਰਤਮਾਨ ਤੇ ਭਵਿੱਖ ਨੂੰ ਹੀ ਚੇਤੇ ਰਖਿਆ ਜਾਂਦਾ ਹੈ।'' ਇਵੇਂ ਜਾਪਦਾ ਸੀ ਕਿ ਰਾਜੇ ਤੇ

ਰਾਣੀਆਂ ਸਤਿਗੁਰਾਂ ਦੇ ਮਧੁਰ ਬਚਨਾਂ ਤੇ ਉਨ੍ਹਾਂ ਦੀ ਸ਼ਖ਼ਸੀਅਤ ਤੇ ਤੌਰ-ਤਰੀਕੇ ਤੋਂ ਮੋਹੇ ਹੀ ਗਏ ਹਨ। ਇੱਥੇ ਸਤਿਗੁਰਾਂ ਨੇ ਇਕ ਵੱਡਾ ਬ੍ਰਹਮ-ਭੋਜ ਕੀਤਾ ਤੇ ਸਭ ਜਾਤੀਆਂ ਦੇ ਲੋਕਾਂ ਨੂੰ ਉਸ ਵਿਚ ਸ਼ਾਮਲ ਹੋਣ ਲਈ ਸਦਾ ਦਿਤਾ। ਪਰ ਉੱਚੀ ਜਾਤ ਦੇ ਬ੍ਰਾਹਮਣਾਂ ਨੇ ਆਉਣ ਤੋਂ ਨਾਂਹ ਕਰ ਦਿਤੀ ਤੇ ਆਖਿਆ : ''ਅਸੀਂ ਗੁਰੂ ਦੇ ਨਵੇਂ ਰਾਹ ਨੂੰ ਅਪਣਾ ਕੇ ਕਿਵੇਂ ਆਪਣੇ ਪਿਤਰੀ ਧਰਮ ਨੂੰ ਤਿਲਾਂਜਲੀ ਦੇ ਦੇਈਏ?'' ਇਹ ਵੇਖ ਕੇ ਕਿ ਪਹਾੜੀ ਲੋਕ ਜਾਦੂ ਟੂਣੇ ਤੇ ਜੋਤਸ਼ ਦੇ ਬਹੁਤ ਹੀ ਅੰਧਵਿਸ਼ਵਾਸੀ ਹਨ, ਸਤਿਗੁਰਾਂ ਨੇ ਆਪਣੇ ਸਿੱਖਾਂ ਨੂੰ ਉਪਦੇਸ਼ ਦਿਤਾ, ''ਅਕਾਲ ਪੁਰਖ ਦੇ ਭੇਦ ਛੁਪੇ ਹੋਏ ਹਨ। ਇਨ੍ਹਾਂ ਨੂੰ ਕੋਈ ਵੀ ਜਾਣ ਨਹੀਂ ਸਕਦਾ, ਨਾ ਹੀ ਸਾਨੂੰ ਹੀ ਜਾਦੂ ਜੋਤਸ਼ ਰਾਹੀਂ ਇਨ੍ਹਾਂ ਨੂੰ ਜਾਣਨ ਜਾਂ ਪ੍ਰਭਾਵਿਤ ਕਰਨ ਦਾ ਕੋਈ ਹੀਲਾ ਕਰਨਾ ਚਾਹੀਦਾ ਹੈ। ਸਾਡੇ ਲਈ ਇੱਕ ਘੜੀ ਓਨੀ ਹੀ ਸ਼ੁਭ ਹੈ, ਜਿੰਨੀ ਦੂਜੀ ਤੇ ਜੋ ਪਰਮੇਸ਼ੂਰ ਆਪਣੇ ਭਾਣੇ ਵਿਚ ਕਰਦਾ ਹੈ, ਉਹ ਠੀਕ ਹੀ ਕਰਦਾ ਹੈ।''

ਇਨ੍ਹਾਂ ਦਿਨਾਂ ਵਿਚ ਹੀ ਹਰਿ-ਗੋਪਾਲ ਨਾਮ ਦਾ ਇਕ ਵੈਸ਼ਨੋ ਸਤਿਗੁਰਾਂ ਦੇ ਦਰਸ਼ਨਾਂ ਨੂੰ ਆਇਆ। ਉਸਦਾ ਪਿਤਾ ਪਹਿਲਾਂ ਹੀ ਗੁਰੂ ਘਰ ਦਾ ਸ਼ਰਧਾਲੂ ਬਣ ਚੁੱਕਾ ਸੀ। ਉਸਨੇ ਗੁਰੂ ਸਾਹਿਬ ਨੂੰ ਪੰਜ ਸੌ ਰੁਪਏ ਵੀ ਭੇਟਾ ਕੀਤੇ। ਪਰ ਜਦ ਉਸਨੇ ਸਤਿਗੁਰੂ ਨੂੰ ਮਾਸ ਦਾ ਆਹਾਰ ਕਰਦੇ ਵੇਖਿਆ, ਤਾਂ ਉਸ ਦੇ ਮਨ ਵਿਚ ਆਪਣੀ ਸ਼ਰਧਾ ਉੱਤੇ ਬੜਾ ਪਛਤਾਵਾ ਹੋਇਆ। ਸਤਿਗੁਰਾਂ ਨੇ ਉਸਨੂੰ ਨਾਮ ਦਾਨ ਬਖਸ਼ਿਆ ਤੇ ਨਿਸ਼ਾਨੀ ਵਜੋਂ ਇਕ ਲੋਹੇ ਦਾ ਕੜਾ ਵੀ। ਪਰ ਘਰ ਮੁੜਦਿਆਂ ਉਸਨੇ ਰਾਹ ਵਿਚ ਇਕ ਸਿੱਖ ਨੂੰ ਦੱਸਿਆ ਕਿ ਕਿਵੇਂ ਉਸਦਾ ਮਨ ਦੁਬਿਧਾ ਵਿਚ ਫਸਿਆ ਹੋਇਆ ਸੀ। ਸਿੱਖ ਨੂੰ ਇਹ ਸੁਣ ਕੇ ਬੜਾ ਅਚੰਭਾ ਹੋਇਆ। ਉਸਨੇ ਹਰਿ-ਗੋਪਾਲ ਨੂੰ ਪੇਸ਼ਕਸ਼ ਕੀਤੀ, ''ਜੇ ਤੂੰ ਮੈਨੂੰ ਸਤਿਗੁਰੂ ਦਾ ਬਖਸ਼ਿਆ ਨਾਮ-ਦਾਨ ਤੇ ਲੋਹੇ ਦਾ ਕੜਾ ਭੇਟਾ ਕਰ ਦੇਵੇਂ, ਤਾਂ ਮੈਂ ਤੈਨੂੰ ਤੇਰੇ ਗੁਰੂ ਨੂੰ ਭੇਟਾ ਕੀਤੇ ਪੰਜ ਸੌ ਰੁਪਏ ਆਪ ਦੇ ਦੇਂਦਾ ਹਾਂ।'' ਹਰਿ-ਗੋਪਾਲ ਬੜਾ ਪ੍ਰਸੰਨ ਹੋਇਆ। ਉਸਨੇ ਇਵੇਂ ਹੀ ਕੀਤਾ। ਪਰ ਜਦ ਘਰ ਮੁੜਿਆ ਤਾਂ ਛੇਤੀ ਹੀ ਵਪਾਰ ਵਿਚ ਘਾਟਾ ਪੈਣ ਕਰ ਕੇ ਨਾ ਉਸ ਪਾਸ ਧਨ ਰਿਹਾ, ਅਤੇ ਨਾ ਹੀ ਮਨ ਦੀ ਸ਼ਾਂਤੀ। ਮੁੜ ਗੁਰੂ ਦੇ ਚਰਨਾਂ ਵਿਚ ਹਾਜ਼ਰ ਹੋਇਆ ਤੇ ਆਪਣੀ ਭੁੱਲ ਦੀ ਮੁਆਫੀ ਮੰਗੀ। ਸਤਿਗੁਰਾਂ ਨੇ ਉਸਨੂੰ ਆਖਿਆ : ''ਗੁਰੂ ਉਹ ਸਭ ਕੁਝ ਕਬੂਲ ਕਰਦਾ ਹੈ, ਜੋ ਪਰਮੇਸ਼ੂਰ ਉਸਨੂੰ ਪਹੁੰਚਾਂਦਾ ਹੈ। ਗੁਰੂ ਸੁਆਦ ਲਈ ਕੁਝ ਨਹੀਂ ਖਾਂਦਾ, ਕੇਵਲ ਸਰੀਰ ਨੂੰ ਪਰਮੇਸ਼ੂਰ ਦੀ ਆਗਿਆ ਪਾਲਣ ਤੇ ਨਿਰਬਲ ਤੇ ਬੇਸਹਾਰਾ ਜੀਵਾਂ ਦੀ ਰੱਖਿਆ ਤੇ ਉਨ੍ਹਾਂ ਦੀ ਆਤਮਕ ਸ਼ਾਂਤੀ ਲਈ ਵਰਤਦਾ ਹੈ। ਇਸ ਲਈ ਖਾਣ ਲਈ ਜੋ ਵੀ ਪਰਮੇਸ਼ੂਰ ਨੇ ਸੰਸਾਰ ਵਿਚ ਬਣਾਇਆ ਹੈ ਤੇ ਜੋ ਮਿਲ ਸਕਦਾ ਹੈ, ਓਹੀ ਮੈਂ ਸ੍ਵੀਕਾਰ ਕਰ ਲੈਂਦਾ ਹਾਂ। ਜੋ ਕੋਈ ਵੀ ਆਪਣਾ ਸਾਰਾ ਜੀਵਨ ਪ੍ਰਭੂ ਨੂੰ ਭੇਟਾ ਕਰ ਦੇਂਦਾ ਹੈ, ਉਸ ਲਈ ਖਾਣ, ਪਹਿਨਣ ਦੇ ਸੁਆਦ ਤੇ ਵਿਤਕਰੇ ਮਿਟ ਜਾਂਦੇ ਹਨ। ਮੇਰੇ ਸਿੱਖ

ਲਈ ਮੰਗ ਕੇ ਜਾਂ ਕਿਸੇ ਦਾ ਹੱਕ ਮਾਰ ਕੇ ਖਾਣਾ ਤੇ ਧਰਮਸਾਲ ਦੀ ਜਾਂ ਪੂਜਾ ਦੇ ਧਾਨ ਦੀ ਝਾਕ ਰਖਣੀ ਮਨ੍ਹਾਂ ਹੈ। ਪਰ ਸੁੱਚੀ ਧਰਮ ਦੀ ਕਿਰਤ ਕਰ ਕੇ ਜੋ ਮਿਲੇ, ਪਰਮੇਸ਼ੂਰ ਦੇ ਧਿਆਨ-ਮਗਨ ਹੋ ਕੇ ਸ੍ਵੀਕਾਰ ਕਰਨਾ ਤੇ ਹੋਰਨਾਂ ਨਾਲ ਵੰਡ ਛਕਣਾ ਚਾਹੀਦਾ ਹੈ। ਬਾਕੀ ਭਰਮ ਸਭ ਨਿਰਾਰਥਕ ਹਨ।''

ਇਕ ਦਿਨ ਇਕ ਬ੍ਰਾਹਮਣ ਨੇ ਗੁਰੂ-ਦਰਬਾਰ ਵਿਚ ਆ ਕੇ ਸ਼ਿਕਾਇਤ ਕੀਤੀ ਕਿ ਕੁਝ ਪਠਾਣ ਉਸ ਦੀ ਪਤਨੀ ਨੂੰ ਚੁਕ ਕੇ ਲੈ ਗਏ ਹਨ। ਸਤਿਗੁਰਾਂ ਨੇ ਆਪਣੇ ਪੁੱਤਰ, ਅਜੀਤ ਸਿੰਘ ਨੂੰ ਸੌ ਫੌਜੀਆਂ ਦੀ ਅਗਵਾਈ ਵਿਚ ਭੇਜਿਆ। ਉਹ ਰਾਤ ਨੂੰ ਪਠਾਣਾਂ ਉੱਤੇ ਟੁੱਟ ਕੇ ਪੈ ਗਏ ਤੇ ਬ੍ਰਾਹਮਣ ਦੀ ਧਰਮ-ਪਤਨੀ ਨੂੰ ਮੋੜ ਲਿਆਂਦਾ। ਦੋਸ਼ੀਆਂ ਨੂੰ ਦੰਡ ਦਿਤਾ ਤੇ ਬ੍ਰਾਹਮਣ ਨੂੰ ਉਸ ਦੀ ਪਤਨੀ ਉਸ ਦੇ ਹਵਾਲੇ ਕਰ ਕੇ ਖੁਸ਼ੀ ਖੁਸ਼ੀ ਘਰ ਭੇਜ ਦਿਤਾ।

ਹੁਣ ਗੁਰੂ ਸਾਹਿਬ ਦਾ ਜਸ ਸਾਰੇ ਭਾਰਤ ਵਿਚ ਫੈਲ ਰਿਹਾ ਸੀ। ਇਸ ਨਾਲ ਪਹਾੜੀ ਰਾਜੇ ਫਿਰ ਚੌਕੰਨੇ ਹੋ ਗਏ। ਇਨ੍ਹਾਂ ਦਿਨਾਂ ਵਿਚ ਦੋ ਮੁਗਲ ਜਰਨੈਲ, ਸੱਯਦ ਬੇਗ ਤੇ ਅਲਫ ਖ਼ਾਨ, ਦਿੱਲੀ ਤੋਂ ਲਾਹੌਰ ਵਲ ਨੂੰ ਫੌਜਾਂ ਸਮੇਤ ਲੰਘ ਰਹੇ ਸਨ। ਰਾਜਾ ਅਜਮੇਰ ਚੰਦ ਨੇ ਮੌਕੇ ਤੋਂ ਲਾਭ ਉਠਾ ਕੇ ਉਨ੍ਹਾਂ ਦੀ ਸਹਾਇਤਾ ਮੰਗੀ ਤੇ ਇੱਕ ਹਜਾਰ ਰੁਪਏ ਰੋਜਾਨਾ ਦੀ ਭੇਟਾ ਉੱਤੇ ਉਨ੍ਹਾਂ ਨੂੰ ਨਾਲ ਰਲਾ ਕੇ ਆਨੰਦਪੁਰ ਉੱਤੇ ਧਾਵਾ ਬੋਲ ਦਿਤਾ। ਪਰ ਸੱਯਦ ਬੇਗ ਨੇ ਜਦ ਗੁਰੂ ਦੀ ਆਤਮਕ ਮਹਿਮਾ ਦੀ ਚਰਚਾ ਸੁਣੀ, ਤਾਂ ਉਸਨੇ ਯੁੱਧ ਕਰਨ ਤੋਂ ਇਨਕਾਰ ਕਰ ਦਿਤਾ ਤੇ ਸਿਖ ਫੌਜਾਂ ਵਿਚ ਜਾ ਰਲਿਆ। ਉਸਨੇ ਆਪਣੀ ਸਾਰੀ ਜਾਇਦਾਦ ਵੀ ਗੁਰੂ ਨੂੰ ਅਰਪਣ ਕਰ ਦਿਤੀ। ਅਲਫ ਖ਼ਾਨ ਤੇ ਉਸ ਦੀ ਫੌਜ ਨੂੰ ਭਾਰੀ ਨੁਕਸਾਨ ਉਠਾ ਕੇ ਪਿੱਛੇ ਹਟਣਾ ਪਿਆ।

ਕੁਝ ਚਿਰ ਦੀ ਸ਼ਾਂਤੀ ਤੋਂ ਪਿੱਛੋਂ ਪਹਾੜੀ ਰਾਜਿਆਂ ਨੇ ਦਸ ਹਜ਼ਾਰ ਦੀ ਫੌਜ ਸਮੇਤ ਮੁੜ ਆਨੰਦਪੁਰ ਉੱਤੇ ਹੱਲਾ ਬੋਲ ਦਿਤਾ। ਗੁਰੂ ਸਾਹਿਬ ਪਾਸ ਇਸ ਵੇਲੇ ਕੇਵਲ ਅੱਠ ਸੌ ਯੋਧੇ ਹੀ ਮੌਜੂਦ ਸਨ। ਸਤਿਗੁਰਾਂ ਨੇ ਉਨ੍ਹਾਂ ਨੂੰ ਕਿਲ੍ਹੇ ਦੇ ਮੋਰਚੇ ਛੱਡ ਕੇ ਖੁਲ੍ਹੇ ਮੈਦਾਨ ਵਿਚ ਯੁੱਧ ਕਰਨ ਲਈ ਆਦੇਸ਼ ਦਿਤਾ। ਘਮਸਾਨ ਦੀ ਲੜਾਈ ਹੋਈ। ਸਿੱਖ ਫੌਜ ਦੀ ਅਚੁਕ ਨਿਸ਼ਾਨੇਬਾਜ਼ੀ ਨੇ ਵੈਰੀ ਨੂੰ ਕਰਾਰੇ ਹੱਥ ਦਸੇ। ਪਰ ਸਤਿਗੁਰਾਂ ਦਾ ਸਿੱਖ ਫੌਜਾਂ ਨੂੰ ਦਿਤਾ ਇਹ ਹੁਕਮ ਕਿ ਉਹ ਵੈਰੀ ਦਾ ਬਹੁਤ ਦੂਰ ਤਕ ਪਿੱਛਾ ਨਾ ਕਰਨ, ਸਿੱਖਾਂ ਨੇ ਜੋਸ਼ ਵਿਚ ਆ ਕੇ ਉਲੰਘ ਦਿਤਾ। ਨਤੀਜਾ ਇਹ ਹੋਇਆ ਕਿ ਇਨ੍ਹਾਂ ਨੂੰ ਥੋੜ੍ਹੇ ਵੇਖ ਵੈਰੀ ਨੇ ਘੇਰ ਲਿਆ ਤੇ ਕਾਫ਼ੀ ਨੁਕਸਾਨ ਪਹੁੰਚਾਇਆ। ਸਤਿਗੁਰੂ ਹੁਣ ਆਪ ਯੁੱਧ ਵਿਚ ਉਤਰੇ ਤੇ ਸਿੱਖਾਂ ਦਾ ਹੌਸਲਾ ਬੰਨ੍ਹਾਇਆ। ਵੈਰੀ ਨੂੰ ਭਾਂਜ ਹੋਈ ਤੇ ਕੁਝ ਚਿਰ ਲਈ ਮੁੜ ਸ਼ਾਂਤੀ ਵਰਤ ਗਈ।

ਪਰ ਇਹ ਸ਼ਾਂਤੀ ਥੋੜ੍ਹ-ਚਿਰੀ ਹੀ ਰਹੀ ਕਿਉਂਕਿ ਪਹਾੜੀ ਰਾਜਿਆਂ ਦੇ ਵਾਰ ਵਾਰ ਬੇਨਤੀਆਂ ਕਰਨ ਉੱਤੇ ਮੁਗਲ ਫੌਜ ਜਰਨੈਲ ਸੱਯਦ ਖ਼ਾਨ ਦੀ ਕਮਾਨ ਹੇਠ ਗੁਰੂ ਉੱਤੇ ਚੜ੍ਹਾਈ ਕਰਨ ਲਈ ਤੁਰ ਪਈ ਸੀ। ਗੁਰੂ ਸਾਹਿਬ ਪਾਸ ਇਸ ਵੇਲੇ

ਕੇਵਲ ਪੰਜ ਸੌ ਫੌਜੀ ਹੀ ਮੌਜੂਦ ਸਨ। ਉਨ੍ਹਾਂ ਨੇ ਇਨ੍ਹਾਂ ਨੂੰ ਜਰਨੈਲ ਸੱਯਦ ਬੇਗ ਤੇ ਮਹਿਮੂਦ ਖਾਨ ਦੀ ਅਗਵਾਈ ਹੇਠ ਯੁੱਧ ਲਈ ਤਿਆਰ ਕੀਤਾ। ਪਹਿਲਾਂ ਤਾਂ ਸਿੱਖ ਕੁਝ ਘਬਰਾਏ, ਪਰ ਸਤਿਗੁਰਾਂ ਨੇ ਆਖਿਆ : "ਅੰਤ ਨੂੰ ਮਨੁੱਖ ਦਾ ਦਿਲ ਜਿੱਤਦਾ ਤੇ ਹਾਰਦਾ ਹੈ, ਹਥਿਆਰ ਜਾਂ ਫੌਜ ਦੀ ਗਿਣਤੀ ਨਹੀਂ। ਤੇ ਜੋ ਸੱਚ ਲਈ ਲੜਦਾ ਹੈ, ਰੱਬ ਉਸ ਦੇ ਸਦਾ ਨਾਲ ਹੁੰਦਾ ਹੈ!" ਸੱਯਦ ਬੇਗ ਨੇ ਇਕ ਪਹਾੜੀ ਰਾਜੇ ਨੂੰ ਦ੍ਵੰਦ-ਯੁੱਧ ਲਈ ਵੰਗਾਰਿਆ ਤੇ ਉਸਨੂੰ ਮੌਤ ਦੇ ਘਾਟ ਉਤਾਰ ਦਿਤਾ। ਇਹ ਵੇਖ ਕੇ ਮੁਗਲ ਜਰਨੈਲ, ਦੀਨ ਬੇਗ, ਅਗੇ ਵਧਿਆ। ਉਸਨੂੰ ਭਾਰਾ ਕ੍ਰੋਧ ਸੀ ਕਿ ਸੱਯਦ ਬੇਗ ਮੁਸਲਮਾਨ ਬਾਦਸ਼ਾਹ ਦੀ ਫੌਜ ਨੂੰ ਛੱਡ ਕੇ ਕਿਉਂ ਗੁਰੂ ਦੀ ਫੌਜ ਵਿਚ ਆ ਰਲਿਆ ਹੈ? ਉਸਨੇ ਪਿਛੋਂ ਆ ਕੇ ਅਜੇਹਾ ਵਾਰ ਕੀਤਾ ਕਿ ਸੱਯਦ ਬੇਗ ਸ਼ਹੀਦ ਹੋ ਗਿਆ। ਸਿੱਖ ਜਾਨ ਤੋੜ ਕੇ ਲੜੇ ਤੇ ਵੈਰੀ ਦਾ ਬਹੁਤ ਨੁਕਸਾਨ ਕੀਤਾ।

ਐਨੀ ਸੂਰਬੀਰਤਾ ਐਨੀ ਥੋੜ੍ਹੀ ਗਿਣਤੀ ਵਲੋਂ ਵੇਖ ਕੇ ਮੁਗਲ ਜਰਨੈਲ ਸੱਯਦ ਖਾਨ ਨੇ ਸਤਿਗੁਰੂ ਨੂੰ ਲਲਕਾਰਿਆ : "ਮਾਸੂਮ ਲੋਕਾਂ ਦਾ ਲਹੂ ਕਿਉਂ ਵੀਟਦੇ ਹੋ? ਜੇ ਹਿੰਮਤ ਹੈ, ਤਾਂ ਸਾਹਮਣੇ ਆ ਕੇ ਮੇਰੇ ਨਾਲ ਦੋ ਦੋ ਹੱਥ ਕਰੋ। ਇਸੇ ਨਾਲ ਯੁੱਧ ਦਾ ਨਿਰਣਾ ਹੋ ਜਾਇਗਾ।" ਗੁਰੂ ਸਾਹਿਬ ਨੇ ਸਰਪਟ ਘੋੜਾ ਉਸ ਵਲ ਦੌੜਾਇਆ। ਪਰ ਜਦ ਉਸਨੇ ਸਾਹਮਣੇ ਆ ਕੇ ਗੁਰੂ ਦੀ ਆਤਮਕ ਸ਼ਾਂਤੀ ਤੇ ਜਲਾਲ ਨੂੰ ਡਿੱਠਾ, ਤਾਂ ਉਹ ਬੋਲਿਆ : "ਤੁਸੀਂ ਪਹਿਲਾਂ ਵਾਰ ਕਰੋ। ਮੇਰਾ ਅਜੇਹੇ ਮਹਾਂਪੁਰਖ ਉਤੇ ਵਾਰ ਕਰਨ ਲਈ ਦਿਲ ਨਹੀਂ ਬਝਦਾ!" ਸਤਿਗੁਰਾਂ ਨੇ ਉੱਤਰ ਦਿਤਾ : "ਜੇ ਤੁਸੀਂ ਮੇਰੇ ਉਤੇ ਵਾਰ ਨਹੀਂ ਕਰੋਗੇ, ਤਾਂ ਮੈਂ ਕਿਵੇਂ ਕਰਾਂਗਾ?" ਮੁਗਲ ਜਰਨੈਲ ਇੰਨਾਂ ਜਜ਼ਬਾਤੀ ਹੋ ਗਿਆ ਕਿ ਘੋੜੇ ਤੋਂ ਉਤਰ ਖੜੋਤਾ ਤੇ ਸਜਲ ਨੇਤ੍ਰਾਂ ਨਾਲ ਸਤਿਗੁਰਾਂ ਦੇ ਚਰਨਾਂ ਦੇ ਉਤੇ ਆਪਣਾ ਸਿਰ ਰਖ ਦਿਤਾ। ਸਤਿਗੁਰਾਂ ਨੇ ਫ਼ਰਮਾਇਆ : "ਤੁਸੀਂ ਦੋਹਾਂ ਜਹਾਨਾਂ ਵਿਚ ਸੁਰਖ਼ਰੂ ਹੋ।" ਸੱਯਦ ਖ਼ਾਨ ਆਪ ਤਾਂ ਨਾ ਲੜਿਆ, ਪਰ ਉਸ ਦੀ ਫੌਜ ਨੇ ਸਿੱਖਾਂ ਦੀ ਥੋੜੀ ਗਿਣਤੀ ਵੇਖ ਕੇ ਯੁੱਧ ਛੇੜ ਲਿਆ। ਹੁਣ ਇੱਕ ਹੋਰ ਮੁਗਲ ਜਰਨੈਲ, ਰਮਜ਼ਾਨ ਖ਼ਾਨ ਅੱਗੇ ਵਧਿਆ। ਸਤਿਗੁਰਾਂ ਨੇ ਤੀਰ ਮਾਰ ਕੇ ਉਸ ਦੇ ਘੋੜੇ ਨੂੰ ਘਾਇਲ ਕਰ ਦਿਤਾ। ਪਰ ਇਸ ਵੇਰ ਸਿੱਖ ਫੌਜ ਐਨੀ ਘਟ ਸੀ ਕਿ ਉਨ੍ਹਾਂ ਦੀ ਜਿੱਤ ਪ੍ਰਾਪਤ ਹੋਣ ਦੀ ਆਸ ਜਾਂਦੀ ਦਿਸੀ। ਇਸ ਉਤੇ ਉਨ੍ਹਾਂ ਨੇ ਬੇਨਤੀ ਕੀਤੀ ਕਿ ਵੈਰੀ ਉਤੇ ਇੱਕੋ ਹੱਲੇ ਵਿਚ ਟੁੱਟ ਕੇ ਜਾ ਪੈਣ ਤੇ ਭਾਵੇਂ ਆਪਣਾ ਕਿੰਨਾ ਵੀ ਜਾਨੀ ਨੁਕਸਾਨ ਹੋਵੇ, ਉਨ੍ਹਾਂ ਦਾ ਪਿੱਛਾ ਕਰਨ। ਸਤਿਗੁਰਾਂ ਨੇ ਇਹ ਆਗਿਆ ਦੇ ਦਿਤੀ ਤੇ ਉਨ੍ਹਾਂ ਵੈਰੀ ਨੂੰ ਭਾਰੀ ਹਾਨੀ ਪਹੁੰਚਾਈ। ਕਾਫੀ ਯੋਧੇ ਮਾਰੇ ਵੀ ਗਏ, ਪਰ ਵੈਰੀ ਨੂੰ ਭਾਂਜ ਹੋਈ ਤੇ ਉਸਦਾ ਕਾਫੀ ਫੌਜੀ ਸਾਮਾਨ ਵੀ ਸਿੱਖਾਂ ਦੇ ਹੱਥ ਆਇਆ। ਇਸ ਬੀਰਤਾ ਦੀ ਗੁਰੂ ਸਾਹਿਬ ਨੂੰ ਬਹੁਤ ਖੁਸ਼ੀ ਹੋਈ ਤੇ ਉਹ ਆਨੰਦਪੁਰ ਨੂੰ ਪ੍ਰਸੰਨ-ਚਿਤ ਮੁੜੇ।

ਬਾਦਸ਼ਾਹ ਨੂੰ ਜਦ ਐਨੀ ਭਾਰੀ ਫੌਜ ਦੀ ਹਾਰ ਦੀ ਸੂਚਨਾ ਮਿਲੀ ਤਾਂ ਉਸਨੇ

ਬਹੁਤ ਬੁਰਾ ਮਨਾਇਆ। ਕਾਜ਼ੀ ਨੇ ਸਲਾਹ ਦਿਤੀ ਕਿ ਗੁਰੂ ਨੂੰ ਬਾਦਸ਼ਾਹ ਆਪਣੇ ਦਰਬਾਰ ਵਿਚ ਸੱਦੇ। ਇਸ ਉਤੇ ਔਰੰਗਜ਼ੇਬ ਨੇ ਇਕ ਵਿਸ਼ੇਸ਼ ਦੂਤ ਰਾਹੀਂ ਇਹ ਸੁਨੇਹਾ ਭੇਜਿਆ : "ਤੁਹਾਡਾ ਤੇ ਮੇਰਾ ਧਰਮ ਕੇਵਲ ਇਕ ਖੁਦਾ ਨੂੰ ਮੰਨਣ ਵਾਲਾ ਹੈ। ਇਸ ਲਈ ਸਾਡੇ ਵਿਚ ਕੋਈ ਗ਼ਲਤਫਹਿਮੀ ਨਹੀਂ ਰਹਿਣੀ ਚਾਹੀਦੀ। ਤੁਹਾਡੇ ਲਈ ਇਸ ਤੋਂ ਬਿਨਾਂ ਕੋਈ ਚਾਰਾ ਨਹੀਂ, ਕਿ ਤੁਸੀਂ ਮੇਰੀ ਪ੍ਰਭੂ-ਸਤਾ ਤੇ ਹਕੂਮਤ ਨੂੰ ਸਵੀਕਾਰ ਕਰੋ, ਜੋ ਮੈਂ ਸਰਬ ਸ਼ਕਤੀਮਾਨ ਅੱਲਾਹ ਦੀ ਦਰਗਾਹ ਤੋਂ ਪਾਈ ਹੈ। ਜੇ ਤੁਹਾਨੂੰ ਕੋਈ ਗਿਲਾ ਜਾਂ ਸ਼ਿਕਵਾ ਸ਼ਿਕਾਇਤ ਹੈ ਤਾਂ ਆ ਕੇ ਮੈਨੂੰ ਦੱਸੋ, ਮੈਂ ਤੁਹਾਡੇ ਨਾਲ ਇਕ ਦਰਵੇਸ਼ ਵਾਂਗ ਸਲੂਕ ਕਰਾਂਗਾ। ਪਰ ਜੇ ਤੁਸੀਂ ਮੈਨੂੰ ਚੁਣੌਤੀ ਦਿਓਗੇ ਤਾਂ ਮੈਨੂੰ ਆਪ ਤੁਹਾਡੇ ਵਿਰੁੱਧ ਚੜ੍ਹਾਈ ਕਰ ਕੇ ਆਣਾ ਪਵੇਗਾ!"[1]

ਸਤਿਗੁਰਾਂ ਨੇ ਇਸ ਦਾ ਉੱਤਰ ਦਿਤਾ, "ਮੈਂ ਤਾਂ ਕੇਵਲ ਇਕੋ ਅਕਾਲ ਪੁਰਖ ਦੀ ਬਾਦਸ਼ਾਹੀ ਵਿਚ ਹੀ ਯਕੀਨ ਰਖਦਾ ਹਾਂ ਜੋ ਸਦਾ ਅਟੱਲ ਤੇ ਸਰਬ ਸ਼ਕਤੀਮਾਨ ਹੈ। ਤੁਸੀਂ ਵੀ ਤੇ ਮੈਂ ਵੀ ਦੋਵੇਂ ਉਸ ਦੀ ਤਾਬਿਆ ਹਾਂ। ਪਰ ਤੁਸੀਂ ਇਸ ਸੱਚਾਈ ਨੂੰ ਭੁਲਾ ਕੇ ਹਿੰਦੂਆਂ, ਸੂਫ਼ੀਆਂ, ਸ਼ਿਆ ਅਤੇ ਗੁਰੂ-ਘਰ ਵਿਰੁੱਧ ਸਦਾ ਵਿਤਕਰੇ-ਭਰਿਆ ਵਰਤਾਉ ਕਰਦੇ ਹੋ। ਜਿਸ ਪਰਮੇਸ਼ੁਰ ਨੇ ਤੁਹਾਨੂੰ ਬਾਦਸ਼ਾਹੀ ਬਖ਼ਸ਼ੀ ਹੈ, ਉਸੇ ਨੇ ਮੈਨੂੰ ਧਰਮ ਦੀ ਰਾਖੀ ਲਈ ਸੰਘਰਸ਼ ਕਰਨ ਲਈ ਵੀ ਆਦੇਸ਼ ਦਿਤਾ ਹੈ। ਮੈਂ ਤੁਹਾਡੇ ਨਾਲ ਸੁਲ੍ਹਾ ਕਿਵੇਂ ਕਰਾਂ, ਜਦ ਕਿ ਸਾਡੇ ਰਾਹ ਵੱਖੋ-ਵੱਖਰੇ ਹਨ।"

ਇਹ ਸੁਨੇਹਾ ਭੇਜਦਿਆਂ ਵੀ ਸਤਿਗੁਰਾਂ ਨੇ ਬਾਦਸ਼ਾਹ ਦੇ ਦੂਤ ਨੂੰ ਬਹੁਤ ਆਦਰ ਸਨਮਾਨ ਬਖ਼ਸ਼ਿਆ ਤੇ ਸਿਰੋਪਾਉ ਵੀ ਭੇਟ ਕੀਤਾ।

---

1. ਕਿ ਔਰੰਗਜ਼ੇਬ ਨੂੰ ਸਤਿਗੁਰਾਂ ਦੀ ਵਧਦੀ ਤਾਕਤ ਤੋਂ ਭੈ ਹੋ ਗਿਆ ਸੀ, "ਅਖਬਾਰਾਂ ਤੇ ਦਰਬਾਰੀ ਮੁਅੱਲਾ", ਭਾਗ 1, ਵਿਚੋਂ ਵੀ ਸਹੀ ਹੁੰਦਾ ਹੈ। ਇਥੇ ਲਿਖਿਆ ਹੈ : "ਨਵੰਬਰ 20, 1693 : ਸਰਹਿੰਦ ਤੋਂ ਸੂਚਨਾ। ਗੋਬਿੰਦ ਨੇ ਆਪਣੇ ਆਪ ਨੂੰ (ਦਸਵਾਂ) ਗੁਰੂ ਨਾਨਕ ਹੋਣ ਦਾ ਐਲਾਨ ਕਰ ਦਿਤਾ ਹੈ। ਫ਼ੌਜਦਾਰਾਂ ਨੂੰ ਹੁਕਮ ਦਿਤਾ ਜਾਂਦਾ ਹੈ, ਕਿ ਉਸ ਦੀ ਤਾਕਤ ਨੂੰ ਜਮ੍ਹਾਂ ਹੋਣ ਤੋਂ ਰੋਕਣ।"

("ਸਿੱਖ ਇਤਿਹਾਸ", ਡਾ. ਗੰਡਾ ਸਿੰਘ, ਅੰਗ੍ਰੇਜ਼ੀ ਪੰਨਾ 65)

ਕਾਂਡ 7

''ਜਉ ਤਉ ਪ੍ਰੇਮ ਖੇਲਣ ਕਾ ਚਾਉ।
ਸਿਰੁ ਧਰਿ ਤਲੀ ਗਲੀ ਮੇਰੀ ਆਉ।''

-ਗੁਰੂ ਨਾਨਕ

ਸਿੱਖ ਦੂਰ ਦੂਰ ਤੋਂ ਗੁਰੂ ਦੇ ਦਰਸ਼ਨਾਂ ਨੂੰ ਮੁੜ ਆਉਣ ਲੱਗੇ। ਉਹ ਆਪਣੇ ਨਾਲ ਚੋਣਵੇਂ ਘੋੜੇ ਜਾਂ ਸ਼ਸਤ੍ਰ ਵੀ ਭੇਟਾ ਵਜੋਂ ਲਿਆਂਦੇ ਸਨ। ਕਿੰਨੇ ਹੀ ਆਨੰਦਪੁਰ ਵਿਚ ਰਹਿ ਕੇ ਸ਼ਸਤ੍ਰ-ਅਭਿਆਸ ਵੀ ਕਰਦੇ ਤੇ ਆਪਣਾ ਜੀਵਨ ਵੀ ਗੁਰੂ ਨੂੰ ਅਰਪਣ ਕਰ ਦੇਂਦੇ ਸਨ। ਭਾਵੇਂ ਇਸ ਵੇਲੇ ਸਭ ਪਾਸੇ ਸ਼ਾਂਤੀ ਪਸਰੀ ਹੋਈ ਸੀ, ਪਰ ਸਤਿਗੁਰਾਂ ਨੂੰ ਇਵੇਂ ਭਾਸਦਾ ਸੀ ਜਿਵੇਂ ਇਹ ਝੱਖੜ ਝੁਲਣ ਤੋਂ ਪਹਿਲਾਂ ਦਾ ਹੁੱਸੜ ਸੀ, ਭਾਵੇਂ ਸ਼ਾਂਤ ਵਾਤਾਵਰਣ ਸੀ। ਇਸ ਲਈ ਉਹ ਯੁੱਧ ਦੀ ਤਿਆਰੀ ਹਰ ਸਮੇਂ ਕਰਦੇ ਰਹਿੰਦੇ ਸਨ।

ਪਹਾੜੀ ਰਾਜੇ ਵੀ ਸਿੱਖਾਂ ਨਾਲ ਇਕ ਅੰਤਿਮ ਤੇ ਨਿਰਣਾਇਕ ਘੋਲ ਕਰਨ ਲਈ ਸ਼ਾਹੀ ਫੌਜ ਤੋਂ ਸਹਾਇਤਾ ਮੰਗ ਰਹੇ ਸਨ। ਇਸ ਵੇਰ ਉਨ੍ਹਾਂ ਨੇ ਸ਼ਹਿਨਸ਼ਾਹ ਔਰੰਗਜ਼ੇਬ ਨੂੰ ਆਪ ਮਿਲਣ ਲਈ ਆਪਣੇ ਆਗੂ, ਰਾਜਾ ਅਜਮੇਰ ਚੰਦ ਨੂੰ ਘੱਲਿਆ। ਉਹ ਦੱਖਣ ਵਿਚ ਔਰਗਜ਼ੇਬ ਨੂੰ ਮਿਲਿਆ, ਜਿਥੇ ਬਾਦਸ਼ਾਹ ਘੋਰ ਯੁੱਧਾਂ ਵਿਚ ਖਚਿਤ ਸੀ। ਉਸਨੇ ਗੁਰੂ-ਘਰ ਦੀ ਸਰਕਾਰ ਵਿਰੋਧੀ ਨੀਤੀ ਉਤੇ ਚਾਨਣਾ ਪਾਇਆ ਤੇ ਦਸਿਆ ਕਿ ਇਸੇ ਕਾਰਣ ਇਨ੍ਹਾਂ ਦੇ ਪਿਤਾ-ਪਿਤਾਮਾ ਦੀ ਸ਼ਹੀਦੀ ਵੀ ਹੋਈ ਸੀ। ਅਜਮੇਰ ਚੰਦ ਨੇ ਵਿਸ਼ੇਸ਼ ਕਰਕੇ ਖਾਲਸਾ ਪੰਥ ਦੇ ਸਾਜਣ ਦਾ ਵਰਨਣ ਕੀਤਾ ਤੇ ਆਖਿਆ, ''ਇਹ ਨਵਾਂ ਪੰਥ ਚਲਾ ਕੇ ਗੁਰੂ ਸਾਰੀ ਹਿੰਦੂ ਜਾਤੀ ਨੂੰ ਆਪਣੇ ਝੰਡੇ ਹੇਠ ਇਕੱਠਾ ਕਰਨ ਤੇ ਹਜ਼ੂਰ ਦੇ ਵਿਰੁੱਧ ਯੁੱਧ ਕਰਨ ਲਈ ਤਿਆਰੀ ਮੁਕੰਮਲ ਕਰ ਰਿਹਾ ਹੈ!''

ਬਾਦਸ਼ਾਹ ਇਨ੍ਹਾਂ ਭਿਆਨਕ ਖ਼ਬਰਾਂ ਨੂੰ ਸੁਣ ਕੇ ਬਹੁਤ ਚਿੰਤਾਤੁਰ ਹੋਇਆ ਤੇ ਉਸਨੇ ਲਾਹੌਰ ਤੇ ਸਰਹਿੰਦ ਤੋਂ ਜਿੰਨੀ ਵੀ ਫੌਜ ਆਨੰਦਪੁਰ ਦੀ ਚੜ੍ਹਾਈ ਲਈ ਘਲੀ ਜਾ ਸਕਦੀ ਸੀ, ਨੂੰ ਕੂਚ ਕਰਨ ਦਾ ਹੁਕਮ ਦੇ ਦਿਤਾ। ਇਨ੍ਹਾਂ ਦਾ ਸੈਨਾਪਤੀ, ਸਰਹਿੰਦ ਦਾ ਨਵਾਬ ਵਜ਼ੀਰਖਾਨ ਨੀਅਤ ਕੀਤਾ ਗਿਆ। ਪਹਾੜੀ ਰਾਜੇ ਵੀ ਇਸ ਟਿੱਡੀ ਦਲ ਨਾਲ ਆ ਮਿਲੇ। ਜਦ ਗੁਰੂ ਸਾਹਿਬ ਨੂੰ ਇਸ ਚੜ੍ਹੇ ਆਉਂਦੇ ਤੂਫਾਨ

ਦਾ ਪਤਾ ਲੱਗਾ, ਤਾਂ ਉਨ੍ਹਾਂ ਨੇ ਵੀ ਆਪਣੀ ਫੌਜ ਨੂੰ (ਜੋ ਵੈਰੀ ਦੀ ਫੌਜ ਤੋਂ ਕਿਤੇ ਘਟ ਸੀ) ਤਿਆਰੀ ਦਾ ਹੁਕਮ ਦੇ ਦਿਤਾ।

ਜਦ ਵੈਰੀ ਆਨੰਦਪੁਰ ਦੇ ਆਸ ਪਾਸ ਪੁੱਜੇ ਤਾਂ ਸਿੱਖਾਂ ਨੇ ਆਪਣੀਆਂ ਤੋਪਾਂ ਐਨੀ ਚੁਸਤੀ, ਜੋਸ਼ ਤੇ ਅਚੂਕ ਨਿਸ਼ਾਨੇ ਨਾਲ ਦਾਗੀਆਂ ਕਿ ਵੈਰੀ ਦੀ ਫੌਜ ਤੇ ਘੋੜਿਆਂ ਦਾ ਭਾਰੀ ਨੁਕਸਾਨ ਹੋਇਆ। ਵੈਰੀ ਦੀ ਫੌਜ ਖੁਲ੍ਹੇ ਮੈਦਾਨ ਵਿਚ ਨੀਵੇਂ ਪੱਧਰ ਉਤੇ ਸੀ, ਤੇ ਸਿੱਖ ਫੌਜ ਕਿਲ੍ਹਿਆਂ ਵਿਚ ਬਣੇ ਉੱਚੇ ਮੋਰਚਿਆਂ ਵਿਚੋਂ ਮਾਰ ਕਰ ਰਹੀ ਸੀ। ਸ਼ਾਮ ਨੂੰ ਸਤਿਗੁਰਾਂ ਨੇ ਉਦੈ ਸਿੰਘ ਤੇ ਦਯਾ ਸਿੰਘ ਨਾਮੀ ਦੋ ਸੂਰਬੀਰਾਂ ਨੂੰ ਹੁਕਮ ਦਿਤਾ ਕਿ ਉਹ ਆਪਣੀਆਂ ਫੌਜੀ ਟੁਕੜੀਆਂ ਨਾਲ ਵੈਰੀ ਦੀਆਂ ਸਫ਼ਾਂ ਵਿਚ ਜਾ ਕੇ ਉਸ ਨਾਲ ਦੋ ਦੋ ਹੱਥ ਕਰਨ। ਉਨ੍ਹਾਂ ਇਵੇਂ ਹੀ ਕੀਤਾ, ਤੇ ਵੈਰੀ ਨੂੰ ਭਾਰੀ ਨੁਕਸਾਨ ਪਹੁੰਚਾ ਕੇ ਉਸਨੂੰ ਯੁੱਧ ਦਾ ਪੈਂਤੜਾ ਬਦਲਣ ਲਈ ਮਜਬੂਰ ਕਰ ਦਿਤਾ। ਵੈਰੀ ਨੂੰ ਇਵੇਂ ਲੱਗਿਆ ਜਿਵੇਂ ਗੁਰੂ ਕੋਈ ਕਰਾਮਾਤ ਕਰ ਰਿਹਾ ਹੈ। ਮੈਕਾਲਿਫ ਨੇ ਲਿਖਿਆ ਹੈ ਕਿ ਇਕ ਦਿਨ ਵਿਚ ਹੀ ਵੈਰੀ ਦੇ ਨੌਂ ਸੌ ਜਵਾਨ ਤੇ ਅਫਸਰ ਮਾਰੇ ਗਏ।

ਦੂਜੇ ਦਿਨ ਸਤਿਗੁਰੂ ਆਪ ਘੋੜੇ ਉਤੇ ਚੜ੍ਹ ਮੈਦਾਨ ਵਿਚ ਆ ਨਿੱਤਰੇ। ਉਨ੍ਹਾਂ ਨੂੰ ਜੀਊਂਦਿਆਂ ਜਾਂ ਮਾਰ ਕੇ ਫੜਨ ਦਾ ਹਰ ਯਤਨ ਅਸਫਲ ਰਿਹਾ। ਸੋ ਹੁਣ ਵੈਰੀ ਨੇ ਇਹ ਮਤਾ ਪਕਾਇਆ ਕਿ ਆਨੰਦਪੁਰ ਨੂੰ ਘੇਰ ਕੇ ਬਾਹਰੋਂ ਰਸਦ-ਪਾਣੀ ਦਾ ਆਉਣਾ ਬੰਦ ਕਰ ਦਿਤਾ ਜਾਵੇ। ਵੇਖੋ, ਫਿਰ ਸਿੱਖ ਕਿਵੇਂ ਈਨ ਮੰਨਦੇ ਜਾਂ ਭੁੱਖ ਨਾਲ ਤੜਪ ਤੜਪ ਕੇ ਪ੍ਰਾਣ ਤਿਆਗਦੇ ਹਨ। ਰਾਤ ਨੂੰ ਗੁਰੂ ਦੀ ਫੌਜ ਸਮੇਤ ਉਨ੍ਹਾਂ ਦੇ ਸਪੁੱਤਰ ਅਜੀਤ ਸਿੰਘ ਦੇ ਵੈਰੀ ਦੀ ਫੌਜ ਵਿਚ ਛਾਪੇ ਮਾਰ ਕੇ ਲੁੱਟ ਦਾ ਚੋਖਾ ਮਾਲ ਨਾਲ ਲੈ ਆਏ। ਸਵੇਰ ਨੂੰ ਵੈਰੀ ਨੇ ਫਿਰ ਇਕ ਦ੍ਰਿੜ੍ਹ ਹੱਲਾ ਕੀਤਾ, ਪਰ ਇਸ ਵਿਚ ਵੀ ਉਸਨੂੰ ਸਿੱਖਾਂ ਦੀਆਂ ਮੌਤ-ਵਰ੍ਹਾਂਦੀਆਂ ਗੋਲੀਆਂ ਅੱਗੇ ਕੋਈ ਸਫ਼ਲਤਾ ਨਾ ਮਿਲੀ।

ਇਨ੍ਹਾਂ ਦਿਨਾਂ ਵਿਚ ਇਕ ਸੇਵਾ ਪੰਥੀ ਸਿੱਖ, ਭਾਈ ਕਨ੍ਹਈਆ ਯੁੱਧ ਦੇ ਫੱਟੜਾਂ ਨੂੰ ਪਾਣੀ ਪਿਲਾਣ ਦੀ ਸੇਵਾ ਉਤੇ ਲੱਗਾ ਹੋਇਆ ਸੀ। ਉਹ ਆਪਣੇ ਬਿਗਾਨੇ ਵਿਚ ਕੋਈ ਭਿੰਨ ਭੇਦ ਰਖੇ ਬਿਨ੍ਹਾਂ ਫੱਟੜਾਂ ਨੂੰ ਪਾਣੀ ਪਿਲਾਈ ਜਾ ਰਿਹਾ ਸੀ। ਇਸ ਦੀ ਸ਼ਿਕਾਇਤ ਸਤਿਗੁਰਾਂ ਪਾਸ ਕੀਤੀ ਗਈ। ਜਦ ਭਾਈ ਕਨ੍ਹਈਆ ਤੋਂ ਸਤਿਗੁਰਾਂ ਨੇ ਜਵਾਬ ਮੰਗਿਆ ਤਾਂ ਉਸਨੇ ਆਖਿਆ, "ਤੁਸਾਂ ਆਪ ਹੀ ਮੈਨੂੰ ਬਿਨਾਂ ਜਾਤ, ਜਨਮ, ਆਪਣੇ-ਬਿਗਾਨੇ ਦੇ ਮਨੁੱਖ-ਜਾਤੀ ਦੀ ਸੇਵਾ ਕਰਨ ਦਾ ਉਪਦੇਸ਼ ਦਿਤਾ ਹੈ। ਮੈਂ ਜਦ ਫੱਟੜਾਂ ਨੂੰ ਪਾਣੀ ਪਿਲਾਂਦਾ ਹਾਂ, ਤਾਂ ਮੇਰੇ ਸਾਹਮਣੇ ਤਾਂ ਉਹ ਤੁਸਾਂ ਦਾ ਹੀ ਰੂਪ ਦਿਸ ਆਉਂਦੇ ਹਨ, ਨਾ ਉਨ੍ਹਾਂ ਵਿਚ ਕੋਈ ਵੈਰੀ ਹੁੰਦਾ ਹੈ, ਨਾ ਬਿਗਾਨਾ।" ਸਤਿਗੁਰਾਂ ਨੇ ਉਸਦਾ ਇਹ ਉੱਤਰ ਸੁਣ ਕੇ ਉਸਨੂੰ ਗਲ ਨਾਲ ਲਾ ਲਿਆ ਤੇ ਅ.ਖਆ, "ਤੂੰ ਧੰਨ ਹੈਂ, ਜਿਸ ਨੇ ਮੇਰੀ ਸਿੱਖੀ ਦਾ ਅਸਲੀ ਰੂਪ ਪਛਾਣਿਆ ਹੈ।"

ਘਿਰੀ ਹੋਈ ਸਿੱਖ ਫੌਜ ਦੀ ਹਾਲਤ ਦਿਨੋਂ ਦਿਨ ਮੰਦੀ ਹੁੰਦੀ ਜਾ ਰਹੀ ਸੀ। ਰਾਤ ਨੂੰ ਛਾਪੇ ਮਾਰ ਕੇ ਲੁੱਟ ਦਾ ਮਾਲ ਤਾਂ ਕੁਝ ਮਿਲ ਜਾਂਦਾ ਸੀ, ਪਰ ਇਸ ਉਤੇ ਗੁਜ਼ਾਰਾ ਕਰਨਾ ਅਤਿ ਕਠਿਨ ਸੀ। ਕਿਲ੍ਹੇ ਦੇ ਅੰਦਰ ਰਾਸ਼ਨ ਦੀ ਥੁੜ ਵੱਧ ਰਹੀ ਸੀ। ਪਾਣੀ ਦਾ ਜ਼ਖੀਰਾ ਘਟ ਰਿਹਾ ਸੀ। ਬਾਹਰੋਂ ਆਉਂਦੀ ਪਾਣੀ ਦੀ ਨਾਲੀ ਨੂੰ ਵੈਰੀ ਨੇ ਕੱਟ ਦਿਤਾ ਸੀ। ਸਿੱਖ ਬ੍ਰਿਛਾਂ ਦੇ ਪੱਤਿਆਂ ਜਾਂ ਉਸ ਦੀ ਛਾਲ ਨੂੰ ਪੀਹ ਕੇ ਆਟੇ ਦੀ ਥਾਂ ਵਰਤ ਰਹੇ ਸਨ। ਸੈਂਕੜੇ ਸਿੱਖਾਂ ਨੇ ਸਤਿਗੁਰੂ ਅੱਗੇ ਪ੍ਰਾਰਥਨਾ ਕੀਤੀ ਕਿ ਉਨ੍ਹਾਂ ਨੂੰ ਆਨੰਦਪੁਰ ਦੇ ਕਿਲ੍ਹੇ ਵਿਚੋਂ ਬਾਹਰ ਨਿਕਲ ਕੇ ਵੈਰੀ ਨਾਲ ਟੱਕਰ ਲੈਣ ਦੀ ਆਗਿਆ ਦਿਤੀ ਜਾਵੇ, ਕਿਉਂਕਿ ਉਹ ਕਿਲ੍ਹੇ ਵਿਚ ਬੈਠ ਕੇ ਹੋਰ ਮੁਸੀਬਤ ਸਹਿਣ ਤੋਂ ਅਸਮਰੱਥ ਸਨ। ਮਾਤਾ ਗੁਜਰੀ ਜੀ ਨੂੰ ਵੀ ਤਰਲਾ ਕੀਤਾ ਗਿਆ ਕਿ ਉਹ ਸਤਿਗੁਰੂ ਨੂੰ ਸਮਝਾਣ, ਪਰ ਜਦ ਉਹ ਨਾ ਹੀ ਮੰਨੇ, ਤਾਂ ਕੁਝ ਸਿੱਖਾਂ ਨੇ ਆ ਕੇ ਸਤਿਗੁਰੂ ਨੂੰ ਆਖਿਆ, "ਅਸੀਂ ਹੋਰ ਦੁੱਖ ਸਹਾਰ ਨਹੀਂ ਸਕਦੇ, ਸਾਨੂੰ ਘਰ ਮੁੜ ਜਾਣ ਦੀ ਆਗਿਆ ਦਿਤੀ ਜਾਵੇ।" ਸਤਿਗੁਰੂ ਇਹ ਸੁਣ ਕੇ ਬੋਲੇ : "ਤੁਸੀਂ ਮੈਨੂੰ ਘੋਰ ਮੁਸੀਬਤ ਦੇ ਵੇਲੇ ਛੱਡ ਕੇ ਜਾਣਾ ਚਾਹੁੰਦੇ ਹੋ। ਮੈਂ ਤੁਹਾਨੂੰ ਆਗਿਆ ਕਿਵੇਂ ਦੇਵਾਂ? ਤਾਕਤ ਸਾਡੀ ਥੋੜ੍ਹੀ ਹੈ, ਜੇ ਬਾਹਰ ਨਿਕਲ ਕੇ ਲੜੇ, ਤਾਂ ਸਭੇ ਕੱਟ ਕੇ ਮਰ ਜਾਵਾਂਗੇ। ਜੇ ਸਾਨੂੰ ਕਿਲ੍ਹੇ ਦੇ ਅੰਦਰ ਮੁਸੀਬਤ ਹੈ ਤਾਂ ਵੈਰੀ ਵੀ ਜੋ ਏਨੇ ਚਿਰ ਤੋਂ ਘੇਰਾ ਪਾਈ ਬੈਠਾ ਹੈ, ਤੇ ਨਿੱਤ ਜਾਨ-ਮਾਲ ਦਾ ਏਨਾ ਨੁਕਸਾਨ ਕਰਵਾ ਰਿਹਾ ਹੈ, ਘੱਟ ਪ੍ਰੇਸ਼ਾਨ ਨਹੀਂ ਹੋਣਾ। ਕੁਝ ਚਿਰ ਹੋਰ ਹੌਸਲਾ ਰੱਖੋ। ਦੁੱਖਾਂ, ਯੁੱਧਾਂ ਵਿਚ ਜਿੱਤ ਉਸੇ ਦੀ ਹੁੰਦੀ ਹੈ, ਜਿਸ ਦਾ ਸਾਹ ਲੰਮਾ ਹੋਵੇ।" ਪਰ ਇਨ੍ਹਾਂ ਸਿੱਖਾਂ ਨੇ ਇਕ ਨਾ ਸੁਣੀ। ਅੰਤ ਹਾਰ ਕੇ ਗੁਰੂ ਸਾਹਿਬ ਨੇ ਕਿਹਾ, "ਜੇ ਤੁਸੀ ਮੈਨੂੰ ਇਹ ਲਿਖ ਦਿਓ, ਕਿ 'ਨਾ ਮੈਂ ਤੁਹਾਡਾ ਗੁਰੂ ਹਾਂ ਤੇ ਨਾ ਤੁਸੀਂ ਮੇਰੇ ਸਿੱਖ' ਤਾਂ ਮੈਂ ਤੁਹਾਨੂੰ ਜਾਣ ਦੀ ਆਗਿਆ ਦੇ ਦੇਵਾਂਗਾ।" ਇਨ੍ਹਾਂ ਸਿੱਖਾਂ ਨੇ ਇਵੇਂ ਹੀ ਕੀਤਾ, ਪਰ ਜਿਵੇਂ ਕਿ ਅਸੀਂ ਅੱਗੇ ਜਾ ਕੇ ਵੇਖਾਂਗੇ, ਜਦ ਇਹ ਘਰ ਪੁੱਜੇ, ਤਾਂ ਇਨ੍ਹਾਂ ਦੀਆਂ ਇਸਤ੍ਰੀਆਂ ਨੇ ਇਨ੍ਹਾ ਨੂੰ ਐਨਾ ਸ਼ਰਮਿੰਦਾ ਕੀਤਾ, ਕਿ ਇਹ ਫਿਰ ਮੁੜ ਆਏ ਤੇ ਮੁਕਤਸਰ ਦੇ ਯੁੱਧ ਵਿਚ ਇੱਕ ਇੱਕ ਕਰ ਕੇ ਸ਼ਹੀਦ ਹੋ ਗਏ।

ਭਾਵੇਂ ਕਿੰਨੇ ਵੀ ਦੁੱਖ ਤੇ ਤਸੀਹੇ ਸਹਿਣੇ ਪਏ, ਪਰ ਸਤਿਗੁਰੂ ਕਿਲ੍ਹਾ ਛੱਡ ਜਾਣ ਉਤੇ ਤਿਆਰ ਨਾ ਹੋਏ। ਇਹ ਵੇਖ ਕੇ ਪਹਾੜੀ ਰਾਜਿਆਂ ਨੇ ਯੁੱਧ ਦੇ ਲੰਮਾ ਹੋਣ ਤੇ ਉਸ ਦੇ ਵਧਦੇ ਖਰਚਾਂ ਤੇ ਨੁਕਸਾਨ ਤੋਂ ਬਚਣ ਲਈ ਇਕ ਹੋਰ ਚਾਲ ਚਲੀ। ਇਕ ਬ੍ਰਾਹਮਣ ਨੂੰ ਆਪਣਾ ਦੂਤ ਬਣਾ ਕੇ ਭੇਜਿਆ ਗਿਆ, ਜਿਸ ਨੇ ਸਤਿਗੁਰਾਂ ਨੂੰ ਜਾ ਕੇ ਆਖਿਆ ਕਿ ਮੁਸਲਮਾਨ ਕੁਰਾਨ ਦੀ ਤੇ ਹਿੰਦੂ ਗਊ ਦੀ ਸਹੁੰ ਖਾ ਕੇ ਆਖਦੇ ਹਨ ਕਿ ਜੇ ਸਤਿਗੁਰੂ ਜੀ ਆਨੰਦਪੁਰ ਦਾ ਕਿਲ੍ਹਾ ਛੱਡ ਦੇਣ, ਤਾਂ ਵੈਰੀ ਦੀ ਫੌਜ ਵੀ ਘਰ ਮੁੜ ਜਾਇਗੀ। ਫਿਰ ਸਤਿਗੁਰੂ ਮੁੜ ਕਿਲ੍ਹੇ ਵਿਚ ਜਦ ਚਾਹੁਣ, ਆ ਜਾਣ। ਉਨ੍ਹਾਂ ਦੀ ਫੌਜ ਜਾਂ ਮਾਲ-ਅਸਬਾਬ ਨੂੰ ਬਾਹਰ ਜਾਣ ਲੱਗਿਆਂ

ਕੋਈ ਨੁਕਸਾਨ ਨਹੀਂ ਪਹੁੰਚਾਇਆ ਜਾਵੇਗਾ। ਸਤਿਗੁਰੂ ਦੀ ਮਾਤਾ ਤੇ ਉਨ੍ਹਾਂ ਦੇ ਅਨੇਕਾਂ ਸਿੱਖਾਂ ਨੇ ਇਹ ਪੇਸ਼ਕਸ਼ ਸਵੀਕਾਰ ਕਰਨ ਲਈ ਉਨ੍ਹਾਂ ਅੱਗੇ ਜੋਦੜੀ ਕੀਤੀ। ਸਤਿਗੁਰਾਂ ਨੇ ਕਿਹਾ : "ਮੈਨੂੰ ਯਕੀਨ ਨਹੀਂ ਆਉਂਦਾ ਕਿ ਇਹ ਲੋਕ ਆਪਣੀ ਸਹੁੰ ਨੂੰ ਨਿਭਾ ਸਕਣਗੇ। ਤੁਸੀਂ ਕਾਹਲੇ ਨਾ ਪਵੋ, ਕੁਝ ਚਿਰ ਦਮ ਰੱਖੋ।" ਪਰ ਸਿੱਖਾਂ ਨੇ ਹੱਠ ਕੀਤਾ। ਇਸ ਉੱਤੇ ਸਤਿਗੁਰਾਂ ਨੇ ਅਜ਼ਮਾਇਸ਼ ਲਈ ਆਪਣਾ ਕੁਝ ਟੁੱਟਾ ਭੱਜਾ ਮਾਲ-ਅਸਬਾਬ ਗੱਡਿਆਂ ਵਿਚ ਲੱਦ ਕੇ ਉਸਨੂੰ ਖ਼ੀਨਖ਼ਾਬ ਨਾਲ ਢੱਕ ਕੇ ਰਾਤ ਦੇ ਹਨੇਰੇ ਵਿਚ ਬਾਹਰ ਭੇਜਿਆ। ਨਾਲ ਨਾਲ ਕੁਝ ਮਸ਼ਾਲਚੀ ਵੀ ਸਨ। ਜਦ ਵੈਰੀ-ਫੌਜਾਂ ਨੇ ਗੁਰੂ ਸਾਹਿਬ ਦਾ ਸਮਾਨ ਜਾਂਦਾ ਵੇਖਿਆ, ਤਾਂ ਉਸਨੂੰ ਬਹੁਮੁੱਲਾ ਜਾਣ ਕੇ ਉਸ ਉੱਤੇ ਟੁੱਟ ਪਏ। ਪਰ ਜਦ ਉਨ੍ਹਾਂ ਸਵੇਰ-ਸਾਰ ਇਸ ਨੂੰ ਖੋਲ੍ਹ ਕੇ ਇਸ ਦੀਆਂ "ਬਹੁਮੁੱਲੀਆਂ" ਵਸਤਾਂ ਨੂੰ ਵੇਖਿਆ ਤਾਂ ਸ਼ਰਮ ਦੇ ਮਾਰੇ ਪਾਣੀ ਪਾਣੀ ਹੋ ਗਏ।

ਸਤਿਗੁਰਾਂ ਨੇ ਜੋ ਕਿਲ੍ਹੇ ਦੀ ਦੀਵਾਰ ਤੋਂ ਇਹ ਦ੍ਰਿਸ਼ ਵੇਖ ਰਹੇ ਸਨ, ਆ ਕੇ ਆਪਣੇ ਸਿੱਖਾਂ ਨੂੰ ਸਮਝਾਇਆ ਕਿ ਸਾਡਾ ਬਚਾਓ ਕਿਲ੍ਹੇ ਵਿਚੋਂ ਬਾਹਰ ਨਾ ਨਿਕਲਣ ਵਿਚ ਹੀ ਹੈ, ਪਰ ਜਦ ਵੈਰੀ ਨੇ ਕੁਝ ਚਿਰ ਪਿਛੋਂ ਬਾਦਸ਼ਾਹ ਦਾ ਇਕ ਹੱਥ-ਲਿਖਤ ਸੁਨੇਹਾ ਸਤਿਗੁਰਾਂ ਪਾਸ ਭੇਜਿਆ, ਜਿਸ ਵਿਚ ਉਸ ਦੀ ਫੌਜ ਵਲੋਂ ਕੀਤੀ ਗਈ ਇਸ ਘਿਨਾਉਣੀ ਕਾਰਵਾਈ ਤੇ ਅਫ਼ਸੋਸ ਪ੍ਰਗਟ ਕੀਤਾ ਗਿਆ ਸੀ ਤੇ ਕੁਰਾਨ ਉੱਤੇ ਕਸਮ ਚੁੱਕ ਕੇ ਇਹ ਪੇਸ਼ਕਸ਼ ਦਹੁਰਾਈ ਗਈ ਸੀ ਕਿ ਜੇ ਗੁਰੂ ਕਿਲ੍ਹੇ ਨੂੰ ਛੱਡ ਦੇਣ ਤਾਂ ਉਨ੍ਹਾਂ ਨੂੰ ਕੋਈ ਆਂਚ ਨਹੀਂ ਆਏਗੀ। ਸਿੱਖ ਇਸ ਵੇਲੇ ਅਤਿ ਕਠਿਨ ਦਸ਼ਾ ਵਿਚ ਫਸੇ ਹੋਏ ਸਨ। ਇਸ ਲਈ ਉਨ੍ਹਾਂ ਸਤਿਗੁਰਾਂ ਅੱਗੇ ਬੇਨਤੀ ਕੀਤੀ : "ਸੱਚੇ ਪਾਤਸ਼ਾਹ, ਜੇ ਅਸਾਂ ਮਰਨਾ ਹੀ ਹੈ, ਤਾਂ ਲੜ ਕੇ ਕਿਉਂ ਨਾ ਸ਼ਹੀਦ ਹੋਈਏ, ਭੁੱਖ ਨਾਲੋਂ ਤਾਂ ਇਹ ਕਿਤੇ ਚੰਗੇਰੀ ਮੌਤ ਹੋਵੇਗੀ।" ਮਾਤਾ ਜੀ ਨੇ ਵੀ ਸਿੱਖਾਂ ਦੀ ਇਹ ਬੇਨਤੀ ਪਰਵਾਨ ਕਰਨ ਲਈ ਗੁਰੂ ਸਾਹਿਬ ਉੱਤੇ ਜ਼ੋਰ ਪਾਇਆ। ਅੰਤ ਸਤਿਗੁਰਾਂ ਨੇ ਜੋ ਨਾਲ ਕੀਮਤੀ ਵਸਤਾਂ ਜਾ ਸਕਦੀਆਂ ਸਨ, ਘੋੜਿਆਂ ਉੱਤੇ ਪੀੜ੍ਹੀਆਂ, ਅਤੇ ਬਾਕੀਆਂ ਨੂੰ ਜਾਂ ਅਗਨੀ ਭੇਟ ਕਰ ਦਿੱਤਾ ਤੇ ਜਾਂ ਧਰਤੀ ਹੇਠ ਦੱਬ ਦਿੱਤਾ। ਬ੍ਰਿਧ ਮਾਤਾ ਜੀ, ਸਤਿਗੁਰਾਂ ਦੀਆਂ ਧਰਮ-ਪਤਨੀਆਂ ਤੇ ਦੋ ਛੋਟੇ ਬੱਚਿਆਂ, ਸਾਹਿਬ ਫਤਿਹ ਸਿੰਘ ਤੇ ਜ਼ੋਰਾਵਰ ਸਿੰਘ ਨੂੰ ਜਿਨ੍ਹਾਂ ਦੀ ਆਯੂ ਅੱਠ ਤੇ ਛੇ ਵਰ੍ਹੇ ਦੀ ਸੀ, ਨਾਲ ਦੇ ਕੇ ਪਹਿਲਾਂ ਤੋਰਿਆ ਗਿਆ। ਸਤਿਗੁਰੂ ਆਪਣੇ ਦੋ ਵੱਡੇ ਸਾਹਿਬਜ਼ਾਦਿਆਂ, ਅਜੀਤ ਸਿੰਘ ਤੇ ਜੁਝਾਰ ਸਿੰਘ ਤੇ ਪੰਜ ਸੌ ਸਵਾਰਾਂ ਸਮੇਤ ਦੂਜੀ ਟੋਲੀ ਵਿਚ ਬਾਹਰ ਨਿਕਲੇ। ਰਾਤ ਦਾ ਗੂੜ੍ਹਾ ਹਨੇਰਾ, ਦਸੰਬਰ ਦੀ ਕਾਟਵੀਂ ਸਰਦੀ, ਸੰਨ 1704 ਈਸਵੀ ਨੂੰ ਇਹ ਭਿਆਨਕ ਤੇ ਦਿਲ-ਵਿੰਨ੍ਹਵੀਂ ਘਟਨਾ ਵਾਪਰੀ।

ਸਰਸਾ ਨਦੀ ਦੇ ਕੰਢੇ ਉੱਤੇ ਪਹੁੰਚ ਕੇ ਸਤਿਗੁਰੂ ਅੰਤਿਮ ਵੇਰ ਆਪਣੀ ਮਾਤਾ ਤੇ ਦੋ ਮਾਸੂਮ ਬੱਚਿਆਂ ਨੂੰ ਮਿਲੇ। ਇੱਥੇ ਉਨ੍ਹਾਂ ਨੇ ਇਕ ਸਿੱਖ ਨੂੰ ਸੌਂਪਣੀ ਕੀਤੀ

ਕਿ ਉਨ੍ਹਾਂ ਨੂੰ ਦਿੱਲੀ ਲੈ ਜਾਵੇ, ਜਿਧਰ ਨੂੰ ਉਨ੍ਹਾਂ ਦੀਆਂ ਧਰਮ-ਪਤਨੀਆਂ ਕੁਝ ਚਿਰ ਪਹਿਲਾਂ ਹੀ ਚਲੀਆਂ ਗਈਆਂ ਸਨ। ਪਰ ਉਹ ਸਿੱਖ ਉਨ੍ਹਾਂ ਨੂੰ ਆਪਣੇ ਇਕ ਸੰਬੰਧੀ ਪਾਸ ਰੋਪੜ ਲੈ ਗਿਆ। ਇਥੇ ਮਾਤਾ ਜੀ ਨੂੰ ਆਪਣਾ ਇਕ ਪੁਰਾਣਾ ਬ੍ਰਾਹਮਣ ਰਸੋਈਆ, ਗੰਗੂ ਆਣ ਮਿਲਿਆ ਜਿਸ ਨੇ ਉਨ੍ਹਾਂ ਨੂੰ ਉਸ ਪਾਸ ਸਰਹਿੰਦ ਦੇ ਨੇੜੇ ਖੇੜੀ ਦੇ ਪਿੰਡ ਵਿਚ ਕੁਝ ਚਿਰ ਜਾ ਵਸਣ ਲਈ ਪ੍ਰਾਰਥਨਾ ਕੀਤੀ। ਮਾਤਾ ਜੀ ਮੰਨ ਗਏ। ਪਰ ਗੰਗੂ ਦੀ ਨੀਅਤ ਵਿਗੜ ਗਈ ਤੇ ਰਾਤ ਨੂੰ ਉਸਨੇ ਮਾਤਾ ਜੀ ਦੀ ਗਹਿਣਿਆਂ ਦੀ ਪੋਟਲੀ ਅੱਗੇ ਪਿੱਛੇ ਕਰ ਦਿਤੀ। ਜਦ ਮਾਤਾ ਜੀ ਨੇ ਤ੍ਰਿਸਕਾਰਿਆ ਤਾਂ ਉਹ ਬੋਲਿਆ : ''ਚੰਗਾ ਮੈਨੂੰ ਇਨਾਮ ਦੇਂਦੇ ਹੋ ਮੇਰੀ ਵਫਾਦਾਰੀ ਦਾ। ਇੱਕ ਮੈਂ ਤੁਹਾਨੂੰ ਮੁਗਲਾਂ ਤੋਂ ਬਚਾ ਕੇ ਪਨਾਹ ਦਿਤੀ ਹੈ, ਦੂਜੇ ਮੇਰੇ ਉੱਤੇ ਚੋਰੀ ਦਾ ਦੋਸ਼ ਥੱਪਦੇ ਹੋ?''

ਮਾਤਾ ਜੀ ਚੁੱਪ ਕਰ ਰਹੇ, ਪਰ ਗੰਗੂ ਨੇ ਇਸ ਮਾਲ ਨੂੰ ਹਜ਼ਮ ਕਰਨ ਦੀ ਨੀਅਤ ਨਾਲ ਸਰਹਿੰਦ ਦੇ ਨਵਾਬ ਨੂੰ ਜਾ ਦਸਿਆ ਕਿ ਉਸ ਪਾਸ ਗੁਰੂ ਗੋਬਿੰਦ ਸਿੰਘ ਦੀ ਮਾਤਾ ਤੇ ਦੋ ਛੋਟੇ ਬੱਚੇ ਆ ਲੁੱਕੇ ਹਨ। ਉਸਨੇ ਬਥੇਰਾ ਹਟਕਿਆ ਹੈ, ਪਰ ਉਹ ਬਦੋਬਦੀ ਉਸ ਦੇ ਘਰ ਆਣ ਵੜੇ ਹਨ, ਉਨ੍ਹਾਂ ਨੂੰ ਫੜ ਲਿਆ ਜਾਵੇ। ਨਵਾਬ ਨੇ ਇਵੇਂ ਹੀ ਕੀਤਾ। ਇਕ ਬੁਰਜ ਵਿਚ ਤਿੰਨਾਂ ਨੂੰ ਕੈਦ ਵਿਚ ਰਖਿਆ ਗਿਆ। ਫਿਰ ਦੋਹਾਂ ਨੰਨ੍ਹੇ ਬੱਚਿਆਂ ਨੂੰ ਕਚਹਿਰੀ ਵਿਚ ਬੁਲਾਇਆ ਗਿਆ। ਬਥੇਰਾ ਸਮਝਾਣ ਉੱਤੇ ਵੀ ਉਨ੍ਹਾਂ ਨੇ ਨਵਾਬ ਨੂੰ ਝੁੱਕ ਕੇ ਸਲਾਮ ਕਰਨ ਤੋਂ ਨਾਂਹ ਕਰ ਦਿਤੀ ਸਗੋਂ ''ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ'' ਗਜਾ ਕੇ ਅਡੋਲ ਛਾਤੀ ਤਾਣ ਕੇ ਖੜੋਤੇ ਰਹੇ। ਕਾਜ਼ੀ ਨੇ ਆਖਿਆ : ''ਤੁਸੀਂ ਅਜੇ ਬਹੁਤ ਬੱਚੇ ਹੋ, ਤੁਸਾਂ ਨੂੰ ਪਤਾ ਨਹੀਂ, ਤੁਹਾਡਾ ਪਿਤਾ ਸਾਡੇ ਨਾਲ ਯੁੱਧ ਕਰਦਾ ਮਾਰਿਆ ਗਿਆ ਹੈ। ਹੁਣ ਤੁਹਾਡਾ ਕੋਈ ਆਸਰਾ ਨਹੀਂ। ਤੁਸੀਂ ਇਸਲਾਮ ਕਬੂਲ ਕਰ ਲਵੋ, ਤਾਂ ਤੁਹਾਡੀ ਪਾਲਣਾ ਪੋਸਣਾ ਸ਼ਾਹਜ਼ਾਦਿਆਂ ਵਾਂਗ ਕੀਤੀ ਜਾਵੇਗੀ।''

''ਨਹੀਂ, ਕਦੀ ਨਹੀਂ'' ਉਹ ਦੋਵੇਂ ਇਕ-ਜ਼ਬਾਨ ਹੋ ਕੇ ਸਿੰਘ-ਗਰਜਨਾ ਨਾਲ ਬੋਲੇ : ''ਅਸੀਂ ਗੋਬਿੰਦ ਸਿੰਘ ਦੇ ਪੁੱਤਰ ਹਾਂ। ਨਾ ਸਾਡੇ ਪਿਤਾ ਨੇ ਕਦੀ ਹਾਰ ਮੰਨੀ ਹੈ, ਨਾ ਅਸੀਂ ਮੰਨਾਂਗੇ। ਸਾਡੇ ਪਿਤਾ ਨੂੰ ਮਾਰਨ ਵਾਲਾ ਕੌਣ ਹੈ? ਉਹ ਤਾਂ ਅਮਰ ਹੈ।'' ਨਿੱਕੇ ਨਿੱਕੇ ਬੱਚਿਆਂ ਕੋਲੋਂ ਇਹ ਕਮਾਲ ਮਰਦਊ ਦਾ ਉੱਤਰ ਸੁਣ ਕੇ ਸਾਰੀ ਕਚਹਿਰੀ ਵਿਚ ਸੱਨਾਟਾ ਛਾ ਗਿਆ। ਲੋਕ ਉਨ੍ਹਾਂ ਦੀ ਭੋਲੀ-ਭਾਲੀ ਪਰ ਚਮਕਦੀ ਸੂਰਤ, ਨਿੱਕੀਆਂ-ਨਿੱਕੀਆਂ ਕਲਗੀਆਂ ਲੱਗੀਆਂ ਪੱਗਾਂ, ਕਮਰਕੱਸੇ ਤੇ ਨਿੱਕੇ ਨਿੱਕੇ ਤੀਰਕਮਾਨ ਤੇ ਕ੍ਰਿਪਾਨਾਂ ਨੂੰ ਵੇਖ ਕੇ ਹੱਥ ਦਿਲ ਉੱਤੇ ਧਰ ਲੈਂਦੇ ਸਨ : ''ਹਾਇ ਕਿੰਨੇ ਸੁਹਣੇ ਹਨ, ਤੇ ਕੇਹੇ ਸੂਰਬੀਰ! ਜੇ ਕਦੀ ਇਹ ਸਾਡੇ ਦੀਨ ਵਿਚ ਆ ਜਾਣ, ਤਾਂ ਵੱਡੇ ਹੋ ਕੇ ਪਤਾ ਨਹੀਂ ਕੀ ਕੀ ਚਮਤਕਾਰ ਕਰ ਵਿਖਾਣ!''

ਪਰ ਉਨ੍ਹਾਂ ਨੇ ਕਿਸੇ ਦੀ ਇੱਕ ਨਾ ਸੁਣੀ ਤੇ ਆਪਣੀ ਧੁਨ ਵਿਚ ਮਸਤ, ਦ੍ਰਿੜ੍ਹਤਾ ਨਾਲ, ਮੁੜ ਮੁੜ ਉਹੀ ਉੱਤਰ ਦੇਂਦੇ ਰਹੇ। ਅੰਤ ਸੂਬੇਦਾਰ ਵਜੀਰ ਖ਼ਾਨ

ਨੇ ਕਾਜ਼ੀ ਨੂੰ ਪੁੱਛਿਆ, "ਅਜੇਹੀ ਹਾਲਤ ਵਿਚ ਇਨ੍ਹਾਂ ਨੂੰ ਕੀ ਸਜ਼ਾ ਦੇਣੀ ਚਾਹੀਦੀ ਹੈ?" ਕਾਜ਼ੀ ਨੇ ਆਖਿਆ : "ਵੈਰੀ ਜਾਂ ਉਸ ਦੇ ਪੁੱਤਰ ਲਈ ਇੱਕੋ ਹੀ ਰਸਤਾ ਹੈ ਜਾਂ ਉਹ ਇਸਲਾਮ ਕਬੂਲ ਕਰੇ ਤੇ ਜਾਂ ਮੌਤ!" ਵਜ਼ੀਰ ਖ਼ਾਨ ਨੇ ਇਕ ਵੇਰ ਫਿਰ ਬੱਚਿਆਂ ਨੂੰ ਸਮਝਾਇਆ, "ਤੁਸੀਂ ਇੰਨੀ ਅਲ੍ਹੜ ਉਮਰ ਦੇ ਵਿਚ ਕਿਉਂ ਮੌਤ ਦੇ ਮੂੰਹ ਵਿਚ ਪੈਣਾ ਚਾਹੁੰਦੇ ਹੋ? ਹੁਣ ਵੀ ਮੰਨ ਜਾਓ ਤੇ ਸਾਡੇ ਧਰਮ ਵਿਚ ਆ ਕੇ ਆਪਣੀ ਜਾਨ ਵੀ ਬਚਾ ਲਓ ਤੇ ਸਾਡੇ ਹੋ ਕੇ ਇੱਜ਼ਤ ਮਰਾਤਬੇ ਵੀ ਪਾਓ।" ਪਰ ਬੱਚਿਆਂ ਨੇ ਉੱਤਰ ਦਿਤਾ : "ਅਸੀਂ ਆਪਣੇ ਪਿਤਾਮਾ, ਗੁਰੂ ਤੇਗ ਬਹਾਦਰ, ਵਾਂਗ ਸ਼ਹੀਦ ਹੋ ਜਾਵਾਂਗੇ, ਪਰ ਨਾ ਈਨ ਮੰਨਾਂਗੇ ਤੇ ਨਾ ਹੋਰ ਕਿਸੇ ਦਾ ਦੀਨ!"

ਵਜ਼ੀਰ ਖਾਨ ਨੇ ਮੌਤ ਦਾ ਹੁਕਮ ਸਾਦਰ ਕਰ ਦਿਤਾ। "ਦੋਹਾਂ ਨੂੰ ਲੈ ਜਾਓ, ਤੇ ਕਿਲ੍ਹੇ ਦੇ ਬਾਹਰਵਾਰ ਸਭ ਲੋਕਾਂ ਦੇ ਸਾਹਮਣੇ ਇਨ੍ਹਾਂ ਨੂੰ ਇੱਟਾਂ ਦੀ ਦੀਵਾਰ ਵਿਚ ਚਿਣ ਦਿਓ!" ਇਹ ਹੁਕਮ ਸੁਣ ਕੇ ਦੋਹਾਂ ਬੱਚਿਆਂ ਨੇ ਮੁੜ "ਫਤਹਿ" ਗਜਾਈ ਤੇ ਸਾਰੀ ਕਚਹਿਰੀ ਨੂੰ ਸੰਬੋਧਨ ਕਰ ਕੇ ਸਾਹਿਬ ਫਤਹ ਸਿੰਘ ਨੇ ਆਖਿਆ: "ਤੁਸਾਂ ਸਭਨਾਂ ਦਾ ਸ਼ੁਕਰੀਆ, ਜੋ ਤੁਸਾਂ ਸਾਡੇ ਮਾਸੂਮਾਂ ਨਾਲ ਐਨਾ ਚੰਗਾ ਇਨਸਾਫ਼ ਕੀਤਾ ਹੈ। ਪਰਮੇਸ਼ੁਰ ਤੁਹਾਨੂੰ ਵੀ ਕੀਤੇ ਦਾ ਫਲ ਦੇਵੇ।" ਇਹ ਸੁਣ ਕੇ ਨਵਾਬ 'ਮਲੇਰਕੋਟਲਾ' ਨੇ ਸਰਹਿੰਦ ਦੇ ਨਵਾਬ ਨੂੰ ਆਖਿਆ, "ਮੇਰੀ ਨਾਚੀਜ਼ ਰਾਏ ਵਿਚ ਇਨਸਾਫ ਨਹੀਂ ਹੋਇਆ। ਪਿਤਾ ਦਾ ਬਦਲਾ ਛੋਟੇ ਛੋਟੇ ਬੱਚਿਆਂ ਤੋਂ ਚੁਕਾਣਾ ਕਿਵੇਂ ਜਾਇਜ਼ ਹੈ?" ਜਦ ਬਾਕੀ ਸਭਨਾਂ ਨੇ, ਸਮੇਤ ਦੀਵਾਨ ਸੁੱਚਾ ਨੰਦ ਦੇ ਉਸ ਦੀ ਵਿਰੋਧਤਾ ਕੀਤੀ ਤਾਂ ਉਹ ਭਰੀ ਕਚਹਿਰੀ ਵਿਚੋਂ ਰੋਸ ਵਜੋਂ ਇਹ ਆਖਦਾ ਹੋਇਆ ਉਠ ਕੇ ਚਲਾ ਗਿਆ, "ਮੈਂ ਇਹ ਘੋਰ ਅਤਿਆਚਾਰ ਆਪਣੀਆਂ ਅੱਖਾਂ ਨਾਲ ਨਹੀਂ ਵੇਖ ਸਕਦਾ। ਇਤਿਹਾਸ ਸਾਡੇ ਤੋਂ ਇਸ ਦਾ ਜਵਾਬ ਮੰਗੇਗਾ।"[1]

ਦੋ ਨੰਨ੍ਹੀਆਂ ਮਾਸੂਮ ਜਿੰਦੜੀਆਂ ਨੂੰ ਨੀਂਹਾਂ ਵਿਚ ਚਿਣ ਦਿਤਾ ਗਿਆ। ਜਦ ਮਾਤਾ ਜੀ ਨੂੰ ਇਸ ਹਿਰਦੇ-ਵੇਧਕ ਖਬਰ ਦਾ ਪਤਾ ਲਗਾ, ਤਾਂ ਉਨ੍ਹਾਂ ਦਾ ਕੋਮਲ ਦਿਲ ਜਰ ਨਾ ਸਕਿਆ ਤੇ ਉਨ੍ਹਾਂ ਉਥੇ ਹੀ ਪ੍ਰਾਣ ਤਿਆਗ ਦਿਤੇ। ਲੋਕ ਦਿਲ ਹੀ ਦਿਲ ਵਿਚ ਇਸ ਘੋਰ ਅਤਿਆਚਾਰ ਉਤੇ ਅੱਥਰੂ ਕੇਰਦੇ ਤੇ ਆਖਦੇ ਸਨ : "ਇਸ ਉਪਦ੍ਰਵੀ ਰਾਜ ਦਾ ਅੰਤ ਹੁਣ ਹੋਣ ਹੀ ਵਾਲਾ ਹੈ। ਪਾਪ ਦਾ ਨੱਕੋ ਨੱਕ ਭਰਿਆ ਪਿਆਲਾ ਹੁਣ ਡੁਲ੍ਹ ਕੇ ਹੀ ਰਹੇਗਾ।"

ਸਤਿਗੁਰੂ ਜੀ ਦਾ ਪਿੱਛਾ ਵੀ ਮੁਗਲ ਫੌਜਾਂ ਨੇ ਸਭ ਕਸਮਾਂ ਤੋੜ ਕੇ ਕੀਤਾ।

---

1. ਇਸ ਚੰਗਿਆਈ ਦਾ ਬਦਲਾ ਸਿੱਖਾਂ ਨੇ ਮਲੇਰ ਕੋਟਲੇ ਦੇ ਵਾਸੀਆਂ ਨੂੰ ਕਈ ਵੇਰ ਦਿਤਾ। ਜਦ ਬੰਦਾ ਬਹਾਦਰ ਨੇ ਸਰਹਿੰਦ ਦੀ ਇੱਟ ਨਾਲ ਇੱਟ ਵਜਾ ਦਿਤੀ ਤੇ ਸਰਹਿੰਦ ਦੇ ਨਵਾਬ ਤੇ ਉਸ ਦੇ ਸਾਰੇ ਖ਼ਾਨਦਾਨ ਨੂੰ ਕਤਲ ਕਰ ਦਿਤਾ ਤਾਂ ਮਲੇਰਕੋਟਲੇ ਨੂੰ ਤਬਾਹੀ ਤੋਂ ਉਕਾ ਹੀ ਬਚਾ ਦਿਤਾ ਗਿਆ। ਇਸੇ ਤਰ੍ਹਾਂ 1947 ਵਿਚ ਦੇਸ਼ ਦੀ ਵੰਡ ਸਮੇਂ ਹੋਏ ਫ਼ਸਾਦਾਂ ਵਿਚ ਜਦ ਸਭੇ ਮੁਸਲਮਾਨ ਪੂਰਬੀ ਪੰਜਾਬ ਤੋਂ ਪਾਕਿਸਤਾਨ ਘੱਲ ਦਿਤੇ ਗਏ ਤਾਂ ਮਲੇਰਕੋਟਲੇ ਦੇ ਮੁਸਲਮਾਨਾਂ ਵਿਰੁੱਧ ਕਿਸੇ ਨੇ ਉਂਗਲ ਵੀ ਨਹੀਂ ਸੀ ਚੁੱਕੀ।

ਉਨ੍ਹਾਂ ਚਮਕੌਰ ਦੀ ਇਕ ਕਿਲ੍ਹੇ-ਨੁਮਾ ਹਵੇਲੀ ਵਿਚ ਆ ਪਨਾਹ ਲਈ, ਤੇ ਉਥੋਂ ਹੀ ਚਾਲੀ ਸਿੰਘਾਂ ਦੇ ਨਾਲ ਲੜਾਈ ਲਈ ਤਿਆਰੀ ਆਰੰਭ ਦਿਤੀ। ਬਾਕੀ ਫੌਜੀਆਂ ਨੂੰ ਉਹ ਸਰਸਾ ਨਦੀ ਦੇ ਕੰਢੇ ਵੈਰੀ-ਦਲ ਦੇ ਟਾਕਰੇ ਲਈ ਛਡ ਆਏ ਸਨ। ਛੇਤੀ ਹੀ ਵੈਰੀ ਦੀ ਫੌਜ ਨੇ ਭਾਰੀ ਗਿਣਤੀ ਵਿਚ ਉਨ੍ਹਾਂ ਨੂੰ ਘੇਰ ਲਿਆ। ਤੀਰਾਂ ਬੰਦੂਕਾਂ ਦੀ ਵਾਛੜ ਵੈਰੀ ਤੇ ਵਰ੍ਹਾਈ ਗਈ। ਦੋ-ਦੋ ਚਾਰ-ਚਾਰ ਦੀਆਂ ਟੋਲੀਆਂ ਬਣਾ ਸਿੱਖ ਬਾਹਰ ਜਾਂਦੇ ਤੇ ਭਾਰੀ ਕਟਾ ਵੱਢ ਕਰ ਕੇ ਉਥੇ ਹੀ ਸ਼ਹੀਦ ਹੋ ਜਾਂਦੇ। ਸਤਿਗੁਰੂ ਦੇ ਦੋ ਵਡੇ ਸਾਹਿਬਜ਼ਾਦੇ ਵੀ ਸਿੱਖਾਂ ਦੇ ਰੋਕਣ ਦੇ ਬਾਵਜੂਦ ਇਵੇਂ ਹੀ ਦ੍ਵੰਦ-ਯੁੱਧ ਕਰਦੇ ਸ਼ਹੀਦ ਹੋ ਗਏ। ਸਤਿਗੁਰਾਂ ਨੇ ਆਖਿਆ : "ਮੇਰੇ ਬੱਚੇ ਜੇ ਸਭ ਤੋਂ ਪਹਿਲਾਂ ਨਹੀਂ, ਤਾਂ ਸਭ ਤੋਂ ਆਖਰੀ ਵੀ ਸ਼ਹੀਦ ਹੋਣ ਲਈ ਨਹੀਂ ਬਚਾਏ ਜਾ ਸਕਦੇ।" ਉਨ੍ਹਾਂ ਦੀ ਸ਼ਹਾਦਤ ਨੂੰ ਵੇਖ ਕੇ ਸਤਿਗੁਰਾਂ ਨੇ ਸ਼ਾਂਤ-ਚਿਤ, ਪਰਮੇਸ਼ੂਰ ਦੀ ਦਰਗਾਹ ਵਿਚ ਅਰਦਾਸ ਕੀਤੀ : "ਹੇ ਸਰਬ ਸ਼ਕਤੀਮਾਨ ਅਕਾਲ ਪੁਰਖ ਤੇਰੀ ਇਹ ਅਮਾਨਤ ਵੀ ਮੈਂ ਤੈਨੂੰ ਮੋੜ ਦਿਤੀ।"

ਹੁਣ ਉਨ੍ਹਾਂ ਦੀ ਆਪਣੀ ਜਾਨ ਵੀ ਖ਼ਤਰੇ ਵਿਚ ਸੀ। ਕਿਲ੍ਹੇ ਵਿਚ ਕੇਵਲ ਪੰਜ ਸਿੱਖ ਬਾਕੀ ਰਹਿ ਗਏ ਸਨ। ਉਨ੍ਹਾਂ ਗੁਰੂ ਅਗੇ ਤਰਲਾ ਕੀਤਾ ਕਿ ਉਹ ਇਥੋਂ ਤਿੰਨ ਫੌਜੀਆਂ ਨੂੰ ਨਾਲ ਲੈ ਕੇ ਰਾਤ ਦੇ ਹਨੇਰੇ ਵਿਚ ਵੈਰੀ-ਦਲ ਦੀ ਅੱਖ ਬਚਾ ਕੇ ਨਿਕਲ ਜਾਣ ਕਿਉਂਕਿ ਜੇ ਉਨ੍ਹਾਂ ਦੀ ਜ਼ਿੰਦਗੀ ਸਲਾਮਤ ਰਹੀ ਤਾਂ ਪੰਥ ਦਾ ਅਣਗਿਣਤ ਵਾਧਾ ਹੋ ਸਕਦਾ ਹੈ। ਪਰ ਜੇ ਉਹ ਸ਼ਹੀਦ ਹੋ ਗਏ ਤਾਂ ਸਿੱਖੀ ਦਾ ਬੂਟਾ ਕਿਤੇ ਸੁੱਕ ਹੀ ਨਾ ਜਾਵੇ। ਸਤਿਗੁਰਾਂ ਨੇ ਉੱਤਰ ਦਿਤਾ : "ਮੇਰੀ ਜਾਨ ਮੈਨੂੰ ਤੁਹਾਡੇ ਤੋਂ ਵਧੀਕ ਪਿਆਰੀ ਨਹੀਂ। ਮੈਂ ਤਾਂ ਤੁਹਾਡੇ ਨਾਲ ਹੀ ਸ਼ਹੀਦ ਹੋਣ ਦਾ ਮਾਣ ਪ੍ਰਾਪਤ ਕਰਾਂਗਾ।"

ਇਹ ਸੁਣ ਕੇ ਸਿੱਖਾਂ ਨੂੰ ਬਹੁਤ ਦੁੱਖ ਹੋਇਆ। ਅੰਤ ਉਨ੍ਹਾਂ ਪੰਜਾਂ ਨੇ ਇਕਲਵਾਂਜੇ ਹੋ ਕੇ ਇਹ ਸਲਾਹ ਕੀਤੀ ਕਿ ਕਿਉਂ ਨਾ ਇਕ ਸਰਬ-ਸੰਮਤੀ ਨਾਲ ਗੁਰਮਤਾ ਸੋਧ ਕੇ ਸਤਿਗੁਰੂ ਨੂੰ ਹੁਕਮ ਦਿਤਾ ਜਾਵੇ ਕਿ ਉਹ ਕਿਲ੍ਹੇ ਨੂੰ ਛੱਡ ਜਾਣ। ਇਵੇਂ ਹੀ ਕੀਤਾ ਗਿਆ। ਪੰਜੇ ਦੇ ਪੰਜੇ ਗੁਰਮਤਾ ਸੋਧ ਕੇ ਸਤਿਗੁਰੂ ਦੇ ਹਜ਼ੂਰ ਆ ਖੜੇ ਹੋਏ ਤੇ ਉਨ੍ਹਾਂ ਵਿਚੋਂ ਇੱਕ ਭਾਈ ਸੰਤ ਸਿੰਘ ਅੱਗੇ ਹੋ ਕੇ ਬੋਲਿਆ : "ਤੁਸੀਂ ਸਾਡੇ ਹੱਥੋਂ ਅੰਮ੍ਰਿਤ ਛਕ ਕੇ ਸਾਨੂੰ ਇਹ ਉਪਦੇਸ਼ ਦ੍ਰਿੜ੍ਹਾਇਆ ਹੈ ਕਿ ਪੰਥ ਹੀ ਗੁਰੂ ਹੈ। ਤੁਸਾਂ ਸਾਨੂੰ ਇਹ ਵੀ ਆਖਿਆ ਹੈ, ਜਿਥੇ ਤੁਸੀਂ ਪੰਜ ਪਰਮੇਸ਼ੂਰ ਦੀ ਆਗਿਆ ਦਾ ਪਾਲਣ ਕਰਦੇ ਹੋਏ, ਸੱਚੇ ਤੇ ਸੁੱਚੇ ਹਿਰਦੇ ਨਾਲ ਕੋਈ ਮਤਾ ਪਾਸ ਕਰੋਗੇ, ਉਹ ਗੁਰੂ ਦਾ ਮਤਾ ਹੋਵੇਗਾ, ਉਹ ਗੁਰੂ ਉਤੇ ਵੀ ਲਾਗੂ ਹੋਵੇਗਾ। ਹੁਣ ਅਸੀਂ ਤੁਹਾਨੂੰ ਗੋਬਿੰਦ ਸਿੰਘ ਜੀ ਨੂੰ ਗੁਰੂ ਦਾ ਰੂਪ ਹੋ ਕੇ ਹੁਕਮ ਦੇਂਦੇ ਹਾਂ, ਕਿ ਤੁਸੀਂ ਪੰਥ ਦੀ ਵੇਲ ਵਧਾਉਣ ਦੀ ਖਾਤਰ ਕਿਲ੍ਹੇ ਵਿਚੋਂ ਬਾਹਰ ਨਿਕਲ ਜਾਓ।"

ਸਤਿਗੁਰੂ ਦੇ ਨੇਤਰ ਜੋ ਦੋ ਬੱਚੇ ਸਾਹਮਣੇ ਸ਼ਹੀਦ ਕਰਵਾ ਕੇ ਸਜਲ ਨਹੀਂ ਸਨ ਹੋਏ, ਹੁਣ ਭਾਵੁਕ ਹੋ ਛਲਕੇ। ਉਨ੍ਹਾਂ ਗੁਰਮਤੇ ਅੱਗੇ ਸੀਸ ਨਿਵਾ ਦਿੱਤਾ।

ਹਰੇਕ ਸਿੱਖ ਨੂੰ ਵਾਰੀ ਵਾਰੀ ਛਾਤੀ ਨਾਲ ਲਗਾਇਆ। ਉਸਦਾ ਮੱਥਾ ਚੁੰਮਿਆ। ਹਰੇਕ ਨੂੰ ਅਸੀਸ ਦਿਤੀ : "ਤੁਹਾਡੀ ਦੋਹਾਂ ਜਹਾਨਾਂ ਵਿਚ ਸੁਰਖਰੂਈ ਹੋਵੇਗੀ।" ਤੇ ਤਿੰਨ ਸਿੱਖਾਂ ਨੂੰ ਦੂਜੀਆਂ ਸਿੰਮਤਾਂ ਤੋਂ ਬਾਹਰ ਭੇਜ, ਉਹ ਵੈਰੀ ਦਲ ਤੋਂ ਬਚ, ਰਾਤ ਦੇ ਹਨੇਰੇ ਵਿਚ ਪੈਦਲ ਮਾਛੀਵਾੜੇ ਦੇ ਜੰਗਲ ਦੀ ਸੇਧ ਤੁਰ ਪਏ।

ਮਾਛੀਵਾੜੇ ਪਹੁੰਚ ਕੇ ਗੁਰੂ ਸਾਹਿਬ ਨੂੰ ਉਨ੍ਹਾਂ ਦੇ ਤਿੰਨ ਹੋਰ ਸਿੱਖ ਵੀ ਚਮਕੌਰ ਤੋਂ ਆ ਮਿਲੇ ਜੋ ਵਖੋ ਵਖ ਪਾਸਿਆਂ ਤੋਂ ਪਹਿਲਾਂ ਮਿਥੀ ਵਿਉਂਤ ਅਨੁਸਾਰ ਇੱਥੇ ਪੁਜਣੇ ਸਨ। ਇੱਥੇ ਹੀ ਉਨ੍ਹਾਂ ਨੂੰ ਨਬੀ ਖਾਨ ਤੇ ਗਨੀ ਖਾਨ ਨਾਮ ਦੇ ਦੋ ਪਠਾਣ, ਜੋ ਪਹਿਲਾਂ ਵੀ ਉਨ੍ਹਾਂ ਦੇ ਦਰਬਾਰ ਵਿਚ ਆ ਚੁਕੇ ਸਨ, ਦੇਵਨੇਤ ਨਾਲ ਆਣ ਮਿਲੇ।

ਇਹ ਸੁਣਕੇ ਕਿ ਮੁਗਲ ਫੌਜ ਉਨ੍ਹਾਂ ਦੀ ਭਾਲ ਵਿਚ ਉਨ੍ਹਾਂ ਦਾ ਪਿੱਛਾ ਕਰ ਰਹੀ ਹੈ, ਸਤਿਗੁਰਾਂ ਨੂੰ ਛੇਤੀ ਹੀ ਮਾਛੀਵਾੜੇ ਨੂੰ ਛੱਡ ਜਾਣਾ ਪਿਆ। ਪਰ ਉਨ੍ਹਾਂ ਦੇ ਚਰਨਾਂ ਉੱਤੇ ਤੁਰਨ ਨਾਲ ਛਾਲੇ ਪੈ ਚੁੱਕੇ ਸਨ। ਕੁਝ ਇਸ ਨੀਅਤ ਨਾਲ ਵੀ ਕਿ ਬਿਨ੍ਹਾਂ ਕੋਈ ਖੇਡ ਰਚਣ ਦੇ ਮੁਗਲ ਫੌਜਾਂ ਦੇ ਘੇਰੇ ਵਿਚੋਂ ਲੰਘਣਾ ਕਠਿਨ ਹੋਵੇਗਾ, ਸਤਿਗੁਰਾਂ ਨੇ ਇਹ ਵਿਉਂਤ ਪਰਵਾਨ ਕਰ ਲਈ ਕਿ ਉਨ੍ਹਾਂ ਨੂੰ "ਉੱਚ ਦੇ ਪੀਰ" ਦੇ ਰੂਪ ਵਿਚ ਮੰਜੀ ਉੱਤੇ ਬਿਠਾ, ਇਹ ਪੰਜੇ ਸੇਵਕ ਚੁੱਕ ਲੈਣ ਤੇ ਸਹੀ ਸਲਾਮਤ ਕਿਸੇ ਟਿਕਾਣੇ ਤੇ ਪਹੁੰਚਾ ਦੇਣ। ਉੱਚ ਦਾ ਨਗਰ ਮੁਲਤਾਨ ਦੇ ਇਲਾਕੇ ਵਿਚ ਹੈ ਤੇ ਇਥੋਂ ਦੇ ਪੀਰ ਦੀ ਮੁਸਲਮਾਨਾਂ ਵਿਚ ਵੱਡੀ ਮਹਿਮਾ ਸੀ।

ਇਵੇਂ ਹੀ ਕੀਤਾ ਗਿਆ। ਪਰ ਅੱਗੇ ਜਾ ਕੇ ਵੇਖਿਆ ਤਾਂ ਮੁਗਲ ਫੌਜ ਡੇਰੇ ਪਾਈ ਬੈਠੀ ਸੀ। ਮੁਗਲ ਫੌਜਾਂ ਨੇ ਇਸ ਟੋਲੀ ਦਾ ਰਾਹ ਰੋਕ ਲਿਆ ਤੇ ਪੁੱਛ ਕੀਤੀ ਕਿ ਉਹ ਉਨ੍ਹਾਂ ਨੂੰ ਤਦੇ ਅੱਗੇ ਲੰਘਣ ਦੇਣਗੇ, ਜੇ ਪੀਰ ਸਾਹਿਬ ਤੇ ਉਨ੍ਹਾਂ ਦੇ ਸਾਥੀ ਉਨ੍ਹਾਂ ਨਾਲ ਭੋਜਨ ਖਾਣ। ਪਰ ਮੁਰੀਦਾਂ ਨੇ ਬਹਾਨਾ ਕੀਤਾ ਕਿ ਪੀਰ ਸਾਹਿਬ ਰੋਜ਼ੇ ਉਤੇ ਹਨ ਅਤੇ ਕੱਚੇ ਜਵਾਂ ਤੋਂ ਬਿਨ੍ਹਾਂ ਹੋਰ ਕੁਝ ਨਹੀਂ ਖਾਂਦੇ। ਮੈਕਾਲਿਫ ਦੇ ਕਹਿਣ ਅਨੁਸਾਰ ਬਾਕੀ ਦੇ ਸੇਵਕਾਂ ਨੂੰ ਸਤਿਗੁਰਾਂ ਨੇ ਹੁਕਮ ਦਿਤਾ ਕਿ ਜੋ ਮਿਲੇ, ਗੁਰੂ ਦਾ ਨਾਮ ਲੈ ਕੇ ਛੱਕ ਜਾਣ। ਇਹ ਵਿਉਂਤ ਉਨ੍ਹਾਂ ਨੂੰ ਇਸ ਘੇਰੇ ਵਿਚੋਂ ਨਿਕਲਣ ਵਿਚ ਵੱਡੀ ਸਹਾਈ ਹੋਈ।

ਰਾਹ ਵਿਚ ਉਨ੍ਹਾਂ ਨੂੰ ਮਹੰਤ ਕ੍ਰਿਪਾਲ ਮਿਲੇ ਜੋ ਭੰਗਾਣੀ ਦੇ ਯੁੱਧ ਵਿਚ ਉਨ੍ਹਾਂ ਦੇ ਨਾਲ ਹੋ ਕੇ ਲੜ ਚੁੱਕੇ ਸਨ। ਪਰ ਮੁਗਲਾਂ ਦੇ ਡਰ ਕਰ ਕੇ ਮਹੰਤ ਕ੍ਰਿਪਾਲ ਨੇ ਉਨ੍ਹਾਂ ਨੂੰ ਆਪਣੇ ਪਾਸ ਰਹਿਣ ਲਈ ਥਾਂ ਨਾ ਦਿਤੀ। ਇਥੋਂ ਸਤਿਗੁਰੂ ਜਗਰਾਓਂ ਤੇ ਰਾਇ ਕੋਟ ਗਏ ਜਿਥੋਂ ਦੇ ਮੁਸਲਮਾਨ ਚੌਧਰੀ, ਰਾਏ ਕਲ੍ਹਾ ਨੇ ਆਪਣੇ ਪਿੰਡ ਜਾਟਪੁਰਾ ਵਿਚ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। ਰਾਏ ਕਲ੍ਹਾ ਨੂੰ ਸਤਿਗੁਰਾਂ ਨੇ ਇਕ ਤਲਵਾਰ ਵੀ ਸਿਰੋਪਾਓ ਵਜੋਂ ਬਖਸ਼ੀ। ਇਥੋਂ ਸਤਿਗੁਰੂ ਲੱਖੀ ਜੰਗਲ ਵਲ ਨੂੰ ਹੋ ਤੁਰੇ। ਜਿਸ ਜਿਸ ਨੇ ਵੀ ਉਨ੍ਹਾਂ ਦੀ ਆਵੰਦ ਦਾ ਸੁਣਿਆ, ਗੁਰੂ ਦੇ ਦੀਦਾਰ ਲਈ ਭੱਜਾ ਆਇਆ। ਸਤਿਗੁਰਾਂ ਨੇ ਆਪ ਲਿਖਿਆ ਹੈ : "ਲੱਖੀ ਜੰਗਲ ਖਾਲਸਾ

ਆਇ ਦੀਦਾਰ ਕੀਤੇ ਨੇ। ਆਪਣੇ ਰਖਵਾਲੇ ਦੀ ਆਵੰਦ ਦਾ ਸੁਣ ਕੇ "ਮਹੀਆਂ ਪਾਣੀ ਘਾਹ ਮੁਤੇ ਨੇ। "ਕਿਸੇ ਨਾਲ ਨਾ ਰਲੀਆਂ ਕਾਈ ਇਹ ਕੀ ਸ਼ੌਕ ਪਿਉ ਨੇ?" ਕਿਸੇ ਨੇ ਕਿਸੇ ਹੋਰ ਦੇ ਨਾਲ ਤੁਰਨ ਨੂੰ ਵੀ ਨਾ ਉਡੀਕਿਆ ਇਹ ਕਜੇਹਾ ਸ਼ੌਕ ਜਾਗਿਆ ਸਾਰੀ ਲੋਕਾਈ ਨੂੰ? "ਸੁਣ ਕੇ ਸੱਦ ਮਾਹੀ ਵਾਲਾ ਸ਼ੁਕਰ ਕੀਤੇ ਨੇ।" ਜਦ ਮਾਹੀ ਦੀ ਵੰਝਲੀ ਦੀ ਸਦ ਵੱਗ ਨੇ ਸੁਣੀ, ਤਾਂ ਪਿਛੇ ਪਿਛੇ ਹੋ ਤੁਰਿਆ!

ਇੱਥੇ ਹੀ ਸਤਿਗੁਰਾਂ ਨੂੰ ਦੋ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਸੂਚਨਾ ਮਿਲੀ। ਸਤਿਗੁਰਾਂ ਨੇ ਨੈਣ ਮੁੰਦ ਲਏ ਤੇ ਹੱਥ ਉਪਰ ਨੂੰ ਉਠਾ ਵਾਹਿਗੁਰੂ ਦੀ ਦਰਗਾਹ ਵਿਚ ਸ਼ੁਕਰਾਨਾ ਭੇਟ ਕੀਤਾ : "ਹੇ ਸਰਬ ਸ਼ਕਤੀਮਾਨ ਅਕਾਲ ਪੁਰਖ, ਇਹ ਤੇਰੀ ਅਮਾਨਤ ਵੀ ਮੈਂ ਤੈਨੂੰ ਮੋੜ ਦਿਤੀ।"

ਤੇ ਆਪਣੀ ਕ੍ਰਿਪਾਨ ਨਾਲ ਇਕ ਪੌਦੇ ਦੀ ਜੜ੍ਹ ਮੁੱਢੋਂ ਉਖੇੜ ਕੇ ਬੋਲੇ, "ਜਿਵੇਂ ਮੈਂ ਇਹ ਜੜ੍ਹ ਮੁੱਢ ਤੋਂ ਪੁੱਟ ਸੁਟੀ ਹੈ, ਇਵੇਂ ਹੀ ਮੁਗਲ ਰਾਜ ਦਾ ਵੀ ਛੇਤੀ ਵਿਨਾਸ਼ ਹੋਣ ਵਾਲਾ ਹੈ।"

ਕਾਂਡ 8

"ਚੂ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ।
ਹਲਾਲ ਅਸਤ ਬੁਰਦਨ, ਬਸ਼ਮਸ਼ੀਰ ਦਸਤ।"

- ਗੁਰੂ ਗੋਬਿੰਦ ਸਿੰਘ (ਜ਼ਫਰਨਾਮਾ)

ਜਾਟਪੁਰੇ ਤੋਂ ਸਤਿਗੁਰੂ ਦੀਨੇ ਨੂੰ ਪਧਾਰੇ। ਇਕ ਸਿੱਖ ਨੇ ਉਨ੍ਹਾਂ ਨੂੰ ਇਕ ਚੋਣਵਾਂ ਘੋੜਾ ਭੇਟ ਕੀਤਾ ਸੀ ਤੇ ਇਸ ਨਾਲ ਉਨ੍ਹਾਂ ਦਾ ਸਫਰ ਸੁਖਾਲਾ ਹੋ ਗਿਆ। ਕੁਝ ਚਿਰ ਆਪ ਦੀਨੇ ਠਹਿਰੇ। ਇੱਥੇ ਹੀ ਆਪ ਨੇ ਇਕ ਚਿੱਠੀ ਔਰੰਗਜ਼ੇਬ ਦੇ ਨਾਮ ਫ਼ਾਰਸੀ ਕਵਿਤਾ ਵਿਚ ਲਿਖੀ ਜੋ "ਜ਼ਫਰਨਾਮਾ" (ਜਿੱਤ ਦਾ ਖਤ) ਦੇ ਨਾਮ ਨਾਲ ਪ੍ਰਸਿੱਧ ਹੈ। ਇਸ ਚਿੱਠੀ ਤੋਂ ਸਤਿਗੁਰਾਂ ਦੀ ਨਿਰਭੈਤਾ, ਪਰਮੇਸ਼ੂਰ ਵਿਚ ਅਟੁੱਟ ਵਿਸ਼ਵਾਸ ਤੇ ਰਾਜ-ਅਧਿਕਾਰੀਆਂ ਦੇ ਪਾਪਾਂ ਤੇ ਉਪਦ੍ਰਵਾਂ ਲਈ ਅਤਿਅੰਤ ਘ੍ਰਿਣਾ ਪਰਗਟ ਹੁੰਦੀ ਹੈ। ਇਸ ਵਿਚ ਇਸ ਅਟੱਲ ਨੇਮ ਨੂੰ ਵਾਰ ਵਾਰ ਦਹੁਰਾਇਆ ਗਿਆ ਹੈ ਕਿ ਜਿੱਤਦਾ ਅੰਤ ਨੂੰ ਓਹੀ ਹੈ, ਜਿਸਦਾ ਮਨੋਰਥ ਸੱਚਾ ਤੇ ਰੱਬੀ ਨੇਮਾਂ ਦੇ ਅਨੁਕੂਲ ਹੋਵੇ।

ਸਤਿਗੁਰੂ ਇਸ ਚਿੱਠੀ ਵਿਚ ਲਿਖਦੇ ਹਨ, "ਹੇ ਬਾਦਸ਼ਾਹ, ਮੈਨੂੰ ਤੇਰੀਆਂ ਕਸਮਾਂ ਦਾ ਕੋਈ ਭਰੋਸਾ ਨਹੀਂ। ਤੂੰ ਬਚਨ ਇੱਕ ਤਰ੍ਹਾਂ ਦਾ ਕਰਦਾ ਹੈਂ ਤੇ ਨਿਭਾਹੁੰਦਾ ਉਸਨੂੰ ਦੂਜੀ ਤਰ੍ਹਾਂ ਹੈਂ। ਮੈਂ ਆਨੰਦਪੁਰ ਵਿਚੋਂ ਆਪਣੀ ਫੌਜ ਨੂੰ ਕਦੀ ਨਾ ਹਟਾਂਦਾ, ਜੇ ਮੈਨੂੰ ਤੇਰੀ ਸਹੁੰ ਦਾ ਇਤਬਾਰ ਨਾ ਹੁੰਦਾ। ਤੇ ਚਮਕੌਰ ਵਿਚ ਤੇਰੀ ਇਕ ਲੱਖ ਦੀ ਫੌਜ ਮੇਰੇ ਚਾਲ੍ਹੀ ਫੌਜੀਆਂ ਉਤੇ ਟੁੱਟ ਕੇ ਆ ਪਈ, ਇਸ ਦੀ ਤੈਨੂੰ ਲੱਜਾ ਨਾ ਆਈ?"

"ਜਦ ਮਨੁੱਖ ਕੋਲ ਹੋਰ ਕੋਈ ਹੀਲਾ ਰਹਿ ਨਹੀਂ ਜਾਂਦਾ, ਤਲਵਾਰ ਉਤੇ ਹੱਥ ਰੱਖ ਲੈਣਾ ਉਸਦਾ ਧਰਮ ਹੈ। ਜਦ ਤੇਰੀ ਫੌਜ ਮੇਰੇ ਵਿਰੁੱਧ ਵਧੀ, ਤਾਂ ਮੈਂ ਉਸਨੂੰ ਆਪਣੇ ਤੀਰਾਂ ਦਾ ਚੋਖਾ ਮਜ਼ਾ ਚਖਾਇਆ। ਕੁਝ ਤੇਰੇ ਫੌਜੀ ਭੱਜ ਗਏ ਤੇ ਕੁਝ ਮੌਤ ਦੀ ਨੀਂਦ ਸੁਲਾ ਦਿਤੇ ਗਏ। ਮੈਂ ਫਿਰ ਵੀ ਈਸ਼ੂਰ ਦੀ ਕਿਰਪਾ ਨਾਲ ਸਹੀ ਸਲਾਮਤ ਬਚ ਨਿਕਲਿਆ। ਮੇਰਾ ਕੋਈ ਵਾਲ ਵੀ ਵਿੰਗਾ ਨਾ ਕਰ ਸਕਿਆ।

"ਮੈਂ ਦਾਅਵੇ ਨਾਲ ਆਖਦਾ ਹਾਂ, ਤੇਰਾ ਖ਼ੁਦਾ ਪਾਕ ਵਿਚ ਕੋਈ ਵਿਸ਼ਵਾਸ ਨਹੀਂ ਤੇ ਨਾ ਹੀ ਹਜ਼ਰਤ ਮੁਹੰਮਦ ਵਿਚ। ਤੂੰ ਆਪਣੇ ਬਚਨ ਨੂੰ ਪਾਲ ਨਹੀਂ ਸਕਦਾ,

ਤੇ ਗੱਲ ਗੱਲ ਤੇ ਝੂਠ ਬੋਲਦਾ ਹੈਂ, ਕਿਉਂਕਿ ਤੈਨੂੰ ਰੱਬ ਉਤੇ ਭਰੋਸਾ ਨਹੀਂ, ਆਪਣੀ ਸ਼ਕਤੀ ਤੇ ਐਸ਼੍ਵਰਜ ਉਤੇ ਹੈ। ਜੇ ਤੂੰ ਮੇਰੇ ਸਾਹਮਣੇ ਹੋਵੇਂ, ਤਾਂ ਮੈਂ ਤੈਨੂੰ ਦੱਸਾਂ ਤੂੰ ਮੇਰੇ ਨਾਲ ਕੀ ਕੀ ਧੋਖੇ ਤੇ ਫ਼ਰੇਬ ਕੀਤੇ ਹਨ। ਤੇਰੇ ਕਾਜ਼ੀ ਤੇ ਤੇਰੇ ਦੂਤ ਨੇ ਤੇਰੇ ਵਲੋਂ ਕਸਮ ਖਾਧੀ ਤੇ ਫਿਰ ਤੂੰ ਓਸ ਕਸਮ ਨੂੰ ਤੋੜ ਦਿਤਾ। ਹੁਣ ਵੀ ਜੇ ਤੂੰ ਪਛਤਾਵਾ ਕਰੇਂ ਤੇ ਮੇਰੇ ਪਾਸ ਬੈਰਾੜਾਂ ਦੇ ਇਸ ਦੇਸ ਵਿਚ ਆਵੇਂ, ਜੋ ਸਾਰੇ ਮੇਰੇ ਸੇਵਕ ਹਨ, ਤਾਂ ਤੈਨੂੰ ਕੋਈ ਨੁਕਸਾਨ ਨਹੀਂ ਪਹੁੰਚੇਗਾ। ਤੇ ਮੈਂ ਤੇਰੇ ਨਾਲ ਆਹਮੋ ਸਾਹਮਣੇ ਗੱਲ ਕਰ ਸਕਾਂਗਾ।

''ਮੈਂ ਜੇ ਤਾਬਿਆਦਾਰੀ ਕਰਦਾ ਹਾਂ, ਤਾਂ ਕੇਵਲ ਇਕ ਅਕਾਲ ਦੀ, ਜੋ ਸਭਨਾਂ ਦਾ ਸ਼ਹਿਨਸ਼ਾਹ ਹੈ। ਕੀ ਉਸਨੇ ਤੈਨੂੰ ਇਹ ਕਦੀ ਹਦਾਇਤ ਕੀਤੀ ਹੈ ਕਿ ਤੂੰ ਲੋਕਾਂ ਨੂੰ ਦੁਖਾਵੇਂ, ਉਨ੍ਹਾਂ ਉਤੇ ਕਹਿਰ ਢਾਹਵੇਂ? ਧ੍ਰਿਤਕਾਰ ਹੈ ਤੇਰੇ ਰਾਜ-ਭਾਗ ਨੂੰ। ਧ੍ਰਿਤਕਾਰ ਹੈ ਤੇਰੇ ਰੱਬ ਤੇ ਧਰਮ ਲਈ ਝੂਠੇ ਵਿਸ਼ਵਾਸ ਨੂੰ। ਮੈਂ ਤੈਨੂੰ ਜੋ ਆਖਦਾ ਹਾਂ, ਧਿਆਨ ਨਾਲ ਸੁਣ, ਆਪਣੀ ਤਲਵਾਰ ਨੂੰ ਮਾਸੂਮਾਂ ਦੇ ਵਿਰੁੱਧ ਨਾ ਵਰਤ, ਕਿਉਂ ਜੋ ਸਰਬ-ਸ਼ਕਤੀਮਾਨ ਪਰਮੇਸ਼੍ਵਰ ਜੋ ਧਰਤ-ਆਕਾਸ਼ ਦਾ ਸੁਆਮੀ ਹੈ, ਦਾ ਦੰਡ ਬੜਾ ਭਿਆਨਕ ਹੁੰਦਾ ਹੈ। ਉਸਦਾ ਭੈ ਕਿਸੇ ਨੂੰ ਨਹੀਂ ਤੇ ਉਹ ਬੇਸਹਾਰਿਆਂ ਦਾ ਚਮਤਕਾਰੀ ਸਹਾਰਾ ਹੈ।

''ਕੀ ਹੋਇਆ ਜੇ ਤੂੰ ਮੇਰੇ ਚਾਰ ਬੱਚੇ ਸ਼ਹੀਦ ਕਰ ਸੁੱਟੇ, ਜਦ ਕਿ ਮੈਂ ਕੁੰਡਲੀਏ ਸੱਪ ਦੀ ਤਰ੍ਹਾਂ ਅਜੇ ਵੀ ਫੁੰਕਾਰੇ ਮਾਰ ਰਿਹਾ ਹਾਂ। ਕੁਝ ਚਿਣਗਾਂ ਬੁਝਾ ਲੈਣ ਨਾਲ ਭਬਾਕੇ ਮਾਰਦੀ ਅੱਗ ਨਹੀਂ ਬੁਝ ਸਕਦੀ। ਪਰ ਤੂੰ ਜਿਵੇਂ ਰੱਬ ਨੂੰ ਭੁਲਾ ਦਿਤਾ ਹੈ, ਯਾਦ ਰਖ, ਕਿਆਮਤ ਦੇ ਦਿਨ ਰੱਬ ਤੈਨੂੰ ਵੀ ਇਵੇਂ ਹੀ ਭੁਲਾ ਦੇਵੇਗਾ, ਤੇ ਤੈਨੂੰ ਤੇਰੇ ਕੀਤੇ ਦੀ ਸਜ਼ਾ ਮਿਲੇਗੀ। ਪਰ ਮੈਂ ਨਹੀਂ ਜਾਣਦਾ ਕਿ ਤੂੰ ਰੱਬ ਨੂੰ ਪਛਾਣਦਾ ਹੋਵੇਂ, ਤੇਰੇ ਪਾਸ ਰਾਜ ਭਾਗ ਹੈ, ਦੌਲਤ ਹੈ, ਸ਼ਾਨ-ਸ਼ੌਕਤ ਹੈ, ਸਖ਼ੀ ਤੇਰਾ ਸੁਭਾਉ ਹੈ, ਯੁੱਧ-ਖੇਤਰ ਵਿਚ ਤੂੰ ਯੋਧਾ ਹੈਂ, ਪਰ ਧਰਮ ਤੇਰੇ ਤੋਂ ਕੋਹਾਂ ਦੂਰ ਹੈ।[1]

---

1. ਔਰੰਗਜ਼ੇਬ ਨੂੰ ਆਪਣੇ ਅੰਤਲੇ ਦਿਨਾਂ ਵਿਚ ਆਪਣੇ ਕੀਤੇ ਪਾਪਾਂ ਦਾ ਕਿੰਨਾ ਅਹਿਸਾਸ ਹੋ ਚੁੱਕਾ ਸੀ, ਇਹ ਉਸ ਦੀਆਂ ਉਨ੍ਹਾਂ ਚਿੱਠੀਆਂ ਤੋਂ ਪਰਗਟ ਹੁੰਦਾ ਹੈ, ਜੋ ਉਸ ਨੇ ਆਪਣੇ ਪੁੱਤਰਾਂ ਨੂੰ ਮੌਤ ਦੇ ਬਿਸਤਰੇ ਤੋਂ ਲਿਖੀਆਂ। ਉਹ ਲਿਖਦਾ ਹੈ : ''ਮੈਨੂੰ ਪਤਾ ਨਹੀਂ, ਮੈਂ ਕੌਣ ਹਾਂ, ਮੈਂ ਕਿਥੇ ਜਾਣਾ ਹੈ ਤੇ ਮੈਂ ਪਾਪੀ ਗੁਨਾਹਗਾਰ ਨਾਲ ਅੱਗੇ ਜਾ ਕੇ ਕੀ ਬੀਤੇਗੀ? ਮੇਰੇ ਵਰ੍ਹੇ ਅਜਾਈਂ ਲੰਘ ਗਏ ਹਨ। ਰੱਬ ਮੇਰੇ ਦਿਲ ਵਿਚ ਸੀ, ਪਰ ਮੇਰੀਆਂ ਹਨੇਰੀਆਂ ਅੱਖਾਂ ਨੇ ਉਸ ਨੂੰ ਡਿੱਠਾ ਨਹੀਂ ਤੇ ਨਾ ਹੀ ਉਸ ਦੀ ਰੌਸ਼ਨੀ ਨੂੰ। ਮੇਰੇ ਲਈ ਰੱਬ ਦੀ ਦਰਗਾਹ ਵਿਚ ਕੀ ਠਿਕਾਣਾ ਮਿਲੇਗਾ? ਨਹੀਂ ਨਹੀਂ, ਮੇਰੇ ਲਈ ਭਵਿੱਖ ਦੀ ਕੋਈ ਆਸ ਨਹੀਂ। ਜਦ ਮੈਂ ਸਵੈ-ਭਰੋਸਾ ਹੀ ਗੁਆ ਬੈਠਾ ਹਾਂ ਤਾਂ ਹੋਰ ਕਿਸੇ ਵਿਚ ਕੀ ਭਰੋਸਾ ਰੱਖਾਂ? ਮੈਂ ਬਹੁਤ ਪਾਪ ਕੀਤੇ ਹਨ ਤੇ ਪਤਾ ਨਹੀਂ ਕੀ ਕੀ ਦੰਡ ਮੈਨੂੰ ਉਨ੍ਹਾਂ ਦੇ ਦਿੱਤੇ ਜਾਣਗੇ।''

(''ਹਿਸਟ੍ਰੀ ਆਫ਼ ਇੰਡੀਆ'', ਵਿੰਨਸਟਨ ਸਮਿੱਥ, ਆਕਸਫ਼ੋਰਡ, 1920, ਪੰਨਾ 448)

ਸਿੱਖ ਇਤਿਹਾਸਕਾਰਾਂ ਦਾ ਕਹਿਣਾ ਹੈ, ਕਿ ਇਹ ਤਬਦੀਲੀ ਔਰੰਗਜ਼ੇਬ ਦੇ ਮਨ ਵਿਚ ''ਜ਼ਫ਼ਰਨਾਮਾ'' ਪੜ੍ਹ ਕੇ ਆਈ ਜਿਸ ਵਿਚ ਸਤਿਗੁਰਾਂ ਨੇ ਉਸ ਦੇ ਪਾਪਾਂ ਦੀ ਘਿਨਾਉਣੀ ਤਸਵੀਰ ਖਿੱਚੀ ਸੀ ਤੇ ਇਸ ਦਾ ਇਕ ਮਹਾਂਪੁਰਸ਼ ਵਲੋਂ ਆਉਣ ਕਰ ਕੇ ਉਸ ਦੇ ਮਨ ਤੇ ਦਿਲ ਉਤੇ ਬਹੁਤ ਅਸਰ ਪਿਆ ਸੀ।

ਇਹ ਅਸਧਾਰਣ ਚਿੱਠੀ ਸਤਿਗੁਰਾਂ ਨੇ ਆਪਣੇ ਦੋ ਸਿੱਖਾਂ - ਭਾਈ ਦਯਾ ਸਿੰਘ ਤੇ ਧਰਮ ਸਿੰਘ - ਦੇ ਹੱਥ ਬਾਦਸ਼ਾਹ ਨੂੰ ਦੱਖਣ ਵਿਚ ਭੇਜੀ। ਔਰੰਗਜ਼ੇਬ ਨੇ ਇੱਛਾ ਪਰਗਟ ਕੀਤੀ ਕਿ ਸਤਿਗੁਰੂ ਉਸਨੂੰ ਆ ਕੇ ਮਿਲਣ। ਪਰ ਇਸ ਤੋਂ ਪਹਿਲਾਂ ਕਿ ਦੋਵੇਂ ਮਿਲ ਸਕਦੇ, ਔਰੰਗਜ਼ੇਬ ਦਾ ਦੇਹਾਂਤ ਹੋ ਗਿਆ।

ਵਿਚਕਾਰਲੇ ਸਮੇਂ ਵਿਚ ਸਤਿਗੁਰਾਂ ਨੇ ਮਾਲਵਾ ਦੇ ਇਲਾਕੇ ਦਾ ਰਟਨ ਕੀਤਾ। ਮਾਝੇ ਦੇ ਕੁਝ ਚੌਧਰੀ ਸਿੱਖਾਂ ਨੇ ਆ ਕੇ ਸਤਿਗੁਰੂ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਗੁਰੂ ਨਾਨਕ ਦਾ ਅਮਨ ਤੇ ਸ਼ਾਂਤੀ ਦਾ ਰਾਹ ਮੁੜ ਫੜ ਲੈਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਆਖਿਆ ਕਿ ਉਹ ਆਪ ਬਾਦਸ਼ਾਹ ਨਾਲ ਸੁਲ੍ਹਾ ਕਰਨ ਲਈ ਵਿਚੋਲੇ ਬਣਨ ਲਈ ਤਿਆਰ ਹਨ।

ਪਰ ਸਤਿਗੁਰਾਂ ਨੇ ਉੱਤਰ ਦਿਤਾ, "ਮੇਰੀ ਲੜਾਈ ਆਪਣੇ ਲਈ ਨਹੀਂ, ਸਗੋਂ ਸਾਰੀ ਜਨਤਾ ਲਈ ਹੈ। ਮੈਂ ਲੋਕਾਈ ਨੂੰ ਜ਼ੁਲਮ ਦੇ ਅੱਗੇ ਨਿਹੱਥਾ ਛੱਡ ਕੇ ਆਪਣੀ ਜਾਨ ਬਚਾਉਣ ਲਈ ਸਮਝੌਤਾ ਨਹੀਂ ਕਰਾਂਗਾ। ਜੇ ਕੋਈ ਬੇਅਣਖੀ ਦਾ ਜੀਵਨ ਜੀਊਣਾ ਚਾਹੁੰਦਾ ਹੈ, ਪਾਪ ਨਾਲ ਸਮਝੌਤਾ ਕਰ ਕੇ ਜੀਏ, ਮੈਂ ਤਾਂ ਜਦ ਤੀਕ ਮੇਰੇ ਵਿਚ ਸਾਹ ਹੈ, ਅਜੇਹਾ ਕਦਾਚਿਤ ਨਹੀਂ ਕਰਾਂਗਾ ਤੇ ਨਾ ਹੀ ਉਹ ਸਿੱਖ ਕਰਨਗੇ ਜੋ ਮੇਰੇ ਰਾਹ ਉਤੇ ਚਲਣਾ ਚਾਹੁੰਦੇ ਹਨ।" ਇਹ ਚੌਧਰੀ ਮਾਯੂਸ ਹੋ ਕੇ ਘਰਾਂ ਨੂੰ ਮੁੜ ਗਏ, ਪਰ ਜਦ ਇਨ੍ਹਾਂ ਨੇ ਸਤਿਗੁਰੂ ਦੀ ਦ੍ਰਿੜ੍ਹਤਾ ਦਾ ਵਰਣਨ ਆਪਣੇ ਲੋਕਾਂ ਅਗੇ ਜਾ ਕੇ ਕੀਤਾ, ਤਾਂ ਸੈਂਕੜੇ ਹੀ ਸੂਰਬੀਰ ਮਾਈ ਭਾਗੋ ਦੀ ਅਗਵਾਈ ਹੇਠ ਗੁਰੂ ਲਈ ਆਪਣੀ ਜਾਨ ਨਿਛਾਵਰ ਕਰਨ ਲਈ ਸਨਧਬਧ ਹੋ ਘਰੋਂ ਚਲ ਪਏ। ਮਾਈ ਭਾਗੋ ਨੇ ਆਪ ਮਰਦਾਂ ਵਾਲਾ ਵੇਸ ਪਾ ਲਿਆ। ਉਸਨੂੰ ਵੇਖ ਕੇ ਮਰਦਾਂ ਨੂੰ ਐਨੀ ਸ਼ਰਮ ਆਈ, ਕਿ ਉਨ੍ਹਾਂ ਵਿਚੋਂ ਅਨੇਕਾਂ ਯੁੱਧ ਲਈ ਮੱਚ ਉਠੇ। ਇਨ੍ਹਾਂ ਵਿਚ ਕਈ ਅਜੇਹੇ ਵੀ ਸਨ, ਜੋ ਆਨੰਦਪੁਰ ਦੀ ਲੜਾਈ ਵਿਚ ਗੁਰੂ ਦਾ ਸਾਥ ਛੱਡ, ਬੇਦਾਵਾ ਲਿਖ ਕੇ ਦੇ ਆਏ ਸਨ।

ਹੁਣ ਗੁਰੂ ਸਾਹਿਬ ਨੂੰ ਪਤਾ ਲੱਗਾ ਕਿ ਵਜ਼ੀਰ ਖ਼ਾਨ ਸੂਬੇਦਾਰ ਸਰਹਿੰਦ ਦੀ ਅਗਵਾਈ ਵਿਚ ਇਕ ਤਕੜੀ ਮੁਗਲ ਫੌਜ ਉਨ੍ਹਾਂ ਦਾ ਪਿੱਛਾ ਕਰ ਰਹੀ ਸੀ, ਜਿਸ ਦੀ ਗਿਣਤੀ ਦਸ ਹਜ਼ਾਰ ਦੇ ਲੱਗਭਗ ਦੱਸੀ ਜਾਂਦੀ ਸੀ। ਇਸ ਲਈ ਉਹ ਖਿਦਰਾਣੇ ਦੀ ਢਾਬ ਵਲ ਚਲ ਪਏ। ਐਨੇ ਵਿਚ ਮਾਝੇ ਵਲੋਂ ਸਿੱਖ ਸੂਰਬੀਰਾਂ ਦਾ ਜੋ ਜੱਥਾ ਗੁਰੂ ਸਾਹਿਬ ਦੀ ਸਹਾਇਤਾ ਨੂੰ ਆ ਰਿਹਾ ਸੀ, ਉਸ ਦੀ ਟੱਕਰ ਇਸ ਵੈਰੀ-ਦਲ ਨਾਲ ਆਣ ਹੋਈ। ਸਿੱਖ ਦਲ ਦੀ ਗਿਣਤੀ ਲਤੀਫ ਵਰਗੇ ਇਤਿਹਾਸਕਾਰਾਂ ਨੇ ਬਾਰਾਂ ਹਜ਼ਾਰ ਦੇ ਲੱਗਭਗ ਦੱਸੀ ਹੈ, ਪਰ ਇਹ ਠੀਕ ਨਹੀਂ ਜਾਪਦੀ। ਸਿੱਖ ਇਤਿਹਾਸਕਾਰਾਂ ਨੇ ਇਸ ਦੀ ਗਿਣਤੀ ਇਸ ਤੋਂ ਕਿਤੇ ਘੱਟ, ਇਥੋਂ ਤੀਕ ਕਿ ਚਾਲ੍ਹੀ ਵੀ ਦੱਸੀ ਹੈ। ਇਹ ਵੀ ਠੀਕ ਨਹੀਂ ਹੋ ਸਕਦੀ। ਆਖਿਆ ਜਾਂਦਾ ਹੈ, ਕਿ ਮੁਗਲ ਫੌਜਾਂ ਦਾ ਧਿਆਨ ਆਪਣੇ ਵਲ ਖਿੱਚਣ ਤੇ ਗੁਰੂ ਵਲੋਂ ਹਟਾਉਣ ਲਈ ਸਿੱਖਾਂ ਨੇ ਆਪਣੇ ਚਾਦਰਿਆਂ ਨਾਲ ਝਾੜਾਂ ਬੂਟਿਆਂ ਨੂੰ ਦੂਰ ਦੂਰ ਤੀਕ ਢੱਕ ਦਿਤਾ। ਵੈਰੀ

ਨੂੰ ਭੁਲੇਖਾ ਪਿਆ ਕਿ ਸਿੱਖਾਂ ਦਾ ਕੋਈ ਬੜਾ ਭਾਰੀ ਦਲ ਉਸਦਾ ਰਾਹ ਮੱਲੀ ਬੈਠਾ ਹੈ, ਸੋ ਉਹ ਉਥੇ ਹੀ ਉਸ ਉਤੇ ਟੁਟ ਕੇ ਪੈ ਗਿਆ। ਘਮਸਾਨ ਦਾ ਯੁੱਧ ਹੋਇਆ, ਜਿਸ ਵਿਚ ਸਿੱਖ ਅਤਿਅੰਤ ਸੂਰਬੀਰਤਾ ਨਾਲ ਲੜੇ, ਪਰ ਥੋੜ੍ਹੀ ਗਿਣਤੀ ਦੇ ਕਾਰਨ ਮੁਗਲਾਂ ਦੇ ਟਿੱਡੀ ਦਲ ਦਾ ਟਾਕਰਾ ਬਹੁਤੀ ਦੇਰ ਨਾ ਕਰ ਸਕੇ ਤੇ ਉਥੇ ਹੀ ਵੈਰੀ ਨੂੰ ਭਾਰੀ ਨੁਕਸਾਨ ਪਹੁੰਚਾ, ਸਾਰੇ ਦੇ ਸਾਰੇ ਢੇਰ ਹੋ ਗਏ। ਵੈਰੀ-ਦਲ ਵੀ ਪਾਣੀ ਦੀ ਤਲਾਸ਼ ਵਿਚ ਪਿੱਛੇ ਹੱਟ ਗਿਆ।

ਗੁਰੂ ਸਾਹਿਬ, ਜੋ ਦੂਰ ਇਕ ਟਿੱਬੇ ਉਤੇ ਬੈਠੇ ਰੱਬ ਵਲੋਂ ਅਚਨਚੇਤੀ ਪੁਜੀ ਇਸ ਸਹਾਇਤਾ ਉਤੇ ਚਕ੍ਰਿਤ ਹੋ ਰਹੇ ਸਨ, ਹੁਣ ਹੇਠਾਂ ਉਤਰੇ। ਰਾਤ ਦੇ ਹਨੇਰੇ ਵਿਚ, ਮਸ਼ਾਲ ਦੀ ਰੋਸ਼ਨੀ ਨਾਲ, ਕੁਝ ਸਾਥੀਆਂ ਸਮੇਤ ਉਹ ਸ਼ਹੀਦ ਹੋਏ ਸਿੰਘਾਂ ਦੇ ਮੂੰਹ ਸਿੰਞਾਣ ਰਹੇ ਸਨ। ਇਨ੍ਹਾਂ ਵਿਚੋਂ ਭਾਈ ਮਹਾਂ ਸਿੰਘ ਵਿਚ ਸਾਹ ਅਜੇ ਬਾਕੀ ਸੀ। ਸਤਿਗੁਰਾਂ ਨੇ ਉਸ ਦੇ ਮੂੰਹ ਵਿਚ ਪਾਣੀ ਚੋਇਆ ਤੇ ਉਸਦਾ ਸਿਰ ਆਪਣੀ ਗੋਦੀ ਵਿਚ ਲੈ ਕੇ ਬੋਲੇ, "ਤੁਸੀਂ ਦੋਹਾਂ ਜਹਾਨਾਂ ਵਿਚ ਸੁਰਖਰੂ ਹੋਏ ਹੋ। ਇਸ ਸਮੇਂ ਤੁਸੀਂ ਜਿਹੜਾ ਵਰ ਮੈਥੋਂ ਮੰਗਦੇ ਹੋ, ਮੈਂ ਦੇਣ ਲਈ ਤਿਆਰ ਹਾਂ।"

ਮਹਾਂ ਸਿੰਘ ਸਿਸਕੀਆਂ ਲੈਂਦਾ ਹੋਇਆ ਬੋਲਿਆ, "ਜੇ ਤੁਠੇ ਹੋ, ਤਾਂ ਉਹ ਬੇਦਾਵੇ ਦਾ ਕਾਗਜ਼ ਮੇਰੀਆਂ ਅੱਖਾਂ ਸਾਹਮਣੇ ਪਾੜ ਦਿਓ, ਜੋ ਮੈਂ ਤੇ ਕੁਝ ਮੇਰੇ ਸਾਥੀ ਆਪ ਨੂੰ ਆਨੰਦਪੁਰ ਦੇ ਆਏ ਸਾਂ। ਉਹਦੀ ਲੱਜਿਆ ਨੂੰ ਅਸਾਂ ਅਜ ਆਪਣੇ ਲਹੂ ਨਾਲ ਧੋ ਸੁਟਿਆ ਹੈ।" ਸਤਿਗੁਰਾਂ ਨੇ ਆਪਣੀ ਜੇਬ ਵਿਚੋਂ ਉਹ ਬੇਦਾਵੇ ਦਾ ਪੱਤਰ ਕਢਿਆ ਤੇ ਉਸਨੂੰ ਉੱਥੇ ਹੀ ਮਹਾਂ ਸਿੰਘ ਦੀਆਂ ਅੱਖਾਂ ਅਗੇ ਚੀਰਾ ਚੀਰਾ ਕਰ ਸੁਟਿਆ। "ਮੇਰਾ ਪੰਜ ਹਜ਼ਾਰੀ", "ਮੇਰਾ ਦਸ ਹਜ਼ਾਰੀ", ਆਖਦੇ ਉਹ ਹਰ ਸਿੱਖ ਸ਼ਹੀਦ ਦੇ ਮੱਥੇ ਉਤੇ ਪਿਆਰ ਦੇਂਦੇ ਤੇ ਉਸਨੂੰ ਅਸੀਸ ਤੇ ਵਰ ਬਖ਼ਸ਼ਦੇ ਗਏ। ਮਾਈ ਭਾਗੋ ਵਿਚ ਵੀ ਅਜੇ ਜਾਨ ਧੜਕਦੀ ਸੀ। ਉਸਨੂੰ ਉਥੋਂ ਉਠਾ ਕੇ ਪਿਛੇ ਕੈਂਪ ਵਿਚ ਲਿਜਾਇਆ ਗਿਆ ਤੇ ਦਵਾ-ਦਾਰੂ ਨਾਲ ਉਹ ਮੁੜ ਸੁਰਜੀਤ ਹੋ, ਕਿੰਨਾ ਚਿਰ ਪਿਛੋਂ ਤੀਕ ਸਤਿਗੁਰੂ ਦੀ ਹਜ਼ੂਰੀ ਵਿਚ ਰਹੀ। ਬਾਕੀ ਸ਼ਹੀਦਾਂ ਦਾ ਅਤਿ ਸਨਮਾਨ ਸਹਿਤ ਅੰਤਮ-ਸਸਕਾਰ ਕਰ ਦਿੱਤਾ ਗਿਆ। ਇਸੇ ਅਸਥਾਨ ਨੂੰ ਹੁਣ ਮੁਕਤਸਰ ਆਖਦੇ ਹਨ।[1]

ਹੁਣ ਗੁਰੂ ਸਾਹਿਬ ਤਲਵੰਡੀ ਸਾਬੋ (ਹੁਣ ਜਿਲਾ ਬਠਿੰਡਾ) ਨੂੰ ਤੁਰ ਪਏ। ਇੱਥੇ ਉਨ੍ਹਾਂ ਲਗਭਗ ਤਿੰਨ ਵਰ੍ਹੇ ਟਿਕਾਣਾ ਕੀਤਾ। ਇਸ ਅਸਥਾਨ ਨੂੰ ਅਜ ਕਲ੍ਹ ਦਮਦਮਾ ਸਾਹਿਬ ਆਖਿਆ ਜਾਂਦਾ ਹੈ। ਇੱਥੇ ਹੀ ਉਨ੍ਹਾਂ ਜਦ ਧੀਰਮਲ ਤੋਂ ਆਦਿ ਗ੍ਰੰਥ ਸਾਹਿਬ ਦੀ ਭਾਈ ਗੁਰਦਾਸ ਵਾਲੀ ਬੀੜ ਮੰਗੀ ਤਾਂ ਉਸਨੇ ਇਹ ਆਖ ਕੇ ਦੇਣੋਂ

---

1. ਜਿਨ੍ਹਾਂ ਚਾਲ੍ਹੀ ਮੁਕਤਿਆਂ ਦਾ ਜ਼ਿਕਰ ਅਰਦਾਸ ਵਿਚ ਆਉਂਦਾ ਹੈ, ਉਹ ਸਾਡੇ ਵਿਚਾਰ ਵਿਚ ਚਮਕੌਰ ਦੇ ਚਾਲ੍ਹੀ ਸ਼ਹੀਦ ਜਾਂ ਸੂਰਬੀਰ ਹਨ। ਮੁਕਤਸਰ ਵਿਚ ਇਸ ਤੋਂ ਕਿਤੇ ਵਧੀਕ ਸਿੰਘ ਸ਼ਹੀਦ ਹੋਏ ਜਾਪਦੇ ਹਨ। ਕਈਆਂ ਦਾ ਵਿਚਾਰ ਹੈ ਕਿ ਆਨੰਦਪੁਰ ਵਿਚੋਂ ਜਾਣ ਵਾਲੇ ਸਿੱਖਾਂ ਦੀ ਗਿਣਤੀ ਚਾਲ੍ਹੀ ਸੀ, ਜੋ ਇਸ ਯੁੱਧ ਵਿਚ ਸ਼ਹੀਦ ਹੋਏ ਤੇ ਉਨ੍ਹਾਂ ਨੂੰ ਹੀ ਚਾਲ੍ਹੀ ਮੁਕਤੇ ਆਖਿਆ ਗਿਆ ਹੈ।

ਨਾਂਹ ਕਰ ਦਿਤੀ ਕਿ ਜੇ ਗੁਰੂ ਐਨਾ ਹੀ ਮਹਾਨ ਯੋਗੀ, ਤਪੱਸਵੀ ਤੇ ਅਗਮ ਨਿਗਮ ਦੀ ਜਾਣਨ ਵਾਲਾ ਹੈ, ਤਾਂ ਆਪ ਕਿਉਂ ਨਹੀਂ ਲਿਖਵਾ ਲੈਂਦਾ? ਸਤਿਗੁਰਾਂ ਨੇ ਇਵੇਂ ਹੀ ਕੀਤਾ। ਭਾਈ ਮਨੀ ਸਿੰਘ ਨੂੰ ਉਨ੍ਹਾਂ ਸਾਰਾ ਆਦਿ ਗ੍ਰੰਥ ਆਦਿ ਤੋਂ ਅੰਤ ਤੀਕ ਲਿਖਵਾ ਦਿਤਾ, ਨਾਲ ਗੁਰੂ ਤੇਗ ਬਹਾਦਰ ਦੇ ਸ਼ਬਦ ਸਲੋਕ ਵੀ ਤੇ ਰਵਾਇਤ ਅਨੁਸਾਰ ਇਕ ਦੋਹਾ ਆਪਣਾ ਵੀ।[1] 'ਸੋ ਪੁਰਖ' ਦੇ ਸਿਰਲੇਖ ਹੇਠਾਂ ਚਾਰ ਸ਼ਬਦ ਵੀ ਨਿੱਤ-ਨੇਮ ਦਾ ਅੰਗ ਬਣਾ ਕੇ ਬੀੜ ਦੇ ਪਹਿਲਾਂ ਲਿਖਵਾ ਦਿਤੇ। ਇਸ ਨੂੰ ਦਮਦਮੇ ਵਾਲੀ ਬੀੜ ਆਖਦੇ ਹਨ। ਇਹੀ ਬੀੜ, ਆਖਿਆ ਜਾਂਦਾ ਹੈ, ਅੰਤ ਤੀਕ ਗੁਰੂ ਸਾਹਿਬ ਦੇ ਨਾਲ ਰਹੀ ਤੇ ਗੁਰੂ ਪਦਵੀ ਇਸੇ ਨੂੰ ਬਖਸ਼ੀ ਗਈ।

ਇੱਥੇ ਉਨ੍ਹਾਂ ਨੂੰ ਆਪਣੀਆਂ ਦੋਵੇਂ ਪਤਨੀਆਂ (ਸੁੰਦਰੀ ਜੀ ਤੇ ਸਾਹਿਬ ਕੌਰ) ਵੀ ਆ ਮਿਲੀਆਂ। ਜਦ ਉਹਨਾਂ ਪੁੱਛਿਆ ਕਿ ਸਾਡੇ ਚਾਰੇ ਮਾਸੂਮ ਬੱਚੇ ਕਿੱਥੇ ਹਨ, ਤਾਂ ਸਤਿਗੁਰਾਂ ਨੇ ਜੁੜੀ ਸੰਗਤ ਵਲ ਇਸ਼ਾਰਾ ਕਰ ਕੇ ਕਿਹਾ :

"ਇਨ ਪੁਤ੍ਰਨ ਕੇ ਸੀਸ ਪਰ, ਵਾਰ ਦੀਏ ਸੁਤ ਚਾਰ।
ਚਾਰ ਮੂਏ ਤੋ ਕਿਆ ਹੂਆ, ਜੀਵਤ ਕਈ ਹਜ਼ਾਰ।"

ਹੁਣ ਦੂਰ ਨੇੜੇ ਤੋਂ ਸੰਗਤਾਂ ਦਰਸ਼ਨਾਂ ਨੂੰ ਆਉਣ ਲੱਗੀਆਂ। ਮੁੜ ਆਨੰਦਪੁਰ ਵਾਲਾ ਸਮਾਂ ਇੱਥੇ ਆਣ ਬੱਝਾ। ਕਵੀ ਵੀ ਮੁੜ ਆਣ ਢੁਕੇ। ਸਤਿਗੁਰਾਂ ਨੇ ਕਾਫੀ ਕਾਵਿ-ਰਚਨਾ ਇਥੇ ਹੋਰ ਕੀਤੀ। ਟਰੰਪ ਦੇ ਆਖਣ ਅਨੁਸਾਰ ਇੱਥੇ ਕੋਈ ਇੱਕ ਲੱਖ ਵੀਹ ਹਜ਼ਾਰ ਪ੍ਰਾਣੀ ਅੰਮ੍ਰਿਤ ਛਕ ਕੇ ਸਿੰਘ ਸਜੇ। ਆਪਣੀਆਂ ਕਾਨਿਆਂ ਦੀਆਂ ਕਲਮਾਂ ਨੂੰ ਇਧਰ ਉਧਰ ਬਖੇਰਦੇ ਹੋਇ ਸਤਿਗੁਰਾਂ ਨੇ ਇਸ ਧਰਤੀ ਨੂੰ ਵਰ ਦਿਤਾ ਕਿ ਇਹ ਵਿਦਿਆ ਦਾ ਮਹਾਨ ਅਸਥਾਨ ਹੋਵੇਗੀ। ਇਸੇ ਲਈ ਇਸ ਨੂੰ "ਗੁਰੂ ਕੀ ਕਾਸ਼ੀ" ਕਿਹਾ ਜਾਂਦਾ ਹੈ। ਸਤਿਗੁਰਾਂ ਨੇ ਮਾਲਵੇ ਦੀ ਰੱਕੜ ਧਰਤੀ ਨੂੰ ਵੀ ਵਰ ਦਿੰਦਿਆਂ ਆਖਿਆ : "ਇੱਥੇ ਮੋਟੇ ਅਨਾਜ ਤੇ ਝਾੜ ਫੂਸ ਦੀ ਥਾਂ ਕਣਕ ਤੇ ਫਲਾਂ ਦੇ ਭੰਡਾਰ ਪੈਦਾ ਹੋਣਗੇ!" ਅੱਜ ਇਵੇਂ ਹੀ ਹੋ ਰਿਹਾ ਹੈ।

ਤਿੰਨ ਵਰ੍ਹੇ ਇੱਥੇ ਰਹਿ ਕੇ ਸਤਿਗੁਰੂ ਹੁਣ ਰਾਜਪੂਤਾਨੇ ਤੇ ਦੱਖਣ ਦੇ ਦੌਰੇ ਉਤੇ ਜਾਣ ਲਈ ਤਿਆਰ ਹੋ ਪਏ। ਸਿੱਖ ਸੇਵਕਾਂ ਨੇ ਬਥੇਰਾ ਰੋਕਿਆ, ਪਰ ਸਤਿਗੁਰਾਂ ਨੇ ਆਖਿਆ : "ਜਦ ਦੇਸ਼ ਉਤੇ ਭੀੜਾ ਬਣੀ ਹੋਵੇ, ਮੈਂ ਆਪਣੇ ਸੁਖ-ਆਰਾਮ ਦਾ ਵਿਚਾਰ ਨਹੀਂ ਕਰ ਸਕਦਾ।" ਕਈ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਗੁਰੂ ਸਾਹਿਬ ਦਾ ਪ੍ਰੋਗਰਾਮ ਹੁਣ ਰਾਜਪੂਤਾਂ ਤੇ ਮਰਹੱਟਿਆਂ ਨੂੰ ਆਪਣੀ ਅਗਵਾਈ ਹੇਠ ਧਰਮ-ਯੁੱਧ ਵਿਚ ਨਾਲ ਮਿਲਾਣ ਦਾ ਸੀ ਜੋ ਆਪੋ ਆਪਣੀ ਥਾਈਂ ਮੁਗਲ ਰਾਜ ਦੀ ਚੋਖੀ ਵਿਰੋਧਤਾ ਕਰ ਰਹੇ ਸਨ, ਪਰ ਤਾਕਤ ਖਿੰਡਰੀ ਹੋਣ ਕਰਕੇ ਵੈਰੀ ਉਨ੍ਹਾਂ ਦੋਹਾਂ ਤੇ ਭਾਰੂ ਸੀ। ਪਰ ਇਸ ਉਤੇ ਅਜੇ ਹੋਰ ਵਿਚਾਰ ਕਰਨ ਦੀ ਲੋੜ ਹੈ।

---

1. ਕਈ ਬੀੜਾਂ ਵਿਚ 'ਬਲ ਹੋਆ, ਬੰਧਨ ਛੁਟੈ' ਦੇ ਦੋਹੇ ਉਤੇ ਮਹਲਾ 10 ਲਿਖਿਆ ਹੈ। ਗੁਰੂ ਤੇਗ ਬਹਾਦਰ ਦੇ ਸਲੋਕ ਇਸ ਤੋਂ ਕੁਝ ਪੁਰਾਣੀਆਂ ਬੀੜਾਂ ਵਿਚ ਵੀ ਮਿਲਦੇ ਹਨ। (ਜਿਵੇਂ ਪਟਨਾ ਸਾਹਿਬ ਦੀ ਬੀੜ 1691 ਈਸਵੀ ਦੀ ਤੇ ਢਾਕੇ ਦੀ ਬੀੜ 1675 ਈਸਵੀ ਦੀ।)

ਕਾਂਡ 9

''ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ।
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ।''

- ਕਬੀਰ

ਗੁਰੂ ਸਾਹਿਬ ਅਜੇ ਰਾਹ ਵਿਚ ਹੀ ਸਨ ਕਿ ਉਨ੍ਹਾਂ ਨੂੰ ਔਰੰਗਜ਼ੇਬ ਦੀ ਮੌਤ ਦੀ ਖ਼ਬਰ ਮਿਲੀ।[1] ਉਸਦਾ ਜਠੇਰਾ ਪੁੱਤਰ, ਬਹਾਦਰ ਸ਼ਾਹ (ਜਿਸ ਨੂੰ ਸ਼ਾਹ ਆਲਮ ਤੇ ਮੁਅੱਜ਼ਮ ਦਾ ਨਾਉਂ ਵੀ ਦਿੱਤਾ ਗਿਆ ਹੈ) ਤੇ ਜੋ ਸ਼ਾਹੀ ਤਖ਼ਤ ਦਾ ਕਾਨੂੰਨੀ ਵਾਰਿਸ ਸੀ, ਇਸ ਵੇਲੇ ਅਫਗਾਨਿਸਤਾਨ ਦਾ ਸੂਬੇਦਾਰ ਸੀ। ਉਸ ਦੀ ਗ਼ੈਰਹਾਜ਼ਰੀ ਦਾ ਲਾਭ ਉਠਾ ਕੇ ਉਸ ਦੇ ਛੋਟੇ ਭਾਈ, ਮੁਹੰਮਦ ਆਜ਼ਮ ਨੇ ਤਖ਼ਤ ਉਤੇ ਕਬਜ਼ਾ ਕਰ ਲਿਆ। ਬਹਾਦਰ ਸ਼ਾਹ ਜੋ ਇਸ ਵੇਲੇ ਪੰਜਾਬ ਵਿਚੋਂ ਮਾਰੋ ਮਾਰ ਕਰਦਾ ਲੰਘ ਰਿਹਾ ਸੀ, ਨੇ ਭਾਈ ਨੰਦ ਲਾਲ ਕਵੀ ਦੀ ਰਾਹੀਂ ਗੁਰੂ ਗੋਬਿੰਦ ਸਿੰਘ ਨੂੰ ਅਸੀਸ ਤੇ ਸਹਾਇਤਾ ਦੇਣ ਲਈ ਬੇਨਤੀ ਕੀਤੀ ਤੇ ਨਾਲ ਹੀ ਭਰੋਸਾ ਦਿਵਾਇਆ ਕਿ ਗੱਦੀ ਤੇ ਬੈਠਦੇ ਹੀ ਉਹ ਉਨ੍ਹਾਂ ਨਾਲ ਹੋਏ ਅਤਿਆਚਾਰਾਂ ਦਾ ਪੂਰਾ ਤੇ ਪੱਕਾ ਇਨਸਾਫ਼ ਕਰੇਗਾ। ਫ਼ਾਰਸੀ ਅਰਬੀ ਦਾ ਵਿਦਵਾਨ ਤੇ ਕਵੀ ਨੰਦ ਲਾਲ (ਜਿਸ ਦਾ ਜਨਮ ਮੁਲਤਾਨ ਵਿਚ 1633 ਈਸਵੀ ਵਿਚ ਹੋਇਆ) ਸ਼ਾਹਜ਼ਾਦੇ ਦਾ ਮੀਰ ਮੁਨਸ਼ੀ ਰਹਿ ਚੁੱਕਾ ਸੀ। 1682 ਵਿਚ ਗੁਰੂ ਦਾ ਸਿੱਖ ਬਣਿਆ ਤੇ ਇਸ ਤੋਂ ਪਿੱਛੋਂ ਉਹ ਆਨੰਦਪੁਰ ਹੀ ਆ ਟਿਕਿਆ ਸੀ।

ਗੁਰੂ ਗੋਬਿੰਦ ਸਿੰਘ, ਜੋ ਕਿਸੇ ਧਰਮ, ਜਾਤੀ ਜਾਂ ਵਿਅਕਤੀ ਦੇ ਨਹੀਂ, ਸਗੋਂ ਇਕ ਨਿਜ਼ਾਮ ਦੇ ਵਿਰੁੱਧ ਸਨ, ਨੇ ਸਹਾਇਤਾ ਦੇਣੀ ਮੰਨ ਲਈ। ਉਨ੍ਹਾਂ ਨੇ ਬਹਾਦਰ ਸ਼ਾਹ ਦੀ ਵਿਚਾਰਾਂ ਦੀ ਵਿਸ਼ਾਲਤਾ ਬਾਰੇ ਬਹੁਤ ਕੁਝ ਸੁਣਿਆ ਹੋਇਆ ਸੀ। ਉਨ੍ਹਾਂ ਨੂੰ ਇਹ ਪਤਾ ਸੀ ਕਿ ਔਰੰਗਜ਼ੇਬ ਦੇ ਹੱਥੋਂ ਇਹ ਸ਼ਾਹਜ਼ਾਦਾ ਆਪ ਵੀ ਕਾਫ਼ੀ

---

1. ਕਈ ਸਿੱਖ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਸਤਿਗੁਰੂ ਪ੍ਰਚਾਰ ਲਈ ਨਹੀਂ, ਸਗੋਂ ਔਰੰਗਜ਼ੇਬ ਨੂੰ ਮਿਲਣ ਲਈ ਰਾਜਪੂਤਾਨੇ ਦੇ ਰਾਹ ਦੱਖਣ ਨੂੰ ਜਾ ਰਹੇ ਸਨ, ਭਾਵੇਂ ਅਜੇ ਉਨ੍ਹਾਂ ਨੂੰ ਆਪਣੀ ਚਿੱਠੀ ਦਾ ਉਤਰ ਨਹੀਂ ਸੀ ਮਿਲਿਆ। ਪਰ ਇਸ ਤੋਂ ਪਹਿਲਾਂ ਵੀ ਉਨ੍ਹਾਂ ਨੂੰ ਬਾਦਸ਼ਾਹ ਬੁਲਾ ਚੁਕਾ ਸੀ। (ਜ਼ਫ਼ਰਨਾਮਾ, 53-54) ਤੇ ਉਹ ਉਸ ਦੇ ਮਰਨ ਤੋਂ ਪਹਿਲਾਂ ਉਸ ਨਾਲ ਗੱਲ ਨਿਬੇੜ ਲੈਣਾ ਚਾਹੁੰਦੇ ਸਨ।

ਤਸੀਹੇ ਪਾ ਚੁਕਾ ਤੇ ਸੱਤ ਸਾਲ ਦੀ ਲੰਮੀ ਕੈਦ ਵੀ ਕੱਟ ਚੁਕਾ ਹੈ, ਇਸ ਲਈ ਉਸ ਦੀ ਜ਼ਾਤ ਉਤੇ ਭਰੋਸਾ ਕਰ ਲੈਣਾ ਕੋਈ ਵੱਡੀ ਭੁੱਲ ਨਹੀਂ ਹੋਵੇਗੀ[1] ਸੋ ਭਾਈ ਧਰਮ ਸਿੰਘ ਦੀ ਕਮਾਨ ਹੇਠ ਦੋ-ਢਾਈ ਸੌ ਚੋਣਵੇਂ ਫੌਜੀ ਸਤਿਗੁਰਾਂ ਨੇ ਬਹਾਦਰ ਸ਼ਾਹ ਦੀ ਸਹਾਇਤਾ ਲਈ ਭੇਜੇ। ਪਰ ਇਹ ਐਨੀ ਫੌਜੀ ਸਹਾਇਤਾ ਨਹੀਂ ਸੀ, ਜਿੰਨੀ ਇਖ਼ਲਾਕੀ ਸਹਾਇਤਾ ਸੀ। ਧੌਲਪੁਰ ਦੇ ਨੇੜੇ ਤਿੰਨ ਦਿਨ ਘਮਸਾਣ ਦਾ ਰਣ ਮਚਿਆ। ਜਿੱਤ ਬਹਾਦਰ ਸ਼ਾਹ ਦੀ ਹੋਈ। ਉਸਦਾ ਭਰਾ ਆਪਣੇ ਚੋਣਵੇਂ ਫੌਜੀ ਅਫ਼ਸਰਾਂ ਨਾਲ ਮਾਰਿਆ ਗਿਆ। ਉਸ ਦੀ ਫੌਜ ਖਿੰਡ ਪੁੰਡ ਗਈ। ਬਾਦਸ਼ਾਹ ਨੂੰ ਸਤਿਗੁਰਾਂ ਦੀ ਵੇਲੇ ਸਿਰ ਦਿਤੀ ਇਸ ਥੋੜ੍ਹੀ, ਪਰ ਬਹੁਮੁੱਲੀ ਸਹਾਇਤਾ ਦੀ ਬੜੀ ਕ੍ਰਿੱਤਗਤਾ ਸੀ। ਸੋ ਉਸਨੇ ਉਨ੍ਹਾਂ ਨੂੰ ਆ ਕੇ ਮਿਲਣ ਦੀ ਬੇਨਤੀ ਕੀਤੀ। ਉਸਨੇ ਇਹ ਵੀ ਸੁਨੇਹਾ ਭੇਜਿਆ ਕਿ ਮੈਂ ਆਪ ਹਾਜ਼ਰ ਹੁੰਦਾ, ਪਰ ਅਜੇਹਾ ਕਰਨ ਨਾਲ ਕਿਤੇ ਮੇਰੇ ਕੱਟੜ ਦਰਬਾਰੀ ਇਸ ਦਾ ਬੁਰਾ ਨਾ ਮਨਾਣ।

ਸਤਿਗੁਰਾਂ ਨੇ ਬਾਦਸ਼ਾਹ ਦਾ ਸੱਦਾ-ਪੱਤਰ ਪਰਵਾਨ ਕਰ ਲਿਆ। ਕਈ ਸਿੱਖਾਂ ਨੇ ਅਜੇਹਾ ਕਰਨ ਦੀ ਵਿਰੋਧਤਾ ਕੀਤੀ। ਉਨ੍ਹਾਂ ਦਾ ਵਿਚਾਰ ਸੀ ਕਿ ਬਾਦਸ਼ਾਹ ਕਿਤੇ ਸਤਿਗੁਰੂ ਨਾਲ ਆਪਣੇ ਪਿਤਾ ਦੀ ਤਰ੍ਹਾਂ ਹੀ ਧੋਖਾ ਨਾ ਕਰ ਰਿਹਾ ਹੋਵੇ। ਪਰ ਗੁਰੂ ਗੋਬਿੰਦ ਸਿੰਘ ਨੇ ਫ਼ਰਮਾਇਆ - "ਜੀਵਨ-ਮਰਨ ਪ੍ਰਭੂ ਦੇ ਹੱਥ ਹੈ। ਖ਼ਤਰੇ ਤੋਂ ਹਰ ਵੇਲੇ ਭੱਜੇ ਰਹਿਣਾ ਵੀ ਸੂਰਬੀਰਤਾ ਨਹੀਂ।" ਆਪਣੀ ਇਕ ਪਤਨੀ, ਸਾਹਿਬ ਕੌਰ ਨੂੰ ਨਾਲ ਲੈ ਉਹ ਆਗਰੇ ਨੂੰ ਚਲ ਪਏ ਜਿਥੇ ਬਾਦਸ਼ਾਹ ਨੇ ਆਪਣਾ ਡੇਰਾ ਜਾ ਜਮਾਇਆ ਸੀ। ਮਾਤਾ ਸੁੰਦਰੀ ਜੀ ਨੂੰ ਦਿੱਲੀ ਹੀ ਰਖਿਆ ਗਿਆ (ਤੀਜੀ ਦਾ 1701 ਈਸਵੀ ਵਿਚ ਦੇਹਾਂਤ ਹੋ ਚੁੱਕਾ ਸੀ)। ਰਾਹ ਵਿਚ ਮਥਰਾ ਤੇ ਬ੍ਰਿੰਦਾਬਨ ਵੀ ਠਹਿਰੇ ਤੇ ਲੋਕਾਂ ਨੂੰ ਧਰਮ-ਉਪਦੇਸ਼ ਦਿਤਾ।

ਆਗਰੇ ਪੁੱਜਦੇ ਹੀ ਬਾਦਸ਼ਾਹ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। ਇਕ ਧੁਖਧੁਖੀ ਸੱਠ ਹਜ਼ਾਰ ਰੁਪਏ ਦੀ ਕੀਮਤ ਦੀ ਤੇ ਇਕ ਸਿਰੋਪਾਉ ਨਜ਼ਰਾਨੇ ਵਜੋਂ

---

1. ਕਿਉਂ ਬਹਾਦਰ ਸ਼ਾਹ ਦੀ ਸਹਾਇਤਾ ਸਤਿਗੁਰਾਂ ਨੇ ਕੀਤੀ, ਇਸ ਦਾ ਕਾਰਣ ਜਿਵੇਂ ਕਿ ਉਪਰ ਦੱਸਿਆ ਗਿਆ ਹੈ, ਇਹੀ ਹੋ ਸਕਦਾ ਹੈ ਕਿ ਬਹਾਦਰ ਸ਼ਾਹ ਔਰੰਗਜ਼ੇਬ ਦੀਆਂ ਕੱਟੜ ਨੀਤੀਆਂ ਦਾ ਵਿਰੋਧੀ ਸੀ। ਜਿਥੇ ਉਸ ਦਾ ਬਾਪ ਸੁੰਨੀ ਮੁਸਲਮਾਨ ਸੀ, ਇਹ ਆਪ ਸ਼ਿਆ ਸੀ। ਸ਼ਿਆ ਤੇ ਸੂਫ਼ੀਆਂ ਦਾ ਗੁਰੂ-ਘਰ ਨਾਲ ਨਿੱਘਾ ਸੰਬੰਧ ਰਿਹਾ ਹੈ, ਜਿਵੇਂ ਸਾਂਈਂ ਮੀਆਂ ਮੀਰ ਤੇ ਦਾਰਾ ਸ਼ਿਕੋਹ ਦਾ। ਦੱਖਣ ਦੇ ਸ਼ਾਹੀ ਘਰਾਣਿਆਂ ਨਾਲ ਜੰਗ ਕਰਦਾ ਹੋਇਆ ਬਹਾਦਰ ਸ਼ਾਹ ਨਾਲ ਦੇ ਨਾਲ ਔਰੰਗਜ਼ੇਬ ਦੀ ਉਨ੍ਹਾਂ ਨਾਲ ਸੁਲ੍ਹਾ ਸਫ਼ਾਈ ਕਰਨ ਦੀ ਗੱਲ ਵੀ ਕਰਦਾ ਰਿਹਾ। ਇਹ ਚਿੱਠੀਆਂ ਫੜੀਆਂ ਗਈਆਂ ਤੇ ਔਰੰਗਜ਼ੇਬ ਨੇ ਉਸ ਨੂੰ ਸੱਤ ਸਾਲ ਲਈ ਕੈਦ ਕਰ ਦਿਤਾ। ਜਦ ਬਾਦਸ਼ਾਹ ਬਣ ਕੇ ਉਸ ਨੇ ਲਾਹੌਰ ਵਿਚ ਸੁੰਨੀ ਖੁਤਬੇ ਦੀ ਥਾਂ ਸ਼ਿਆ ਖੁਤਬਾ ਪੜ੍ਹੇ ਜਾਣ ਦਾ ਐਲਾਨ ਕੀਤਾ ਤਾਂ ਸੁੰਨੀਆਂ ਨੇ ਇਸ ਦਾ ਵਿਰੋਧ ਕੀਤਾ। ਬਾਦਸ਼ਾਹ ਨੇ ਦਰਿਆ-ਦਿਲੀ ਵਿਖਾ ਕੇ ਆਪਣਾ ਹੁਕਮ ਵਾਪਸ ਲੈ ਲਿਆ। ਉਸ ਨੂੰ ਦਰਵੇਸ਼ ਬਾਦਸ਼ਾਹ ਕਿਹਾ ਜਾਂਦਾ ਸੀ ਤੇ ਉਸ ਨੂੰ ਧਾਰਮਕ ਆਗੂਆਂ ਦੀ ਸੰਗਤ ਤੇ ਫ਼ਿਲਾਸਫ਼ੀ ਤੇ ਧਾਰਮਕ ਕਾਨੂੰਨ ਉਤੇ ਬਹਿਸ ਕਰਨ ਦਾ ਅਕਬਰ ਵਾਂਗ ਹੀ ਚਾਉ ਸੀ। ਲਾਹੌਰ ਦਾ "ਸ਼ਾਹ ਆਲਮੀ" ਦਰਵਾਜ਼ਾ ਲੋਕਾਂ ਵਲੋਂ ਉਸੇ ਦੀ ਯਾਦ ਵਿਚ ਬਣਾਇਆ ਗਿਆ ਸੀ।

ਭੇਟ ਕੀਤਾ ਤੇ ਉਨ੍ਹਾਂ ਨੂੰ ਸ਼ਾਹੀ ਰਿਵਾਜ ਦੇ ਵਿਰੁਧ ਇਹ ਖੁਲ੍ਹ ਦਿਤੀ ਕਿ ਉਹ ਜਦ ਵੀ ਚਾਹੁਣ, ਪੰਜ ਸਨਧਬਧ ਸੇਵਕਾਂ ਸਮੇਤ ਸ਼ਾਹੀ ਦਰਬਾਰ ਵਿਚ ਆ ਸਕਦੇ ਹਨ। ਰਿਵਾਜ ਦੇ ਵਿਰੁਧ, ਉਨ੍ਹਾਂ ਨੇ ਸ਼ਹਿਨਸ਼ਾਹ ਦੀ ਦਿਤੀ ਖ਼ਿਲਤ ਨੂੰ ਵੀ ਨਹੀਂ ਚੁੱਕਿਆ, ਸਗੋਂ ਇਕ ਸੇਵਕ ਤੋਂ ਚੁਕਾ ਕੇ ਬਾਹਰ ਆਏ। ਸਤਿਗੁਰਾਂ ਨੂੰ ਬਾਦਸ਼ਾਹ ਨੇ ਕੁਝ ਚਿਰ ਆਪਣਾ ਪ੍ਰਾਹੁਣਾ ਰਖਣ ਲਈ ਬੇਨਤੀ ਕੀਤੀ ਜੋ ਉਨ੍ਹਾਂ ਨੇ ਪਰਵਾਨ ਕਰ ਲਈ।[1] ਸਤਿਗੁਰਾਂ ਦਾ ਵਿਚਾਰ ਸੀ ਕਿ ਮੌਕਾ ਮਿਲਣ ਤੇ ਉਹ ਸਿੱਖਾਂ ਨਾਲ ਹੋਏ ਅਤਿਆਚਾਰਾਂ ਨਾਲ ਬਾਦਸ਼ਾਹ ਨੂੰ ਜਾਣੂ ਕਰਾ ਕੇ ਦੋਸ਼ੀਆਂ ਨੂੰ, ਖਾਸ ਕਰ ਵਜੀਰ ਖਾਨ, ਸੂਬਾ ਸਰਹਿੰਦ ਨੂੰ ਦੰਡ ਦਿਵਾਣਗੇ, ਤਾਂ ਜੋ ਦੇਸ਼ ਵਿਚ ਸਨਮਾਨ ਭਰਿਆ ਜੀਊਣਾ ਸੰਭਵ ਹੋ ਸਕੇ।

ਬਾਦਸ਼ਾਹ ਦੇ ਨਾਲ ਐਨੀ ਨੇੜ ਕਈ ਦਰਬਾਰੀਆਂ ਨੂੰ ਸੁਖਾਵੀਂ ਨਾ ਜਾਪੀ। ਸਰਹਿੰਦ ਦੇ ਇਕ ਸੱਯਦ ਨੇ ਇਕ ਦਿਨ ਭਰੇ ਦਰਬਾਰ ਵਿਚ ਗੁਰੂ ਸਾਹਿਬ ਦੀ ਨਮੋਸ਼ੀ ਕਰਨ ਦਾ ਮਤਾ ਪਕਾਇਆ। ਸਰਹਿੰਦ ਕਾਫ਼ੀ ਚਿਰ ਤੋਂ ਇਸਲਾਮ ਦੇ ਕੱਟਰਪੰਥੀ ਧਾਰਮਕ ਆਗੂਆਂ ਦਾ ਗੜ੍ਹ ਚਲਾ ਆਂਦਾ ਸੀ। ਇਹ ਵੀ ਹੋ ਸਕਦਾ ਹੈ ਕਿ ਸਰਹਿੰਦ ਦੇ ਸੂਬੇਦਾਰ ਨੇ ਆਪਣੇ ਹੀ ਕਿਸੇ ਦਰਬਾਰੀ ਮੇਲੀ ਗੇਲੀ ਨੂੰ ਅਜੇਹਾ ਕਰਨ ਤੇ ਉਕਸਾਇਆ ਹੋਵੇ।

ਸੱਯਦ ਬੋਲਿਆ - "ਮਹਾਰਾਜ! ਅਸਾਂ ਗੁਰੂ ਨਾਨਕ ਦੇ ਘਰਾਣੇ ਦੀ ਬਹੁਤ ਮਹਿਮਾ ਸੁਣੀ ਹੈ। ਪਰ ਅਸੀਂ ਵਲੀ ਤੇ ਪੀਰ ਉਹਨੂੰ ਮੰਨਦੇ ਹਾਂ, ਜੋ ਕੋਈ ਕਰਾਮਾਤ ਕਰ ਕੇ ਵਿਖਾਵੇ! ਕੀ ਹਜ਼ੂਰ ਵੀ ਸਾਨੂੰ ਕਿਸੇ ਕਰਾਮਾਤ ਨਾਲ ਅਚੰਭਿਤ ਕਰਨਗੇ?"

ਸਤਿਗੁਰੂ ਉਸ ਦੀ ਮੰਦ-ਭਾਵਨਾ ਨੂੰ ਤਾੜ ਗਏ ਤੇ ਬੜੀ ਗੰਭੀਰਤਾ ਨਾਲ ਬੋਲੇ - "ਸ਼ਹਿਨਸ਼ਾਹ ਬਹਾਦਰ ਸ਼ਾਹ ਖ਼ੁਦ ਇਕ ਕਰਾਮਾਤ ਹਨ। ਜਦ ਚਾਹੁਣ, ਕਿਸੇ ਵਡੇ ਤੋਂ ਵਡੇ ਨੂੰ ਨੀਚਾ ਵਿਖਾ ਦੇਣ ਤੇ ਨੀਵੇਂ ਨਿਤਾਣੇ ਨੂੰ ਉੱਚੀ ਤੋਂ ਉੱਚੀ ਪਦਵੀ ਬਖ਼ਸ਼ ਦੇਣ। ਕੀ ਇਹ ਕਰਾਮਾਤ ਨਹੀਂ?"

---

1. ਇਸ ਘਟਨਾ ਨੂੰ ਮੁਹੰਮਦ ਲਤੀਫ ਵਰਗੇ ਮੁਸਲਮਾਨ ਇਤਿਹਾਸਕਾਰਾਂ ਨੇ ਸਤਿਗੁਰਾਂ ਦਾ ਬਾਦਸ਼ਾਹ ਦੀ ਫੌਜ ਵਿਚ ਇਕ ਅਫ਼ਸਰ ਵਾਂਗ ਭਰਤੀ ਹੋ ਜਾਣਾ ਲਿਖਿਆ ਹੈ। ਪਰ "ਤਾਰੀਖਿ ਬਹਾਦੁਰ ਸ਼ਾਹੀ" ਵਿਚ ਸਾਫ ਲਿਖਿਆ ਹੈ ਕਿ "ਗੁਰੂ ਨਾਨਕ ਦੀ ਗੱਦੀ ਦਾ ਵਾਰਸ ਗੁਰੂ ਗੋਬਿੰਦ ਸ਼ਾਹੀ ਕੈਂਪ ਦੇ ਕੁਝ ਚਿਰ ਨਾਲ ਰਿਹਾ। ਉਹ ਜਿਥੇ ਵੀ ਜਾਂਦਾ ਸੀ, ਹਰ ਤਰ੍ਹਾਂ ਦੀ ਲੋਕਾਈ ਖ਼ਾਸ ਕਰ ਧਾਰਮਕ ਕੱਟਰ-ਪੰਥੀਆਂ ਨੂੰ ਆਪਣੀ ਵੰਨਗੀ ਦਾ ਉਪਦੇਸ਼ ਦੇਂਦਾ ਰਹਿੰਦਾ ਸੀ।" ਕਿਸੀ ਸ਼ਾਹੀ ਮੁਲਾਜ਼ਮ ਤੋਂ ਇਹ ਆਸ ਕਿਵੇਂ ਹੋ ਸਕਦੀ ਸੀ?
ਸਰ ਜਾਦੂ ਨਾਥ ਸਰਕਾਰ ਨੇ ਵੀ ਆਪਣੀ ਪੁਸਤਕ "ਔਰੰਗਜ਼ੇਬ" ਵਿਚ ਲਿਖਿਆ ਹੈ : "ਆਖਿਆ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਬਹਾਦਰ ਸ਼ਾਹ ਦੀ ਸੈਨਿਕ ਸਹਾਇਤਾ ਤਖ਼ਤ ਲੈਣ ਲਈ ਕੀਤੀ ਤੇ ਬਾਦਸ਼ਾਹ ਨੇ ਆਗਰੇ ਵਿਚ ਉਨ੍ਹਾਂ ਦਾ ਬੜਾ ਸਨਮਾਨ ਕੀਤਾ ਤੇ ਉਨ੍ਹਾਂ ਨੂੰ ਰਾਜਪੂਤਾਨੇ ਤੇ ਦੱਖਣ ਨਾਲ ਜਾਣ ਲਈ ਪ੍ਰੇਰਿਆ। ਸਤਿਗੁਰੂ ਦੇ ਤਿੰਨ ਸੌ ਘੋੜ ਸਵਾਰਾਂ ਨਾਲ ਉਸ ਦੇ ਨਾਲ 1707 ਈਸਵੀ ਵਿਚ ਕੁਝ ਚਿਰ ਰਹੇ। ਨਾਦੇੜ ਜਾ ਕੇ ਉਨ੍ਹਾਂ ਦਾ ਨਖੇੜਾ ਹੋ ਗਿਆ।"

''ਜ਼ਰੂਰ ਹੈ ਹਜ਼ੂਰ, ਪਰ ਅਸੀਂ ਉਹ ਕਰਾਮਾਤ ਆਪ ਤੋਂ ਵੇਖਣੀ ਚਾਹੁੰਦੇ ਹਾਂ, ਜੋ ਪੀਰ, ਵਲੀ ਤੇ ਔਲੀਆ ਕਰਦੇ ਆਏ ਹਨ।''

ਸਤਿਗੁਰਾਂ ਨੇ ਸੋਨੇ ਦੀ ਇਕ ਮੁਹਰ ਧਰਤੀ ਉਤੇ ਸੁੱਟੀ ਤੇ ਆਖਿਆ - ''ਇਹ ਵੀ ਤਾਂ ਇਕ ਕਰਾਮਾਤ ਹੈ! ਲੋਕਾਂ ਦਾ ਈਮਾਨ ਵਟਾ ਸੁਟਦੀ ਹੈ। ਜੋ ਚਾਹੇ ਤੇ ਜਿਸ ਨੂੰ ਚਾਹੇ ਖ਼ਰੀਦ ਸਕਦੀ ਹੈ!''

''ਹਜ਼ੂਰ ਨੇ ਸਾਡਾ ਭਾਵ ਨਹੀਂ ਸਮਝਿਆ : ''ਅਸੀਂ ਕਿਸੇ ਰੱਬੀ, ਅਣਹੋਈ, ਅਦਭੁੱਤ ਲੀਲ੍ਹਾ ਨੂੰ ਕਰਾਮਾਤ ਆਖਦੇ ਹਾਂ। ਉਹ ਅੱਜ ਅਸੀਂ ਜਨਾਬ ਤੋਂ ਵੇਖਣਾ ਚਾਹੁੰਦੇ ਹਾਂ!''

ਸਤਿਗੁਰਾਂ ਨੇ ਬਿਜਲੀ ਦੀ ਫੁਰਤੀ ਨਾਲ ਆਪਣੀ ਤਲਵਾਰ ਮਿਆਨ ਵਿਚੋਂ ਕੱਢੀ ਤੇ ਕੜਕ ਕੇ ਬੋਲੇ - ''ਜਿਹੜਾ ਦਲੀਲ ਨਾਲ ਨਾ ਮੰਨੇ, ਉਸਨੂੰ ਮੇਰੀ ਇਹ ਭਗੌਤੀ ਉਹ ਚਮਤਕਾਰੀ ਕਰਾਮਾਤ ਕਰ ਕੇ ਵਿਖਾ ਸਕਦੀ ਹੈ ਕਿ ਮਨੁੱਖ ਚਕ੍ਰਿਤ ਰਹਿ ਜਾਏ।''

ਸਾਰੇ ਦਰਬਾਰ ਵਿਚ ਸੱਨਾਟਾ ਛਾ ਗਿਆ। ਬਾਦਸ਼ਾਹ ਦੇ ਸਾਹਮਣੇ ਤਲਵਾਰ ਕੱਢ ਕੇ ਲਲਕਾਰਨਾ ਤਾਂ ਕਿਤੇ ਰਿਹਾ, ਤਲਵਾਰ ਲਿਆਣੀ ਹੀ ਜੁਰਮ ਸੀ। ਬਾਦਸ਼ਾਹ, ਜੋ ਇਸ ਵਾਰਤਾਲਾਪ ਨੂੰ ਬੜੀ ਦਿਲਚਸਪੀ ਨਾਲ ਸੁਣ ਰਿਹਾ ਸੀ। ਝਟ ਗੰਭੀਰ ਹੋ ਗਿਆ। ਉਸਨੇ ਸਤਿਗੁਰਾਂ ਅੱਗੇ ਤਰਲਾ ਕੀਤਾ : ''ਨਹੀਂ ਨਹੀਂ, ਜਨਾਬੇ ਵਾਲਾ ਬੁਰਾ ਨਾ ਮਨਾਣ। ਆਪ ਦੀ ਸ਼ਾਨ ਵਿਚ ਜੋ ਗੁਸਤਾਖ਼ੀ ਹੋਈ, ਉਸ ਲਈ ਮੈਂ ਖੁਦ ਖਿਮਾਂ ਦਾ ਜਾਚਕ ਹਾਂ!''

ਇਕ ਦਿਨ ਬਾਦਸ਼ਾਹ ਨੇ ਵਿਚਾਰ-ਚਰਚਾ ਕਰਦਿਆਂ ਆਖਿਆ : ''ਅਸੀਂ ਸਮਝਦੇ ਹਾਂ, ਜਿਸ ਕਿਸੇ ਨੇ ਵੀ ਨਰਕ ਤੋਂ ਛੁਟਕਾਰਾ ਪਾਉਣਾ ਹੋਵੇ ਉਸ ਲਈ ਇਹੀ ਉਚਿਤ ਹੈ ਕਿ ਉਹ ਇਸਲਾਮ ਕਬੂਲ ਕਰ ਲਵੇ! ਆਪ ਦਾ ਇਸ ਸੰਬੰਧੀ ਕੀ ਵਿਚਾਰ ਹੈ?'' ਸਤਿਗੁਰੂ ਬੋਲੇ : ''ਬਾਦਸ਼ਾਹ ਸਲਾਮਤ, ਕਿਸੇ ਸਿੱਕੇ ਦੀ ਕੀਮਤ ਉਸ ਦੀ ਉਪਰਲੀ ਮੁਹਰ ਵਿਚ ਨਹੀਂ ਹੁੰਦੀ, ਧਾਤ ਦੇ ਖ਼ਾਲਸ ਹੋਣ ਵਿਚ ਹੁੰਦੀ ਹੈ। ਮੇਰੇ ਲਈ ਕਾਫ਼ਿਰ ਓਹੀ ਹੈ, ਜੋ ਰੱਬ ਨੂੰ ਨਾ ਮੰਨੇ। ਪਰ ਰੱਬ ਨੂੰ ਜੋ ਮੰਨੇ, ਉਸਨੂੰ ਮੈਂ ਕੇਵਲ ਉਸ ਦੇ ਬਾਹਰਲੇ ਭੇਖ ਕਰ ਕੇ ਬਿਗਾਨਾ ਨਹੀਂ ਸਮਝਦਾ। ਰੱਬ ਵੀ ਅੰਦਰਲੀ ਭਾਵਨਾ ਦਾ ਇੱਛਕ ਹੈ। ਇਸੇ ਉਤੇ ਨਰਕ-ਸੁਰਗ ਦਾ ਵੀ ਨਿਬੇੜਾ ਹੁੰਦਾ ਹੈ।''

ਅੰਤ ਇਕ ਦਿਨ ਸਤਿਗੁਰਾਂ ਨੇ ਬਾਦਸ਼ਾਹ ਨੂੰ ਉਹ ਮੰਗ ਵੀ ਕਹਿ ਸੁਣਾਈ ਜੋ ਉਨ੍ਹਾਂ ਦੇ ਦਿਲ ਵਿਚ ਕਾਫ਼ੀ ਚਿਰ ਤੋਂ ਰੜਕ ਰਹੀ ਸੀ। ਉਹ ਸੀ ਸੂਬੇਦਾਰ ਸਰਹਿੰਦ ਦਾ ਉਨ੍ਹਾਂ ਦੇ ਹਵਾਲੇ ਕੀਤਾ ਜਾਣਾ ਤਾਂ ਜੋ ਉਹ ਮਾਸੂਮ ਬੱਚਿਆਂ ਦੇ ਕਾਤਲ ਨੂੰ ਉਸ ਦੇ ਕੀਤੇ ਦੀ ਸਜ਼ਾ ਆਪ ਦੇ ਸਕਣ। ਇਹ ਇਕ ਤਰ੍ਹਾਂ ਬਾਦਸ਼ਾਹ ਦੀ ਨੀਅਤ ਦੀ ਵੀ ਪਰਖ ਸੀ। ਬਾਦਸ਼ਾਹ ਠਠੰਬਰ ਜਿਹਾ ਗਿਆ। ਪਰ ਉਸਨੇ ਨਾਂਹ ਵੀ ਨਾ ਕੀਤੀ। ਕੇਵਲ ਇਹ ਹੀ ਆਖਿਆ ਕਿ ਉਸਦਾ ਰਾਜ ਰਤਾ ਪੱਕਾ

ਹੋ ਲਵੇ ਤੇ ਉਹ ਵਰ੍ਹਾ ਕੁ ਹੋਰ ਠਹਿਰ ਜਾਣ ਤਾਂ ਉਹ ਇਸ ਉਤੇ ਯੋਗ ਵਿਚਾਰ ਕਰ ਸਕੇਗਾ। ਉਸਨੇ ਸਤਿਗੁਰਾਂ ਨੂੰ ਆਪਣੇ ਨਾਲ ਰਾਜਪੂਤਾਨੇ ਨੂੰ ਚਲਣ ਲਈ ਮੁੜ ਸੱਦਾ ਦਿਤਾ, ਜਿਥੇ ਉਹ ਕਛਵਾਹਾਂ ਦੀ ਬਗ਼ਾਵਤ ਨੂੰ ਦਬਾਣ ਜਾ ਰਿਹਾ ਸੀ। ਸਤਿਗੁਰਾਂ ਨੇ ਇਹ ਜਾਣ ਕੇ ਕਿ ਐਨੀ ਛੇਤੀ ਬਾਦਸ਼ਾਹ ਨਾਲੋਂ ਤੋੜ ਲੈਣੀ ਵੀ ਠੀਕ ਨਹੀਂ ਹੋਵੇਗੀ, ਉਨ੍ਹਾਂ ਦੇ ਪਿੱਛੋਂ ਉਸਨੂੰ ਆ ਮਿਲਣ ਦੀ ਪਰਵਾਨਗੀ ਦੇ ਦਿਤੀ।

ਸਤਿਗੁਰੂ ਕੁਝ ਚਿਰ ਹੋਰ ਆਗਰੇ ਠਹਿਰੇ। ਇਥੇ ਸਵੇਰੇ ਸ਼ਾਮ ਦੀਵਾਨ ਸਜਦੇ ਤੇ ਲੋਕਾਂ ਨੂੰ ਉਹ ਧਰਮ ਉਤੇ ਦ੍ਰਿੜ ਰਹਿਣ ਦਾ ਉਪਦੇਸ਼ ਦੇਂਦੇ। ਬਾਦਸ਼ਾਹ ਨੇ ਜੈਪੁਰ ਨੂੰ ਕੂਚ ਕਰ ਦਿਤਾ। ਛੇਤੀ ਹੀ ਸਤਿਗੁਰੂ ਵੀ ਉਸਨੂੰ ਰਾਹ ਵਿਚ ਜਾ ਮਿਲੇ ਤੇ ਚਿਤੌੜ ਤੇ ਜੋਧਪੁਰ ਦਾ ਦੌਰਾ ਉਨ੍ਹਾਂ ਉਸ ਦੇ ਨਾਲ ਹੀ ਕੀਤਾ। ਇਥੋਂ ਦੇ ਰਾਜਪੂਤ ਰਾਜਿਆਂ ਨੇ ਵੀ ਸਤਿਗੁਰਾਂ ਦਾ ਨਿੱਘਾ ਸਵਾਗਤ ਕੀਤਾ ਤੇ ਆਪੋ ਵਿਚ ਦੁਵੱਲੀ ਵਾਰਤਾਲਾਪ ਵੀ ਹੋਈ। ਇਥੋਂ ਹੁਣ ਬਾਦਸ਼ਾਹ ਨੇ ਦੱਖਣ ਨੂੰ ਚਾਲੇ ਪਾਏ, ਕਿਉਂਕਿ ਉਸ ਦੇ ਭਰਾ ਕਾਮ ਬਖ਼ਸ਼ ਨੇ ਬਗਾਵਤ ਕਰ ਦਿਤੀ ਸੀ। ਸਤਿਗੁਰਾਂ ਨੇ ਬਾਦਸ਼ਾਹ ਨੂੰ ਅਜੇ ਵੀ ਕੁਝ ਮੌਕਾ ਹੋਰ ਦੇਣ ਲਈ ਉਸ ਦੀ ਬੇਨਤੀ ਤੇ ਉਸ ਦੇ ਨਾਲ ਜਾਣਾ ਪਰਵਾਨ ਕਰ ਲਿਆ। ਬੁਰਹਾਨਪੁਰ ਪੁਜੇ ਤਾਂ ਇਕ ਸਿੱਖ ਨੇ ਉਨ੍ਹਾਂ ਦੀ ਆਵੰਦ ਦਾ ਸੁਣ ਕੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਮੇਰੇ ਨਵੇਂ ਗ੍ਰਿਹ ਵਿਚ ਆਪ ਪਰਵੇਸ਼ ਕਰੋ। ਇਹ ਮੈਂ ਤੁਸਾਂ ਲਈ ਬਣਾਇਆ ਹੈ। ਬਾਦਸ਼ਾਹ ਅੱਗੇ ਤੁਰ ਚੁਕਾ ਸੀ। ਪਿਛੋਂ ਨਾਦੇੜ ਵਿਚ ਸਤਿਗੁਰੂ ਉਸਨੂੰ ਜਾ ਮਿਲੇ। ਇਸ ਵੇਲੇ ਦੋ ਤਿੰਨ ਸੌ ਘੋੜ ਸਵਾਰ ਉਨ੍ਹਾਂ ਦੇ ਨਾਲ ਸਨ ਪਰ ਉਨ੍ਹਾਂ ਬਾਦਸ਼ਾਹ ਦੀ ਕਿਸੇ ਲੜਾਈ ਵਿਚ ਭਾਗ ਨਹੀਂ ਲਿਆ ਸੀ।

ਨਾਦੇੜ ਪਹੁੰਚ ਕੇ ਉਹ ਮਾਧੋਦਾਸ ਬੈਰਾਗੀ ਦੇ ਘਰ ਗਏ। ਬੈਰਾਗੀ ਦਾ ਨਾਂ ਜਾਦੂ-ਟੂਣੇ ਲਈ ਬਹੁਤ ਪ੍ਰਸਿੱਧ ਸੀ ਤੇ ਉਸਨੂੰ ਕਰਾਮਾਤੀ ਪੁਰਸ਼ ਮੰਨਿਆ ਜਾਂਦਾ ਸੀ। ਉਸ ਦੀ ਗ਼ੈਰ-ਹਾਜ਼ਰੀ ਵਿਚ ਸਤਿਗੁਰੂ ਉਸ ਦੇ ਪਲੰਘ ਉਤੇ ਜਾ ਬਿਰਾਜੇ। ਇਸ ਬਾਰੇ ਇਹ ਮਸ਼ਹੂਰ ਸੀ ਕਿ ਜੋ ਕੋਈ ਉਸ ਦੇ ਪਲੰਘ ਉਤੇ ਬੈਠੇ, ਭੁੰਜੇ ਆ ਡਿੱਗਦਾ ਹੈ। ਸਤਿਗੁਰਾਂ ਨੇ ਉਸ ਦੇ ਵਾੜੇ ਵਿਚ ਬਧੇ ਇਕ ਬੱਕਰੇ ਨੂੰ ਵੀ ਝਟਕਾ ਕੇ ਆਪਣੀ ਉਦਰ-ਪੂਰਨਾ ਕੀਤੀ। ਜਦ ਮਾਧੋਦਾਸ ਮੁੜ ਕੇ ਘਰ ਆਇਆ ਤਾਂ ਉਹ ਸਤਿਗੁਰਾਂ ਦਾ ਚਿਹਰੇ ਦਾ ਜਲਾਲ ਵੇਖ ਕੇ ਦੰਗ ਰਹਿ ਗਿਆ। ਉਸਨੂੰ ਇਹ ਵੀ ਅਚੰਭਾ ਹੋਇਆ ਕਿ ਉਸਦਾ ਜਾਦੂ ਉਨ੍ਹਾਂ ਉਤੇ ਕਾਰਗਰ ਨਹੀਂ ਸੀ ਹੋਇਆ ਤੇ ਉਹ ਜਿਉਂ ਦੇ ਤਿਉਂ ਉਸ ਪਲੰਘ ਉਤੇ ਅਡੋਲ ਬੈਠੇ ਸਨ। ਬੱਕਰੇ ਦੇ ਝਟਕੇ ਦਾ ਸੁਣ ਕੇ ਤਾਂ ਉਸਦਾ ਮਨ ਕ੍ਰੋਧ ਨਾਲ ਭੱਖ ਉਠਿਆ ਤੇ ਉਸਨੇ ਇਸ ਤਰ੍ਹਾਂ ਉਸ ਦੇ ਧਾਰਮਕ ਜਜ਼ਬਿਆਂ ਨੂੰ ਖੇਦ ਪਹੁੰਚਾਣ ਦਾ ਕਾਰਣ ਪੁੱਛਿਆ। ਸਤਿਗੁਰਾਂ ਨੇ ਉੱਤਰ ਦਿਤਾ ਕਿ ਉਹ ਬਹੁਤ ਥਕੇ ਹੋਏ ਸਨ ਤੇ ਇਕ ਸਾਧੂ ਦੀ ਕੁਟੀਆ ਵੇਖ ਕੇ ਜਿਸ ਦੀ ਨਰਮ-ਦਿਲੀ ਦਾ ਬੜਾ ਚਰਚਾ ਸੀ, ਉਹ ਇਥੇ ਹੀ ਬਿਸਰਾਮ ਕਰਨ ਲਈ ਠਹਿਰ ਗਏ ਤੇ ਜੋ ਕੁਝ ਇਥੇ ਮਿਲਿਆ, ਉਸੇ ਨਾਲ ਉਨ੍ਹਾਂ ਆਪਣੀ

ਉਦਰ-ਪੂਰਨਾ ਵੀ ਕਰ ਲਈ। ਗੁਰੂ ਸਾਹਿਬ ਨੇ ਉਸਨੂੰ ਇਹ ਵੀ ਆਖਿਆ ਕਿ ਉਹ ਉਸਨੂੰ ਇਕ ਵੈਰਾਗੀ ਦੇ ਜੀਵਨ ਤੋਂ ਮੁਕਤ ਕਰਨ ਲਈ ਆਏ ਸਨ।

ਜਦ ਮਾਧੋ ਦਾਸ ਨੇ ਉਨ੍ਹਾਂ ਦੀਆਂ ਨੂਰਾਨੀ ਅੱਖਾਂ ਵਿਚ ਵੇਖਿਆ ਤੇ ਫਿਰ ਮੁਖੜੇ ਤੇ ਦੈਵੀ ਤੇ ਤੇਜਮਾਨ ਪ੍ਰਭਾਵ ਨੂੰ ਤਾਂ ਉਸਨੇ ਉਨ੍ਹਾਂ ਦਾ ਨਾਉਂ ਪੁੱਛਿਆ। ਜਦ ਗੁਰੂ ਸਾਹਿਬ ਨੇ ਦਸਿਆ ਕਿ "ਮੈਂ ਗੁਰੂ ਗੋਬਿੰਦ ਸਿੰਘ ਹਾਂ", ਤਾਂ ਉਹ ਚਰਨਾਂ ਉਤੇ ਢਹਿ ਪਿਆ : "ਹੇ ਸੁਆਮੀ, ਮੈਂ ਤੇਰਾ ਬੰਦਾ ਹਾਂ। ਤੂੰ ਸਾਡੀ ਜਾਤੀ ਦਾ ਕਲਿਆਣਕਾਰੀ ਤੇ ਰਖਿਅਕ ਹੈਂ। ਤੁਸੀਂ ਮੈਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ ਹੈ। ਮੈਂ ਹੁਣ ਮੁਕਤ ਹੋ ਗਿਆ ਹਾਂ। ਮੈਨੂੰ ਦਸੋ, ਮੈਂ ਆਪ ਦੀ ਆਗਿਆ ਦਾ ਕਿਵੇਂ ਪਾਲਣ ਕਰਾਂ?"

ਸਤਿਗੁਰਾਂ ਦਾ ਹਿਰਦਾ ਉਸ ਦੇ ਕੋਮਲ ਤੇ ਨਿਰਮਲ ਸੁਭਾਵ ਨੂੰ ਤੱਕ ਕੇ ਬਹੁਤ ਪਰਸੰਨ ਹੋਇਆ। ਜਦ ਉਸਨੂੰ ਪੁੱਛਿਆ ਗਿਆ ਤਾਂ ਉਸਨੇ ਆਪਣੀ ਸਾਰੀ ਵਾਰਤਾ ਕਹਿ ਸੁਣਾਈ। ਰਾਜੌਰੀ ਦੇ ਨੇੜੇ ਉਹ ਪੁਣਛ ਵਿਚ ਪੈਦਾ ਹੋਇਆ। ਕੁਝ ਚਿਰ ਉਸਨੇ ਖੇਤੀ ਬਾੜੀ ਵੀ ਕੀਤੀ। ਸ਼ਿਕਾਰ ਦਾ ਉਸਨੂੰ ਬਹੁਤ ਸ਼ੌਂਕ ਸੀ। ਇਕ ਦਿਨ ਉਹ ਇਕ ਹਿਰਨੀ ਨੂੰ ਮਾਰ ਬੈਠਾ ਜਿਸ ਦੇ ਗਰਭ ਵਿਚੋਂ ਦੋ ਜੀਉਂਦੇ ਬੱਚੇ ਨਿਕਲੇ। ਇਹ ਦ੍ਰਿਸ਼ ਵੇਖ ਕੇ ਉਸ ਦੇ ਕੋਮਲ ਮਨ ਨੇ ਉਸਨੂੰ ਇਤਨਾ ਲੱਜਿਤ ਕੀਤਾ ਕਿ ਉਸਨੇ ਸੰਸਾਰ ਦਾ ਤਿਆਗ ਕਰ ਦਿਤਾ ਤੇ ਗੋਦਾਵਰੀ ਦੇ ਕੰਢੇ ਆ ਕੇ ਤਪੱਸਿਆ ਕਰਨ ਲੱਗਾ। ਇਥੇ ਆ ਕੇ ਉਸਨੇ ਯੋਗ ਦੀ ਹਰ ਵਿਧੀ ਉਤੇ ਵਸੀਕਾਰ ਪ੍ਰਾਪਤ ਕੀਤੇ ਕੁਝ ਜਾਦੂ ਵੀ ਸਿਖਿਆ।

ਸਤਿਗੁਰਾਂ ਨੇ ਉਸ ਦੀ ਆਤਮਕ ਚੇਤੰਨਤਾ ਉਤੇ ਉਸਨੂੰ ਵਧਾਈ ਦਿਤੀ, ਪਰ ਨਾਲ ਹੀ ਆਖਿਆ ਕਿ ਜਦ ਦੇਸ਼ ਪਾਪ ਤੇ ਉਪੱਦਰਵ ਵਿਚ ਗ੍ਰਿਸਿਆ ਹੋਵੇ, ਤਾਂ ਕਿਸੇ ਵੀ ਅਧਿਆਤਮਕ ਮਹਾਂਪੁਰਖ ਨੂੰ ਸੰਘਰਸ਼ ਤੋਂ ਪਿੱਛੇ ਨਹੀਂ ਹਟਣਾ ਚਾਹੀਦਾ। ਮਾਧੋ ਦਾਸ ਨੇ ਬਚਨ ਦਿਤਾ ਕਿ ਜਿਵੇਂ ਗੁਰੂ ਦੀ ਆਗਿਆ ਹੋਵੇਗੀ, ਉਵੇਂ ਹੀ ਉਹ ਕਰੇਗਾ। ਸਤਿਗੁਰਾਂ ਨੇ ਉਸਨੂੰ ਅੰਮ੍ਰਿਤ ਛਕਾ ਕੇ ਉਸਦਾ ਨਾਮ ਗੁਰਬਖ਼ਸ਼ ਸਿੰਘ ਰਖਿਆ (ਭਾਵੇਂ ਆਮ ਲੋਕੀਂ ਉਸਨੂੰ ਬੰਦਾ ਸਿੰਘ ਬਹਾਦੁਰ ਹੀ ਆਖਦੇ ਰਹੇ)। ਸਤਿਗੁਰਾਂ ਨੇ ਉਸਨੂੰ ਆਪਣੇ ਭੱਥੇ ਵਿਚੋਂ ਪੰਜ ਤੀਰ ਵੀ ਬਖ਼ਸ਼ੇ ਤੇ ਉਸਨੂੰ ਇਹ ਆਦੇਸ਼ ਦਿਤਾ : "ਧਰਮ ਯੁੱਧ ਤੋਂ ਪਿੱਠ ਨਹੀਂ ਮੋੜਨੀ, ਜਿੱਤ ਵਿਚ ਮਨ ਨੀਂਵਾਂ ਰਖਣਾ, ਆਪਣੇ ਸਾਥੀਆਂ ਨੂੰ ਆਪਣੇ ਬਰਾਬਰ ਦਾ ਜਾਣਨਾ ਤੇ ਹਰ ਕੰਮ ਪੰਥ ਦੀ ਆਗਿਆ ਨਾਲ ਤੇ ਸਦਾ ਉਸ ਦੇ ਅਧੀਨ ਰਹਿ ਕੇ ਕਰਨਾ।" ਸਤਿਗੁਰਾਂ ਨੇ ਇਹ ਵੀ ਆਖਿਆ ਕਿ ਜਦੋਂ ਤੀਕ ਉਹ ਗੁਰੂ ਦੇ ਇਸ ਆਦੇਸ਼ ਉਤੇ ਸੱਚੀ ਭਾਵਨਾ ਨਾਲ ਨਿਰਲੇਪ ਹੋ ਕੇ ਚਲੇਗਾ, ਸਦਾ ਪਰਮੇਸ਼ੁਰ ਦੇ ਭਉ ਵਿਚ ਤੇ ਪੰਥ ਦਾ ਦਾਸ ਹੋ ਕੇ, ਸਤਿਗੁਰੂ ਸਦਾ ਉਸ ਦੀ ਰੱਖਿਆ ਕਰਨਗੇ।

ਬੰਦੇ ਨੇ ਸਤਿਗੁਰਾਂ ਦੇ ਚਰਨਾਂ ਉਤੇ ਸੀਸ ਨਿਵਾ ਦਿਤਾ ਅਤੇ ਪ੍ਰਣ ਕੀਤਾ ਕਿ ਉਹ ਉਵੇਂ ਹੀ ਕਰੇਗਾ ਜਿਵੇਂ ਉਸਨੂੰ ਹੁਕਮ ਕੀਤਾ ਗਿਆ ਸੀ।

ਇਸ ਤੋਂ ਪਿਛੋਂ ਸਤਿਗੁਰਾਂ ਨੇ ਤਿੰਨ ਹਜ਼ੂਰੀ ਸਿੱਖਾਂ (ਬਿਨੋਦ ਸਿੰਘ, ਬਾਜ ਸਿੰਘ ਤੇ ਕਾਹਨ ਸਿੰਘ) ਨੂੰ ਉਸ ਦੇ ਨਾਲ ਦੇ ਕੇ ਹਿਦਾਇਤ ਕੀਤੀ ਕਿ ਉਹ ਬੂੜੀਆ (ਜ਼ਿਲਾ ਅੰਬਾਲਾ) ਦੇ ਲਾਗੇ ਜਾ ਕੇ ਟਿਕਾਣਾ ਕਰੇ, ਜਿਥੇ ਹੋਰ ਸਿੰਘ ਗੁਰੂ ਦੇ ਹੁਕਮ ਅਨੁਸਾਰ ਉਸਨੂੰ ਆ ਮਿਲਣਗੇ। ਸਭ ਤੋਂ ਪਹਿਲਾਂ ਉਹ ਸਢੌਰਾ ਪਿੰਡ ਉਤੇ ਹਮਲਾ ਕਰੇ, ਜਿਥੋਂ ਦੇ ਪੀਰ ਬੁਧੂ ਸ਼ਾਹ ਨੂੰ ਉਸ ਦੇ ਪਰਵਾਰ ਸਮੇਤ ਕਟੜਪੰਥੀਆਂ ਨੇ ਗੁਰੂ ਦੀ ਸਹਾਇਤਾ ਕਰਨ ਕਰ ਕੇ ਮਾਰ ਦਿਤਾ ਸੀ। ਫਿਰ ਉਸਨੇ ਸਰਹਿੰਦ ਉਤੇ ਚੜ੍ਹਾਈ ਕਰ ਕੇ ਵਜ਼ੀਰਖਾਨ ਨੂੰ ਆਪ ਪਕੜ ਕੇ ਉਸਨੂੰ ਘੋਰ ਦੰਡ ਦੇਣਾ ਸੀ ਤੇ ਇਸ ਦੇ ਮਗਰੋਂ ਪਹਾੜੀ ਰਾਜਿਆਂ ਨੂੰ ਜਿਨ੍ਹਾਂ ਅਜਾਈਂ ਗੁਰੂ-ਘਰ ਨਾਲ ਵੈਰ ਕਮਾਇਆ ਸੀ। ਇਸ ਨਾਲ ਦਿੱਲੀ ਦੀ ਕਿੱਲੀ ਵੀ ਢਿੱਲੀ ਹੋ ਜਾਏਗੀ ਤੇ ਮੁਗਲਾਂ ਨਾਲ ਇਕ ਨਿਰਣਾਇਕ ਯੁਧ ਰਾਹੀਂ ਪੰਜਾਬ ਤੇ ਦਿੱਲੀ ਖਾਲਸੇ ਦੇ ਕਬਜੇ ਵਿਚ ਆ ਜਾਣਗੇ।[1]

ਬੰਦਾ ਬਹਾਦਰ ਛੇਤੀ ਹੀ ਗੁਰੂ ਜੀ ਦੇ ਬਖਸ਼ੇ ਪੰਜ ਤੀਰ ਤੇ ਉਨ੍ਹਾਂ ਦਾ ਇਕ ਹੁਕਮਨਾਮਾ ਸਿੱਖਾਂ ਦੇ ਨਾਮ ਲੈ ਕੇ ਨਾਦੇੜ ਤੋਂ ਪੰਜਾਬ ਵਲ ਤੁਰ ਪਿਆ। ਸਤਿਗੁਰੂ ਕੁਝ ਚਿਰ ਹੋਰ ਇਥੇ ਠਹਿਰੇ। ਉਨ੍ਹਾਂ ਦੇ ਦਰਸ਼ਨਾਂ ਨੂੰ ਸਦਾ ਵਾਂਗ ਹੀ ਦੂਰ ਦੂਰ ਤੋਂ ਸੰਗਤਾਂ ਆਉਣ ਲੱਗੀਆਂ। ਇਕ ਵੇਰ ਇਕ ਸਿੱਖ ਨੇ ਇਕ ਬਹੁ-ਮੁੱਲਾ ਹੀਰਾ ਆਪ ਦੀ ਭੇਟ ਕੀਤਾ। ਗੋਦਾਵਰੀ ਦੇ ਕੰਢੇ ਸਤਿਗੁਰੂ ਪਰਮੇਸ਼ਵਰ ਦੇ ਧਿਆਨ-ਮਗਨ ਬੈਠੇ ਸਨ। ਸਿੱਖ ਨੇ ਹੀਰੇ ਦੀ ਬਹੁਤ ਉਪਮਾ ਕੀਤਾ। ਸਤਿਗੁਰਾਂ ਨੇ ਬੇਪ੍ਰਵਾਹੀ ਵਿਚ ਉਹ ਹੀਰਾ ਨਦੀ ਵਿਚ ਵਗਾਹ ਮਾਰਿਆ। ਸਿੱਖ ਨੂੰ ਬੜੀ ਨਿਰਾਸਤਾ ਹੋਈ। ਉਹ ਪੁਛਣ ਲੱਗਾ, "ਗੁਰੂਦੇਵ, ਇਹ ਬੜਾ ਕੀਮਤੀ ਤੇ ਦੁਰਲੱਭ ਹੀਰਾ ਸੀ। ਇਹ ਆਪ ਨੇ ਕੀ ਕੀਤਾ? ਮੈਨੂੰ ਦੱਸੋ ਤੁਸਾਂ ਕਿਥੇ ਕੁ ਸੁਟਿਆ ਹੈ, ਮੈਂ ਚੁੱਭੀ ਮਾਰ ਕੇ ਉਸ ਦੀ ਭਾਲ ਕਰਾਂ!" ਸਤਿਗੁਰਾਂ ਨੇ ਆਪਣੇ ਪਾਸੋਂ ਇਕ ਉਸ ਤੋਂ ਵੀ ਵਧੀਕ ਕੀਮਤੀ ਹੀਰਾ (ਜੋ ਆਖਦੇ ਹਨ ਬਹਾਦਰ ਸ਼ਾਹ ਨੇ ਉਨ੍ਹਾਂ ਦੀ ਭੇਟਾ ਕੀਤਾ ਸੀ), ਨਦੀ ਵਿਚ ਸੁੱਟ ਕੇ ਆਖਿਆ, "ਓਥੇ, ਮੈਂ ਓਥੇ ਹੀਰਾ ਸੁਟਿਆ ਹੈ।" ਸਤਿਗੁਰੂ ਦੀ ਸੰਸਾਰਕ ਪਦਾਰਥਾਂ ਤੋਂ ਇਹ ਬੇਪਰਵਾਹੀ ਵੇਖ ਕੇ ਸੰਗਤ ਚਕ੍ਰਿਤ ਰਹਿ ਗਈ।

ਇਵੇਂ ਜਾਪਦਾ ਹੈ ਕਿ ਸਤਿਗੁਰਾਂ ਨੇ ਆਪਣੀ ਧਰਮ-ਪਤਨੀ ਸਾਹਿਬ ਕੌਰ ਨੂੰ ਜੋ ਉਨ੍ਹਾਂ ਦੇ ਨਾਲ ਸੀ ਦੱਖਣ ਆਈ ਸੀ, ਦਿੱਲੀ ਤੋਰ ਦਿਤਾ ਜਿਥੇ ਮਾਤਾ ਸੁੰਦਰੀ ਜੀ ਅਗੇ ਹੀ ਨਿਵਾਸ ਕਰ ਰਹੇ ਸਨ। ਭਾਈ ਮਨੀ ਸਿੰਘ ਜੀ ਨੂੰ ਉਨ੍ਹਾਂ ਦੀ ਸੇਵਾ

1. ਇਸ ਤੋਂ ਪਤਾ ਲੱਗਦਾ ਹੈ ਕਿ ਨਾਂਦੇੜ ਪੁਜਣ ਤੀਕ ਗੁਰੂ ਸਾਹਿਬ ਨੂੰ ਬਹਾਦਰ ਸ਼ਾਹ ਤੋਂ ਇਨਸਾਫ ਨਾ ਮਿਲਣ ਦੀ ਆਸ ਪੱਕੀ ਹੋ ਚੁਕੀ ਸੀ। "ਜੀਵਨ ਗੁਰੂ ਗੋਬਿੰਦ ਸਿੰਘ" ਵਿਚ ਦੌਲਤ ਰਾਏ ਨੇ ਲਿਖਿਆ ਹੈ ਕਿ ਸਤਿਗੁਰਾਂ ਤੋਂ ਬਹਾਦਰ ਸ਼ਾਹ ਨੇ ਮਰਹੱਟਿਆਂ ਦੇ ਵਿਰੁਧ ਸਹਾਇਤਾ ਮੰਗੀ ਸੀ ਤੇ ਗੁਰੂ ਦੇ ਇਨਕਾਰ ਕਰਨ ਉਤੇ ਦੋਹਾਂ ਵਿਚ ਸਦਾ ਲਈ ਅਜੋੜ ਹੋ ਗਿਆ। ਪਰ ਜੇ ਸਤਿਗੁਰੂ ਬਹਾਦਰ ਸ਼ਾਹ ਦੇ ਨਾਲ ਅਜੋੜ ਉੱਕਾ ਹੀ ਨਾ ਪੈਦਾ ਕਰਨਾ ਚਾਹੁੰਦੇ ਹੁੰਦੇ ਤਾਂ ਬੰਦਾ ਸਿੰਘ ਨੂੰ ਟੱਕਰ ਲੈਣ ਪੰਜਾਬ ਕਿਉਂ ਭੇਜਦੇ? ਧੌਲ ਦੀ ਸੰਗਤ ਦੇ ਨਾਮ ਹੁਕਮਨਾਮੇ ਤੋਂ (ਵੇਖੋ ਅੰਤਿਕਾ) ਇਹੀ ਜਾਪਦਾ ਹੈ, ਕਿ ਸਤਿਗੁਰਾਂ ਨੇ ਆਪ ਵੀ ਛੇਤੀ ਹੀ ਪੰਜਾਬ ਮੁੜਨਾ ਸੀ।

ਲਈ ਨਾਲ ਭੇਜਿਆ ਗਿਆ। ਮਾਤਾ ਸਾਹਿਬ ਕੌਰ ਨੇ ਬਹੁਤ ਤਰਲਾ ਕੀਤਾ ਕਿ ਉਨ੍ਹਾਂ ਨੂੰ ਸਤਿਗੁਰੂ ਆਪਣਾ ਵਿਛੋੜਾ ਨਾ ਦੇਣ ਕਿਉਂਕਿ ਉਨ੍ਹਾਂ ਪ੍ਰਣ ਕੀਤਾ ਹੋਇਆ ਸੀ ਕਿ ਗੁਰੂ ਦੇ ਦੀਦਾਰ ਤੋਂ ਬਿਨਾਂ ਅੰਨ ਨੂੰ ਮੂੰਹ ਨਹੀਂ ਲਾਣਾ। ਪਰ ਸਤਿਗੁਰਾਂ ਨੇ ਉਨ੍ਹਾਂ ਨੂੰ ਛੇ ਪਰਕਾਰ ਦੇ ਆਪਣੇ ਸ਼ਸਤ੍ਰ ਨਿਸ਼ਾਨੀ ਵਜੋਂ ਦੇ ਕੇ ਆਖਿਆ, "ਜਦੋਂ ਵੀ ਮੇਰੇ ਦਰਸ਼ਨ ਕਰਨੇ ਹੋਣ, ਤੁਸੀਂ ਇਨ੍ਹਾਂ ਵਿਚੋਂ ਕਰ ਲਿਆ ਕਰਨੇ!"

ਛੇਤੀ ਹੀ ਪਿੱਛੋਂ ਜਦ ਕਿ ਰਾਤ ਨੂੰ ਸਤਿਗੁਰੂ ਆਪਣੇ ਤੰਬੂ ਵਿਚ ਆਰਾਮ ਕਰਨ ਲਈ ਬਿਸਤਰੇ ਉਤੇ ਲੇਟਣ ਹੀ ਵਾਲੇ ਸਨ ਕਿ ਇਕ ਪਠਾਣ ਜਿਸ ਦਾ ਨਾਮ ਗੁਲਖ਼ਾਨ ਸੀ, ਸਤਿਗੁਰਾਂ ਨੂੰ ਮੱਥਾ ਟੇਕਣ ਦੇ ਬਹਾਨੇ ਅੰਦਰ ਆਇਆ। ਉਹ ਅੱਗੇ ਵੀ ਕਈ ਵੇਰ ਦਰਬਾਰ ਵਿਚ ਆ ਚੁੱਕਾ ਸੀ ਤੇ ਆਪਣੇ ਆਪ ਨੂੰ ਸਤਿਗੁਰਾਂ ਦਾ ਸ਼ਰਧਾਲੂ ਦਸਦਾ ਸੀ। ਇਸੇ ਲਈ ਕਿਸੇ ਨੇ ਉਸਨੂੰ ਅੰਦਰ ਆਉਣ ਤੋਂ ਨਾ ਰੋਕਿਆ। ਸਤਿਗੁਰਾਂ ਨੇ ਉਸਨੂੰ ਪ੍ਰਸ਼ਾਦ ਦਿਤਾ ਜੋ ਉਸ ਹਤਿਆਰੇ ਨੇ ਝਟ ਹੜੱਪ ਕਰ ਲਿਆ ਤੇ ਜਦ ਹਜ਼ੂਰ ਬਿਸ੍ਰਾਮ ਕਰਨ ਲਈ ਲੇਟਣ ਲੱਗੇ ਤਾਂ ਉਸਨੇ ਆਪਣਾ ਛੁਰਾ ਉਨ੍ਹਾਂ ਦੇ ਪੇਟ ਵਿਚ ਘੋਂਪ ਦਿਤਾ।

ਸਤਿਗੁਰੂ ਬਿਜਲੀ ਦੀ ਫੁਰਤੀ ਨਾਲ ਉਠੇ ਤੇ ਆਪਣੀ ਤਲਵਾਰ ਮਿਆਨ ਵਿਚੋਂ ਕੱਢ ਕੇ ਨੱਠੇ ਜਾਂਦੇ ਕਾਤਲ ਨੂੰ ਉਥੇ ਹੀ ਢੇਰ ਕਰ ਦਿਤਾ। ਹੁਣ ਇਹ ਗੱਲ ਹਰ ਮਿਲਦੀ ਗਵਾਹੀ ਤੋਂ ਪੱਕੀ ਹੋ ਚੁੱਕੀ ਹੈ ਕਿ ਹਤਿਆਰਾ ਸੂਬੇਦਾਰ ਸਰਹਿੰਦ ਦਾ ਭੇਜਿਆ ਹੋਇਆ ਸੀ ਜਿਸ ਦਾ ਕੰਮ ਮੌਕਾ ਮਿਲਦੇ ਹੀ ਸਤਿਗੁਰੂ ਜੀ ਉਤੇ ਵਾਰ ਕਰਨ ਦਾ ਸੀ।

ਫੱਟ ਸੀਤੇ ਗਏ, ਤਿੰਨ ਦਿਨਾਂ ਦੇ ਆਰਾਮ ਤੋਂ ਪਿੱਛੋਂ ਚੌਥੇ ਦਿਨ ਸਤਿਗੁਰੂ ਦਰਬਾਰ ਵਿਚ ਆਏ। ਸਭ ਨੇ ਜਾਤਾ ਹੁਣ ਆਪ ਦੇ ਜ਼ਖ਼ਮ ਮਉਲ ਰਹੇ ਹਨ। ਪਰ ਉਸੇ ਰਾਤ ਨੂੰ ਜਦ ਉਨ੍ਹਾਂ ਜ਼ੋਰ ਦੀ ਅੰਗੜਾਈ ਲਈ[1] ਤਾਂ ਘਾਉ ਫਿਰ ਖੁਲ੍ਹ ਗਏ। ਸਤਿਗੁਰਾਂ ਨੂੰ ਅਤਿਅੰਤ ਪੀੜਾ ਮਹਿਸੂਸ ਹੋਈ। ਉਨ੍ਹਾਂ ਜ਼ੋਰ ਦੀ ਆਵਾਜ਼ ਦੇ ਕੇ ਹਜ਼ੂਰੀ ਸਿੱਖਾਂ ਨੂੰ ਬੁਲਾਇਆ। ਜਦੋਂ ਤੀਕ ਉਹ ਪਹੁੰਚੇ, ਸਤਿਗੁਰੂ ਧਿਆਨ-ਮਗਨ ਹੋ ਚੁਕੇ ਸਨ। ਪਰ ਸਿੱਖਾਂ ਨੂੰ ਇਵੇਂ ਲਗਾ ਜਿਵੇਂ ਕੋਈ ਅਸਹਿ ਭਾਣਾ ਵਰਤਣ ਵਾਲਾ ਹੈ। ਉਨ੍ਹਾਂ ਦਾ ਮੁੱਖੜਾ ਸਦਾ ਵਾਂਗ ਹੀ ਸ਼ਾਂਤ ਤੇ ਨੂਰੀ ਝਲਕ ਦੇ ਰਿਹਾ ਸੀ ਤੇ ਕੋਈ ਚਿੰਨ੍ਹ ਅਜੇਹਾ ਨਹੀਂ ਸੀ ਦਿਸਦਾ ਕਿ ਉਨ੍ਹਾਂ ਦੀ ਜੀਵਨ-ਲੀਲ੍ਹਾ ਦਾ ਹੁਣ ਅੰਤ ਹੋਣ ਹੀ ਵਾਲਾ ਹੈ! ਉਹ ਆਪਣੇ ਸ੍ਵੈ-ਸਰੂਪ ਵਿਚ ਇਸਥਿਤ ਇਵੇਂ ਲਗਦੇ ਸਨ ਜਿਵੇਂ ਕੰਵਲ ਦੀਆਂ ਪੰਖੜੀਆਂ ਸੂਰਜ ਅਸਤ ਹੋਣ ਵੇਲੇ।

ਪ੍ਰਾਰਥਨਾ ਸਮਾਪਤ ਹੋਈ, ਸਤਿਗੁਰਾਂ ਨੇ ਆਪਣੇਂ ਮੀਟੇ ਨੈਣ ਅੱਧ-ਖੋਲ੍ਹੇ। ਕਈ ਸਿੱਖ, ਜਿਨ੍ਹਾਂ ਦੇ ਗਲੇ ਜਜ਼ਬਾਤ ਨਾਲ ਭਰੇ ਹੋਏ ਸਨ, ਡਾਢੀ ਤ੍ਰਾਟ ਨਾਲ ਬੋਲੇ,

1. ਕਈ ਇਤਿਹਾਸਕਾਰ ਆਖਦੇ ਹਨ, ਉਨ੍ਹਾਂ ਇਕ ਭਾਰੀ ਧਨੁਖ ਦਾ ਚਿਲ੍ਹਾ ਚੜ੍ਹਾਇਆ ਸੀ। ਕਈ ਇਤਿਹਾਸਕਾਰ ਇਹ ਵੀ ਲਿਖਦੇ ਹਨ ਕਿ ਕਾਤਲ ਇੱਕ ਨਹੀਂ ਸਗੋਂ ਦੋ ਸਨ। ਦੂਜੇ ਨੂੰ (ਜੋ ਪਿਛੇ ਛੁਪਿਆ ਬੈਠਾ ਸੀ) ਸਿੰਘਾਂ ਨੇ ਚਿੱਤ ਕਰ ਦਿਤਾ।

''ਇਵੇਂ ਜਾਪਦਾ ਹੈ, ਆਪ ਕੋਈ ਸਾਰਿਆਂ ਲਈ ਅਸਹਿ ਲੀਲ੍ਹਾ ਵਰਤਾਣ ਵਾਲੇ ਹੋ'', ਪਰ ਸਤਿਗੁਰੂ ਸਦਾ ਵਾਂਗ ਹੀ ਸ਼ਾਂਤ-ਚਿਤ, ਧੀਮੀਂ ਧਾਏ, ਮਧੁਰ ਆਵਾਜ਼ ਵਿਚ ਬੋਲੇ, ''ਇਕ ਘਟਨਾ ਜਿਸ ਤੋਂ ਸਾਰੇ ਭੈ ਖਾਂਦੇ ਹਨ, ਮੌਤ ਹੈ, ਪਰ ਮੈਂ ਇਸ ਦੇ ਸਦਾ ਨਾਲ ਨਾਲ ਵੱਸਦਾ ਰਿਹਾ ਹਾਂ ਤੇ ਇਸ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਝਾਕਦਾ ਰਿਹਾ ਹਾਂ। ਇਵੇਂ ਹੀ ਤੁਹਾਨੂੰ ਸਭਨਾਂ ਨੂੰ ਕਰਨਾ ਚਾਹੀਦਾ ਹੈ। ਮੈਂ ਹੁਣ ''ਅਬਚਲ ਨਗਰ'' ਨੂੰ ਮੁੜਨ ਹੀ ਵਾਲਾ ਹਾਂ। ਪਰ ਮੈਂ ਇਵੇਂ ਉਥੇ ਜਾਵਾਂਗਾ ਜਿਵੇਂ ਕੋਈ ਲਾੜਾ ਆਪਣੀ ਲਾੜੀ ਨੂੰ ਵਿਆਹੁਣ ਲਈ। ਮੇਰੇ ਲਈ ਸ਼ੋਕ ਮਨ ਵਿਚ ਨਹੀਂ ਲਿਆਣਾ। ਜਿੱਥੇ ਤੁਹਾਡੇ ਵਿਚੋਂ ਪੰਜ ਪਵਿੱਤਰ ਆਤਮਾ ਵਾਲੇ, ਗੁਰੂ-ਪਰਮੇਸ਼ੁਰ ਦੇ ਹੁਕਮ ਦੇ ਅਧੀਨ ਤੁਰਦੇ, ਇਕੱਠੇ ਹੋਣਗੇ, ਉਥੇ ਤੁਸੀਂ ਮੈਨੂੰ ਵੀ ਪਾਓਗੇ।''

ਜਦ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਉਨ੍ਹਾਂ ਤੋਂ ਪਿਛੋਂ ਸਿੱਖਾਂ ਦਾ ਵਾਲੀ ਕੌਣ ਹੋਵੇਗਾ ਤਾਂ ਸਤਿਗੁਰਾਂ ਨੇ ਫ਼ਰਮਾਇਆ, ''ਅੱਗੋਂ ਤੋਂ ਸ਼ਖਸੀ ਗੁਰਿਆਈ ਮੈਂ ਖ਼ਤਮ ਕਰ ਦਿਤੀ ਹੈ। ਹੁਣ ਤੋਂ ਗ੍ਰੰਥ ਸਾਹਿਬ ਤੁਹਾਡਾ ਗੁਰੂ ਹੋਵੇਗਾ, ਆਤਮਕ ਵੀ ਤੇ ਸੰਸਾਰਕ ਵੀ - ਤੇ ਜਾਂ ਫਿਰ ਗੁਰੂ-ਪੰਥ, ਜਦ ਉਹ ਇਸ ਆਤਮਕ ਗੁਰੂ ਦੇ ਹੁਕਮ ਅਨੁਸਾਰ ਕਾਰ ਕਰ ਰਿਹਾ ਹੋਵੇ। ਜੋ ਮੈਨੂੰ ਖੋਜੇਗਾ, ਇਸੇ ਆਤਮਕ ਖਜ਼ਾਨੇ ਵਿਚੋਂ ਪਾਵੇਗਾ। ਇਸ ਨੂੰ ਗੁਰੂ ਦੀ ਦੇਹ ਜਾਣ ਕੇ ਮੰਨਣਾ। ਮੈਂ ਪਰਮੇਸ਼ੂਰ ਦਾ ਧਰਮ ਚਲਾਣ ਆਇਆ ਸਾਂ, ਆਪਣਾ ਨਹੀਂ। ਸੋ ਮੈਂ ਉਸੇ ਦੇ ਹਵਾਲੇ ਤੁਹਾਨੂੰ ਸੌਂਪ ਕੇ ਜਾਂਦਾ ਹਾਂ। ਓਹੀ ਤੁਹਾਡਾ ਰੱਖਿਅਕ, ਆਗੂ ਤੇ ਸਹਾਇਕ ਹੋਵੇਗਾ ਜਦੋਂ ਤੀਕ ਤੁਸੀਂ ਉਸ ਦੇ ਹੁਕਮ ਦੇ ਅਨੁਸਾਰ ਚਲ ਰਹੇ ਹੋਵੋਗੇ।''[1]

ਸਤਿਗੁਰਾਂ ਨੇ ਇਹ ਆਖ ਕੇ ਬੜੇ ਧੀਰਜ ਨਾਲ ਆਪਣੇ ਨਵੇਂ ਬਸਤ੍ਰ ਪਹਿਨੇ। ਅੱਗੇ ਵਾਂਗ ਹੀ ਸ਼ਸਤ੍ਰ ਸਜਾਏ। ਕਮਰ ਕਸਾ ਕੀਤਾ। ਫਿਰ ਉਹ ਅਰਦਾਸੇ ਲਈ ਉਠੇ। ਇਸ ਦੀ ਸਮਾਪਤੀ ਮਗਰੋਂ ਫੇਰ ਗੁਰੂ ਗ੍ਰੰਥ ਸਾਹਿਬ ਦੀ ਪਰਕਰਮਾ ਕੀਤੀ ਤੇ ਪੰਜ ਪੈਸੇ ਤੇ ਨਾਰੀਅਲ ਅੱਗੇ ਰੱਖ ਕੇ ਇਸ ਸਦੀਵੀ ਈਸ਼ਵਰ-ਗਿਆਨ ਨੂੰ ਆਪਣਾ ਚੰਨ-ਮੱਥਾ ਟੇਕ ਕੇ ਗੁਰੂ ਦੀ ਗੱਦੀ ਉਤੇ ਅਸਥਾਪਨ ਕਰ ਦਿਤਾ।

ਹਜ਼ੂਰੀ ਸਿੱਖ ਇਸ ਵੇਲੇ ਤਕ ਬਿਹਬਲ ਤੇ ਬੇਹਾਲ ਹੋ ਚੁੱਕੇ ਸਨ। ਸਤਿਗੁਰਾਂ ਨੇ ਉਨ੍ਹਾਂ ਨੂੰ ਹੌਂਸਲਾ ਦੇਂਦਿਆਂ ਆਪਣਾ ਨੀਲਾ ਘੋੜਾ ਮੰਗਵਾਣ ਲਈ ਹੁਕਮ ਦਿਤਾ। ਜਦ ਘੋੜਾ ਆਪ ਦੇ ਪੇਸ਼ ਹੋਇਆ ਤਾਂ ਸਤਿਗੁਰਾਂ ਉਸ ਦੇ ਮਿੱਤਰ-ਪਿੰਡੇ ਉਤੇ ਆਪਣਾ ਹੱਥ ਆਖਰੀ ਵੇਰ ਬੜੀ ਕੋਮਲਤਾ ਨਾਲ ਫੇਰਿਆ। ਫਿਰ ਉਸਦਾ ਮੱਥਾ ਚੁੰਮਿਆ ਤੇ ਸਭ ਨੂੰ ''ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤਿਹ'' ਬੁਲਾ ਕੇ ਘੋੜੇ ਉਤੇ ਚੜ੍ਹ ਪਏ।

---

1. ''ਗੁਰ ਸੋਭਾ'' (ਕ੍ਰਿਤ ਹਜ਼ੂਰੀ ਕਵੀ ਸੈਨਾਪਤੀ) ਵਿਚ ਲਿਖਿਆ ਹੈ ਕਿ ਇਹ ਵਾਰਤਾਲਾਪ ਤੇ ਗੁਰੂ ਗ੍ਰੰਥ ਨੂੰ ਗੱਦੀ ਦੇਣ ਦੀ ਘਟਨਾ ਸਤਿਗੁਰਾਂ ਦੇ ਜੋਤੀ ਜੋਤ ਸਮਾਣ ਤੋਂ ਇਕ ਦਿਨ ਪਹਿਲਾਂ ਦੀ ਹੈ।

ਇਹ ਦ੍ਰਿਸ਼ ਵੇਖ ਕੇ ਸਿੱਖ ਭੁੱਬਾਂ ਮਾਰ, ਰੁਦਨ ਕਰਨ ਲੱਗੇ। ਪਰ ਸਤਿਗੁਰਾਂ ਨੇ ਆਖਿਆ, "ਉਸ ਲਈ ਰੁਦਨ ਕਿਉਂ ਕਰਦੇ ਹੋ, ਜੋ ਆਪਣੇ ਘਰ ਜਾ ਰਿਹਾ ਹੈ!"

ਹੁਣ ਸਤਿਗੁਰੂ ਉਸ ਤੰਬੂ ਵਲ ਵਧੇ, ਜਿਥੇ ਉਨ੍ਹਾਂ ਆਪਣੀ ਚੰਦਨ-ਚਿਖਾ ਅੱਗੇ ਹੀ ਤਿਆਰ ਕਰਵਾ ਰਖੀ ਸੀ। ਸਭ ਸਿੱਖਾਂ ਨੂੰ ਹੁਕਮ ਹੋਇਆ ਕਿ ਉਹ ਤੰਬੂ ਦੇ ਬਾਹਰ ਹੀ ਠਹਿਰਣ। ਕੇਵਲ ਇਕ ਹਜ਼ੂਰੀ ਸਿੱਖ ਭਾਈ ਸੰਤੋਖ ਸਿੰਘ ਨੂੰ ਹੀ ਨਾਲ ਅੰਦਰ ਜਾਣ ਦੀ ਆਗਿਆ ਦਿਤੀ ਗਈ।

ਤੰਬੂ ਦੇ ਬਾਹਰ ਸਤਿਗੁਰੂ ਆਪਣੇ ਨੀਲੇ ਤੋਂ ਉੱਤਰ ਆਏ। ਉਸਨੂੰ ਮੁੜ ਪਿਆਰ ਕੀਤਾ ਤੇ ਆਖਰੀ ਵੇਰ ਸਿੱਖਾਂ ਨੂੰ ਆਖਿਆ, "ਮੇਰਾ ਅੰਗੀਠਾ ਨਹੀਂ ਫੋਲਣਾ। ਮੇਰੀ ਯਾਦਗਾਰ ਨਹੀਂ ਬਣਾਉਣੀ।"

ਆਪਣੀ ਚਿਖਾ ਉਪਰ ਬੈਠਦੇ ਹੀ ਸਤਿਗੁਰੂ ਸਮਾਧੀ ਇਸਥਿਤ ਹੋ ਗਏ ਤੇ ਪ੍ਰਾਣ ਪਰਮੇਸ਼ਵਰ ਦੇ ਚਰਨਾਂ ਵਿਚ ਜੋੜ ਕੇ ਜੋਤ ਨੂੰ ਜੋਤ ਵਿਚ ਰਲਾ ਦਿਤਾ।[1]

ਇਵੇਂ 42 ਵਰ੍ਹੇ ਦੀ ਭਰ-ਜੋਬਨ ਆਯੂ ਵਿਚ ਦੁਨੀਆ ਦੇ ਇਤਿਹਾਸ ਵਿਚ ਇਕ ਅਤਿ ਮਹਾਨ ਤੇ ਚਮਤਕਾਰੀ ਜੀਵਨ-ਲੀਲ੍ਹਾ ਦਾ ਅੰਤ ਹੋਇਆ। ਨੌਂ ਵਰ੍ਹੇ ਦੀ ਆਯੂ ਵਿਚ ਉਨ੍ਹਾਂ ਆਤਮਕ ਤੇ ਸੰਸਾਰਕ ਅਗਵਾਈ ਨਾ ਕੇਵਲ ਆਪਣੀ ਕੌਮ ਦੀ ਸਗੋਂ ਮਨੁੱਖ ਜਾਤੀ ਦੀ ਸੁਤੰਤਰਤਾ ਦੀ ਸੰਭਾਲ ਲਈ ਸੀ, ਜਦ ਕਿ ਇਕ ਪਾਸੇ ਆਪਣੇ ਸ਼ਰੀਕ ਤੇ ਮਸੰਦ ਤੇ ਦੂਜੇ ਪਾਸੇ ਰਾਜਪੂਤ ਪਹਾੜੀ ਰਾਜੇ ਤੇ ਮੁਗਲ ਸਾਮਰਾਜ ਉਨ੍ਹਾਂ ਨਾਲ ਟੱਕਰ ਲੈਣ ਲਈ ਵਿਉਂਤਾਂ ਗੁੰਦ ਰਹੇ ਸਨ। ਅਜੇਹੇ ਸਮੇਂ ਉਨ੍ਹਾਂ ਮਨੁੱਖ-ਜਾਤੀ ਦੀ ਆਤਮਾ ਨੂੰ ਚੁੰਬਕੀ ਮਿੱਟੀ ਵਿਚੋਂ ਮਾਨੋਂ ਉਨ੍ਹਾਂ ਫੌਲਾਦ ਦੇ ਮਰਦ-ਇਸਤ੍ਰੀ ਘੜ ਸੁਟੇ, ਚਿੜੀਆਂ ਨੂੰ ਆਸ ਤੇ ਦਲੇਰੀ ਬੰਨ੍ਹਾਈ ਕਿ ਤੁਸੀਂ ਬਾਜ਼ਾਂ ਦਾ ਟਾਕਰਾ ਕਰ ਕੇ ਉਨ੍ਹਾਂ ਨੂੰ ਚੀਰ ਸੁਟੋ। ਉਨ੍ਹਾਂ ਦੇ ਜੋਤੀ ਜੋਤ ਸਮਾਣ ਤੋਂ ਕੇਵਲ ਤਿੰਨ ਵਰ੍ਹੇ ਪਿਛੋਂ ਹੀ ਬੰਦਾ ਸਿੰਘ ਦੀ ਅਗਵਾਈ ਹੇਠ ਸਿੱਖ ਪੰਜਾਬ ਦੇ ਬਹੁਤੇ ਭਾਗ ਤੇ ਦਿੱਲੀ ਲਈ ਵੀ ਭਿਆਨਕ ਖਤਰਾ ਬਣ ਚੁੱਕੇ ਸਨ। ਇਸ ਤੋਂ ਪਿਛੋਂ ਜਿਵੇਂ ਤੀਹ ਸਾਲ ਲਈ ਜ਼ਿੰਦਗੀ ਤੇ ਮੌਤ ਦੀ ਜੱਦੋਜਹਿਦ ਉਹਨਾਂ ਕੀਤੀ, ਉਨ੍ਹਾਂ ਦੇ ਸਿਰਾਂ ਦਾ ਮੁੱਲ ਪਿਆ ਤੇ ਸਾਰੀ ਕੌਮ ਹੀ ਜੰਗਲਾਂ ਵਿਚ ਜਾ ਵਸੀ ਤੇ ਅਜੇਹਾ ਸਾਹਸ, ਬਾਹੂਬਲ, ਕੁਰਬਾਨੀ ਦਾ ਜਜ਼ਬਾ ਤੇ ਖਤਰੇ ਸਹੇੜਨ ਦੀ ਦਲੇਰੀ ਦੱਸੀ ਕਿ ਸੰਸਾਰ ਦੇ ਇਤਿਹਾਸ ਵਿਚ ਉਸ ਦਾ ਜੋੜ ਨਹੀਂ ਮਿਲਦਾ। ਉਸੇ ਸਦੀ ਦੇ ਅੰਤ ਤੀਕ

---

1. ਕਈ ਸਿੱਖ ਇਤਿਹਾਸਕਾਰ ਲਿਖਦੇ ਹਨ ਕਿ ਸਤਿਗੁਰੂ ਤੰਬੂ ਵਿਚ ਘੋੜੇ ਉਤੇ ਸਵਾਰ ਹੀ ਗਏ ਤੇ ਆਕਾਸ਼ ਨੂੰ ਉਡ ਗਏ। ਰਾਹ ਵਿਚ ਉਨ੍ਹਾਂ ਨੇ ਕਈ ਰਾਜਿਆਂ ਦੀ ਬੰਦ-ਖ਼ਲਾਸ ਕਰਵਾਈ ਜਿਨ੍ਹਾਂ ਉਨ੍ਹਾਂ ਨੂੰ ਅੱਖੀਂ ਡਿੱਠਾ। ਭਾਈ ਵੀਰ ਸਿੰਘ ਜੀ ਨੇ ਇਕ ਪੁਰਾਣਾ ਨੁਸਖਾ "ਚਤਰ ਜੁਗੀ" ਲੱਭਾ ਹੈ, ਜਿਸ ਵਿਚ ਦੱਸਿਆ ਗਿਆ ਹੈ ਕਿ ਸਤਿਗੁਰੂ ਦੇ ਫੱਟ ਮੁੜ ਟੁਟ ਜਾਣ ਤੇ ਉਹ ਇਕ ਪਹਿਰ ਰਾਤ ਰਹਿੰਦੀ ਜੋਤੀ ਜੋਤ ਸਮਾ ਗਏ ਤੇ ਸਵੇਰ ਨੂੰ ਸਿੱਖਾਂ ਨੇ ਉਨ੍ਹਾਂ ਦਾ ਅੰਤਿਮ ਸਸਕਾਰ ਕੀਤਾ। "ਗੁਰ ਸੋਭਾ" ਵਿਚ ਵੀ ਇਵੇਂ ਹੀ ਲਿਖਿਆ ਹੈ।

ਸਿੱਖ ਪੰਜਾਬ, ਕਸ਼ਮੀਰ, ਲੱਦਾਖ ਤੇ ਦਰਾ ਖੈਬਰ ਤੀਕ ਆਪਣੀ ਸਲਤਨਤ ਕਾਇਮ ਕਰ ਚੁਕੇ ਸਨ। ਇਕ ਹਜ਼ਾਰ ਵਰ੍ਹੇ ਵਿਚ ਇਹ ਪਹਿਲੀ ਵੇਰ ਸੀ ਕਿ ਹਮਲਿਆਂ ਦਾ ਰੁਖ ਪੂਰਬ ਤੋਂ ਪੱਛਮ ਨੂੰ ਮੁੜ ਚੁਕਾ ਸੀ।

ਇਹੀ ਨਹੀਂ, ਸਤਿਗੁਰਾਂ ਨੇ ਜੋ ਮਹਾਨ ਕਵਿਤਾ ਰਚੀ ਹੈ, ਉਸ ਦੀ ਵੀ ਮਿਸਾਲ ਹਿੰਦੀ ਕਵਿਤਾ ਦੇ ਇਤਿਹਾਸ ਵਿਚ ਨਹੀਂ ਮਿਲਦੀ। ਬੀਰ-ਰਸ ਦੀ ਕਵਿਤਾ, ਖਾਸ ਕਰ ਪਰਮੇਸ੍ਵਰ ਦਾ ਜੋ ਯੋਧਾ ਤੇ ਕਰੂਰ ਰੂਪ ਆਪ ਨੇ ਚਿਤ੍ਰਿਆ ਹੈ, ਉਹ ਤਾਂ ਦੁਨੀਆਂ ਦੇ ਕਾਵਯ ਦੇ ਇਤਿਹਾਸ ਵਿਚ ਆਪਣੀ ਵਿਸ਼ੇਸ਼ ਥਾਂ ਰੱਖਦਾ ਹੈ। ਸਰਬ-ਸਾਂਝ ਤੇ ਵਿਸ਼ਵ-ਏਕਤਾ ਦਾ ਜੋ ਸੁਨੇਹਾ ਆਪ ਨੇ ਦਿਤਾ ਹੈ, ਉਹ ਵੀ ਅਦੁੱਤੀ ਹੈ।

ਸਮਾਜ ਤੇ ਰਾਜਨੀਤੀ ਨੂੰ ਇਹ ਢੋਆ ਗੁਰੂ 'ਨੇ ਪੇਸ਼ ਕੀਤਾ ਕਿ ਨੀਤੀ ਧਰਮ ਦੇ ਅਧੀਨ ਚਲਣੀ ਚਾਹੀਦੀ ਹੈ, ਨਾ ਕਿ ਉਸ ਤੇ ਹਾਵੀ ਹੋ ਕੇ। ''ਜ਼ਫਰਨਾਮਾ'' ਇਸ ਦੀ ਜੀਊਂਦੀ ਮਿਸਾਲ ਹੈ। ਇਵੇਂ ਹੀ ਉਨ੍ਹਾਂ ਇਹ ਵੀ ਦੱਸਿਆ ਕਿ ਕੌਮ ਸਮੁਚੀ ਜਾਤੀ ਦੀ ਹੀ ਹੋ ਸਕਦੀ ਹੈ, ਜਿਸ ਵਿਚੋਂ ਜਾਤ, ਜਨਮ, ਪੇਸ਼ੇ, ਰੁਤਬੇ ਤੇ ਰੰਗ ਜਾਂ ਨਸਲ ਦਾ ਭਿੰਨ-ਭੇਦ ਮਿਟ ਚੁਕਾ ਹੋਵੇ, ਜਿਸ ਵਿਚ ਇਸਤ੍ਰੀ ਮਰਦ ਦੇ ਬਰਾਬਰ ਹੱਕ ਰਖਦੀ ਹੋਵੇ ਤੇ ''ਨੀਵੇਂ'' ਤੇ ''ਉਚੇ'' ਦੇ ਹੱਕ-ਹਕੂਕ ਸਾਂਵੇਂ ਤੇ ਇਕਸਾਰ ਹੋਣ। ''ਖਾਲਸਾ ਪੰਥ'' ਸਾਜ ਕੇ ਉਨ੍ਹਾਂ ਇਸ ਨੂੰ ਆਪਣੇ ਲਈ ਨਹੀਂ, ਸਗੋਂ ਸਾਰੀ ਮਨੁੱਖ-ਜਾਤੀ ਦੀ ਸੁਤੰਤਰਤਾ ਦਾ ਇਕ ਹਰਾਵਲ ਦਸਤਾ ਬਣਾਇਆ, ਜੋ ਸਭਨਾਂ ਦੀ ਭਲਾਈ ਲਈ ਸਭਨਾਂ ਦੀ ਪ੍ਰਤੀਨਿਧਤਾ ਕਰਦਾ ਸੀ।

ਇਸੇ ਸਿਧਾਂਤ ਨੂੰ ਵੇਖ ਕੇ ਪ੍ਰਸਿੱਧ ਅੰਗਰੇਜ਼ ਇਤਿਹਾਸਕਾਰ, ਆਰਨਲਡ ਟਾਇਨਬੀ ਨੇ ਆਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਲੈਨਿਨ ਦਾ ਉਪਰ ਲਿਖਿਆ ਸਿਧਾਂਤ ਉਸ ਤੋਂ ਦੋ ਸਦੀਆਂ ਪਹਿਲਾਂ ਹੀ ਖਾਲਸਾ ਸਮਾਜ ਵਿਚ ਲਾਗੂ ਕਰ ਦਿਤਾ ਸੀ। ਸਰਬੱਤ ਪੰਥ ਦੇ ਮਤੇ ਨੂੰ ''ਗੁਰ-ਮਤਾ'' ਕਰਾਰ ਦੇਣਾ ਤੇ ਆਪਣੀ ਵਡਿਆਈ ਨੂੰ ਉੱਕਾ ਮਿਟਾ ਆਪਣੇ ਆਪ ਨੂੰ ''ਪਰਮ ਪੁਰਖ ਕਾ ਦਾਸਾ'' ਆਖਣਾ ਉਨ੍ਹਾਂ ਦੀ ਹੋਰ ਦੇਣ ਸੀ, ਸਮਾਜ ਦੀ ਆਗੂ-ਸ਼੍ਰੇਣੀ ਤੇ ਸਧਾਰਣ ਲੋਕਾਂ ਦੋਹਾਂ ਨੂੰ।

ਉਹ ਲੜੇ ਹਿੰਦੂ ਪਹਾੜੀ ਰਾਜਿਆਂ ਨਾਲ ਵੀ, ਤੇ ਮੁਗਲ ਫੌਜਾਂ ਨਾਲ ਵੀ, ਪਰ ਉਨ੍ਹਾਂ ਦੀ ਸਮੁਚੀ ਬਾਣੀ ਵਿਚ ਕਿਤੇ ਵੀ ਸਿਵਾਇ ਬਾਕੀ ਧਰਮਾਂ ਦੇ ਸਤਿਕਾਰ ਦੇ ਕਿਸੇ ਵਿਤਕਰੇ ਦੀ ਭਾਵਨਾ ਨਹੀਂ ਮਿਲਦੀ! ''ਦੇਹੁਰਾ ਮਸੀਤ ਸੋਈ, ਪੂਜਾ ਔ ਨਿਮਾਜ਼ ਓਹੀ'' - ਇਹੀ ਉਨ੍ਹਾਂ ਵਾਰ ਵਾਰ ਦਹੁਰਾਇਆ। ਪਰਮੇਸ਼੍ਵਰ ਨੂੰ ਵੀ ਉਨ੍ਹਾਂ ''ਨਮਸਤੰ ਅਮਜਬੇ। ਨਮਸਤਸਤ ਅਜਬੇ'' ਆਖ ਕੇ ਉਸ ਨੂੰ ਸਰਬ-ਸਾਂਝਾ ਆਦਰਸ਼ ਬਣਾ ਦਿਤਾ।

ਪਹਿਲੀ ਵੇਰ ਸਾਡੀ ਜਾਤੀ ਨੂੰ 'ਸਮੁੱਚੇ ਮਨੁੱਖ' (Whole man) ਦਾ ਉਪਦੇਸ਼ ਦਿਤਾ ਗਿਆ। ਓਹੀ ਮਨੁੱਖ ਬ੍ਰਾਹਮਣ ਵਾਂਗ ਗਿਆਨ ਪੜ੍ਹੇ ਪੜ੍ਹਾਇਗਾ, ਓਹੀ ਖ਼ੱਤਰੀ ਵਾਂਗ ਯੁੱਧ ਲੜੇਗਾ, ਵੈਸ਼ ਵਾਂਗ ਵਿਉਪਾਰ ਕਰੇਗਾ, ਤੇ ਲੋੜ ਪੈਣ ਤੇ ਸ਼ੂਦਰ ਦੇ ਕੰਮ ਤੋਂ ਵੀ ਪਰਹੇਜ਼ ਨਹੀਂ ਕਰੇਗਾ। ਵਿਸ਼ੇਸ਼ ਖੁਰਾਕ ਤੇ ਪੁਸ਼ਾਕ ਧਾਰਮਕ ਤੇ ਆਤਮਕ

ਜੀਵਨ ਲਈ ਬੇਲੋੜੇ ਕਰ ਦਿਤੇ ਗਏ। ਕੋਈ ਕਿੱਤਾ-ਕਿਰਤ ਵੀ ਸਿੱਖ ਲਈ ਮਨ੍ਹਾਂ ਨਹੀਂ ਸੀ : ਪਰ ਸਿੱਖ ਜੋ ਕਰੇ, ਉਹ ਰੱਬ ਦੇ ਨਾਮ ਉਤੇ ਤੇ ਉਸੇ ਦਾ ਨਮਿੱਤ-ਮਾਤਰ ਹੋ ਕੇ ਕਰੇ। "ਖਾਲਸਾ ਵਾਹਿਗੁਰੂ ਦਾ ਹੈ, ਤੇ ਜਿੱਤ ਵੀ ਉਸੇ ਦੀ ਹੋਵੇਗੀ।" ਜੋ ਕਿਰਤ ਕਰਦਾ ਹੈ, ਪਰ ਵੰਡ ਕੇ ਨਹੀਂ ਖਾਂਦਾ, ਜਾਂ ਵੰਡ ਖਾ ਕੇ ਪਰਮੇਸ਼ੁਰ ਦਾ ਧਿਆਨ ਤੇ ਤਾਬਿਆਦਾਰੀ ਨਹੀਂ ਕਰਦਾ, ਜੋ ਜੀਵਨ ਵਿਚੋਂ ਸੁਆਦ ਹੀ ਇਕੱਠੇ ਕਰਦਾ ਹੈ, ਪਰ ਕੁਰਬਾਨੀ ਲਈ ਕਦੀ ਪ੍ਰੇਰਿਆ ਨਹੀਂ ਜਾਂਦਾ, ਉਸਨੇ ਸਿੱਖੀ ਦੇ ਮਾਰਗ ਨੂੰ ਸਮਝਿਆ ਨਹੀਂ। ਸਤਿਗੁਰੂ ਦੀ ਆਖਰੀ ਅਰਦਾਸ ਇਹੀ ਸੀ, ਜਿਵੇਂ ਹਰ ਸੱਚੇ ਸਿੱਖ ਦੀ ਹੁੰਦੀ ਹੈ

"ਮੇਰਾ ਮੁਝ ਮੇਂ ਕਿਛੁ ਨਹੀਂ, ਜੋ ਕਿਛੁ ਹੈ ਸੋ ਤੇਰਾ।
ਤੇਰਾ ਤੁਝ ਕੋ ਸੌਂਪ ਕੇ, ਕਿਆ ਲਾਗੇ ਮੇਰਾ।"

ਕਾਂਡ 10

ਦੁਨੀਆ ਦੇ ਇਤਿਹਾਸ ਵਿਚ
ਗੁਰੂ ਗੋਬਿੰਦ ਸਿੰਘ ਦਾ ਅਸਥਾਨ

ਹੁਣ ਜਦ ਕਿ ਇਸ ਮਹਾਨ ਵੀਰ-ਕਥਾ ਦੀ ਸਮਾਪਤੀ ਹੋ ਚੁੱਕੀ ਹੈ, ਇਹ ਯੋਗ ਹੋਵੇਗਾ ਕਿ ਅਸੀਂ ਜਿਥੋਂ ਤਕ ਸੰਭਵ ਹੋ ਸਕੇ, ਗੁਰੂ ਗੋਬਿੰਦ ਸਿੰਘ ਦਾ ਅਸਥਾਨ ਦੁਨੀਆ ਦੇ ਇਤਿਹਾਸ ਵਿਚ ਅਨੁਮਾਨ ਕਰ ਸਕੀਏ। ਉਨ੍ਹਾਂ ਦੀ ਗੁਰੂ ਨਾਨਕ ਦੇ ਸ਼ਾਂਤੀ ਪੱਥ ਤੋਂ ਵੱਖਰਾ ਫੌਜੀ ਰਾਹ ਘੜਨ ਲਈ ਆਲੋਚਨਾ ਕੀਤੀ ਗਈ ਹੈ। ਇਹ ਵੀ ਆਖਿਆ ਗਿਆ ਹੈ ਕਿ ਉਨ੍ਹਾਂ ਜਿਸ ਉੱਪਦਰਵੀ ਨਿਜ਼ਾਮ ਦੇ ਵਿਰੁੱਧ ਕ੍ਰਾਂਤੀ ਦਾ ਝੰਡਾ ਚੁਕਿਆ, ਉਸਨੂੰ ਉਖਾੜ ਸੁੱਟਣ ਵਿਚ ਉਹ ਲੱਗਭਗ ਅਸਫਲ ਰਹੇ। ਖਾਲਸਾ ਪੰਥ ਨੂੰ ਸਾਜ ਕੇ, ਕਈ ਤਰਕ ਕਰਦੇ ਹਨ, ਹਿੰਦੂਆਂ ਤੇ ਮੁਸਲਮਾਨਾਂ ਨੂੰ ਆਤਮਾ ਦੀ ਧੁਰ ਅੰਦਰਲੀ ਸਾਂਝ ਦੀ ਜਿਹੜੀ ਨੀਂਹ ਉਤੇ ਗੁਰੂ ਨਾਨਕ ਨੇ ਜੋੜਨਾ ਚਾਹਿਆ ਸੀ, ਦਸਵੇਂ ਗੁਰੂ ਨੇ ਇਕ ਦੀ ਥਾਂ ਤਿੰਨਾਂ ਧਰਮਾਂ ਵਿਚ ਵੰਡ ਦਿਤਾ। ਇਹ ਵੀ ਆਖਿਆ ਜਾਂਦਾ ਹੈ ਕਿ ਉਨ੍ਹਾਂ ਮੁਸਲਮਾਨਾਂ ਦੇ ਵਿਰੁਧ ਹਥਿਆਰ ਉਠਾਏ ਤੇ ਹਿੰਦੂਆਂ ਤੇ ਸਨਾਤਨ ਧਰਮ ਤੋਂ ਉਨ੍ਹਾਂ ਖਾਲਸਾ ਨੂੰ ਇਤਨੀ ਵਖਰੱਤਾ ਦੇ ਦਿਤੀ, ਜਿਹੜੀ ਸ਼ਾਇਦ ਗੁਰੂ ਨਾਨਕ ਦਾ ਮਨੋਰਥ ਕਦੀ ਵੀ ਨਹੀਂ ਸੀ।

ਪਰ ਅਜੇਹੀਆਂ ਨਿਰਾਰਥਕ ਦਲੀਲਾਂ ਤੇ ਤਰਕ, ਛੋਟੇ ਜਾਂ ਉਲਾਰ ਮਨਾਂ ਦੀਆਂ ਕਾਢਾਂ ਹਨ ਜੋ ਗੁਰੂ ਗੋਬਿੰਦ ਸਿੰਘ ਵਰਗੀ ਅਪਾਰ ਤੇ ਵਿਰਾਟ ਸ਼ਕਤੀ ਦਾ ਅੰਗ-ਨਖੇੜ ਕਰਨਾ ਚਾਹੁੰਦੀਆਂ ਹਨ। ਕਨਿੰਘਮ ਨੇ ਠੀਕ ਹੀ ਲਿਖਿਆ ਹੈ : "ਜੇ ਇਹ ਆਖਿਆ ਜਾਵੇ ਕਿ ਗੁਰੂ ਗੋਬਿੰਦ ਸਿੰਘ ਦੇ ਜੀਵਨ-ਆਦਰਸ਼ ਨੂੰ ਉਨ੍ਹਾਂ ਦੇ ਗੁੰਮਨਾਮ ਅੰਤ ਨੇ ਝੁਠਿਆ ਦਿਤਾ ਤਾਂ ਇਹ ਵੀ ਪੱਕਾ ਜਾਣ ਲੈਣਾ ਚਾਹੀਦਾ ਹੈ ਕਿ ਜਦ ਮੁਹੰਮਦ ਸਾਹਿਬ ਮੱਕੇ ਤੋਂ ਹਿਜਰਤ ਕਰ ਕੇ ਮਦੀਨੇ ਨੂੰ ਭੱਜ ਨਿਕਲੇ ਸਨ, ਤਾਂ ਕਿਸੇ ਅਰਬ ਦਾ ਨੇਜ਼ਾ ਉਨ੍ਹਾਂ ਦੀ ਜੀਵਨ-ਲੀਲ੍ਹਾ ਦਾ ਅੰਤ ਕਰ ਕੇ ਅਰਬ ਦੇ ਇਤਿਹਾਸ ਨੂੰ ਹੋਰ ਦਾ ਹੋਰ ਮੋੜਾ ਦੇ ਸਕਦਾ ਸੀ। ਇਲੀਅਟ ਦੇ ਮਹਾਂਕਾਵਿ ਦਾ ਪਾਤਰ, ਏਕਾਈਲਜ਼, ਸਾਲਾਂ ਬੱਧੀ ਲੜ ਕੇ ਟਰਾਏ ਨੂੰ ਅਜਿੱਤ ਛਡ ਕੇ ਸੰਸਾਰ ਤੋਂ ਚਲਾਣਾ ਕਰ ਗਿਆ ਸੀ। ਸ਼ਹਿਨਸ਼ਾਹ ਰਿਚਰਡ, ਜੋ ਪੱਛਮ ਤੇ ਪੂਰਬ ਦੋਹਾਂ ਵਿਚ ਮਹਾਨ ਗਿਣਿਆ ਜਾਂਦਾ ਹੈ, ਦੀ ਇਕੋ ਇਕ ਇੱਛਾ - ਯੂਰੋਸ਼ਲਮ ਨੂੰ

ਤੁਰਕਾਂ ਤੋਂ ਸੁਤੰਤਰ ਕਰਾਣਾ - ਪੂਰੀ ਨਾ ਹੋ ਸਕੀ ਤੇ ਉਹ ਕਾਫ਼ਰਾਂ ਦੇ ਹੱਥ ਹੀ ਉਸ ਪਵਿੱਤਰ ਈਸਾ-ਧਾਮ ਨੂੰ ਛਡ ਕੇ ਸ਼ਰਮਿੰਦਗੀ ਤੇ ਦਰਦ ਨਾਲ ਤ੍ਰਾਸਦਿਕ ਜੀਵਨ ਦਾ ਅੰਤ ਕਰ ਗਿਆ। ਸਿੱਖਾਂ ਦੇ ਅੰਤਲੇ ਗੁਰੂ ਨੂੰ ਵੀ ਆਪਣੇ ਸਾਰੇ ਆਦਰਸ਼ਾਂ ਵਿਚ ਸਫਲਤਾ ਨਹੀਂ ਹੋਈ, ਪਰ ਉਸਨੇ ਭਰਪੂਰ ਤਰੀਕੇ ਨਾਲ ਇਕ ਹਾਰੀ ਹੋਈ ਜਾਤੀ ਦੇ ਲਹੂ ਵਿਚ ਸਮਾਜਕ ਸੁਤੰਤਰਤਾ ਤੇ ਰਾਸ਼ਟਰੀ ਉੱਚਤਾ ਦੀ ਉਹ ਲਗਨ ਘੋਲ ਦਿਤੀ, ਜਿਹੜੀ ਆਤਮਕ ਪਵਿੱਤਰਤਾ ਦੀ ਸਦਾ ਸੰਗੀ ਤੇ ਸਹਾਇਕ ਹੁੰਦੀ ਹੈ ਤੇ ਜਿਸ ਦਾ ਪਰਚਾਰ ਗੁਰੂ ਨਾਨਕ ਨੇ ਕੀਤਾ ਸੀ।

"ਗੁਰੂ ਗੋਬਿੰਦ ਸਿੰਘ ਨੇ ਜੋ ਕੁਝ ਉਸ ਦੀ ਜਾਤੀ ਵਿਚ ਅਜੇ ਜੀਊਂਦਾ ਸੀ, ਉਸਨੂੰ ਆਪਣੀ ਸੁਰਗੀ ਅੱਗ ਨਾਲ ਭੜਕਾ ਦਿਤਾ। ਇਕ ਅਨੋਖੀ ਜੋਤ ਮੈਨੂੰ ਸਾਰੀ ਸਿੱਖ ਜਾਤੀ ਵਿਚੋਂ ਜਾਗਦੀ ਦਿਸਦੀ ਹੈ। ਗੁਰੂ ਗੋਬਿੰਦ ਸਿੰਘ ਨੇ ਨਾ ਕੇਵਲ ਉਨ੍ਹਾਂ ਦੇ ਮਨ ਦੀ ਹੀ ਕਾਇਆਂ-ਕਲਪ ਕਰ ਦਿਤੀ ਹੈ, ਸਗੋਂ ਉਨ੍ਹਾਂ ਦੀ ਸਰੀਰਕ ਡੀਲ-ਡੋਲ ਦੀ ਵੀ। ਇਸ ਸਮੁਚੀ ਜਾਤੀ ਦੀ ਬਾਹਰਲੀ ਸੂਰਤ ਇਵੇਂ ਹੀ ਵਟ ਗਈ ਹੈ - ਮਰਦਾਵੀਂ, ਸੁਤੰਤਰਤਾ ਤੇ ਸ਼ਾਹਾਨਾ ਠਾਠ ਵਾਲੀ - ਜਿਵੇਂ ਕਿ ਇਸ ਦੇ ਕਿਸੇ ਧਾਰਮਕ ਆਗੂ ਦੀ ਜਿਸ ਦੇ ਨੂਰਾਨੀ ਚਿਹਰੇ ਤੋਂ ਰੱਬ ਦੀ ਨੇੜਤਾ ਦਾ ਦੀਦਾਰ ਹੁੰਦਾ ਹੈ।

ਕਨਿੰਘਮ ਆਖਦਾ ਹੈ : "ਯੂਨਾਨ ਤੇ ਰੋਮ ਦੇ ਵਿਦਵਾਨਾਂ ਨੇ ਉਨ੍ਹਾਂ ਸਧਾਰਣ ਤੇ ਨਿਮਰ ਲੋਕਾਂ ਦਾ ਕਿੰਨਾ ਗਲਤ ਅਨੁਮਾਨ ਲਾਇਆ ਸੀ, ਜਿਨ੍ਹਾਂ ਈਸਾ ਦਾ ਬਪਤਿਸਮਾ ਲੈ ਕੇ ਆਪਣੇ ਵਿਚ ਇਕ ਨਵੀਂ ਆਤਮਾ ਦੇ ਪਰਵੇਸ਼ ਦਾ ਐਲਾਨ ਕੀਤਾ ਸੀ। ਉਨ੍ਹਾਂ ਜਾਤਾ, ਇਹ ਵੀ ਇਕ ਯਹੂਦੀਆਂ ਦਾ ਹੀ ਟੁੱਟਾ ਹੋਇਆ ਅੰਗ ਜਾਂ ਫ਼ਿਰਕਾ ਹੈ ਤੇ ਉਸ ਨਵੇਂ ਸਿਧਾਂਤ ਨਾਲ ਜੋ ਪਰਿਵਰਤਨ ਤੇ ਸ਼ਕਤੀ ਉਨ੍ਹਾਂ ਵਿਚ ਜਾਗੀ ਸੀ, ਇਨਸਾਫ਼ ਕਰਨ ਤੋਂ ਅਸਮਰਥ ਰਹੇ ਸਨ, ਜਿਸ ਨੇ ਮਨੁੱਖੀ ਸਭਿਅਤਾ ਨੂੰ ਇਕ ਨਵੀਂ ਪਵਿੱਤਰਤਾ ਤੇ ਸ਼ਾਨ ਬਖਸ਼ੀ ਹੈ!"

ਇਵੇਂ ਹੀ "ਪੂੰਜੀਵਾਦ" ਦੇ ਕਰਤਾ ਕਾਰਲ ਮਾਰਕਸ ਨੂੰ ਪਿਛਲੀ ਸਦੀ ਵਿਚ ਇਕ ਹਾਰਿਆ ਹੋਇਆ ਆਦਰਸ਼ਵਾਦੀ ਕਹਿ ਕੇ ਛੁਟਿਆਇਆ ਗਿਆ, ਜੋ ਆਪਣੀ ਨਿੱਜੀ ਬੇਵਸੀ ਦਾ ਬਦਲਾ ਸਮਾਜ ਤੋਂ ਚੁਕਾਣਾ ਚਾਹੁੰਦਾ ਸੀ। ਪਰ ਅੱਜ ਕੌਣ ਹੈ, ਜੋ ਉਸ ਦੇ ਸਿਧਾਂਤ ਬਾਰੇ ਚਾਹੇ ਹੱਕ ਵਿਚ ਚਾਹੇ ਵਿਰੁੱਧ ਖੜਾ ਹੋਣ ਲਈ ਮਜਬੂਰ ਨਾ ਹੋਵੇ, ਜਿਸ ਨੇ ਦੁਨੀਆ ਦੇ ਲੱਗਭਗ ਅੱਧੇ ਭਾਗ ਵਿਚ ਇਕ ਨਵੀਂ ਵੰਨਗੀ ਦੇ ਸਮਾਜ ਨੂੰ ਜਨਮ ਦਿਤਾ ਹੈ।

ਤੇ ਕੀ ਉਹ ਨਿਪਟ ਇਕ ਲਾਵਾਰਸ ਪੁੱਤਰ ਸੀ ਕਿਸੇ ਤਰਖਾਣ ਦਾ, ਇਕ ਕੰਵਾਰੀ ਮਾਂ ਦੇ ਪੇਟ ਤੋਂ ਪੈਦਾ ਹੋਇਆ, ਜਿਸ ਨੂੰ ਈਸਾ ਆਖ ਕੇ ਸੂਲੀ ਉਤੇ ਟੰਗਿਆ ਗਿਆ ਸੀ, ਕਿਉਂਕਿ ਉਸਨੇ ਇਕ ਅਜੇਹੀ ਰੱਬ ਦੀ ਬਾਦਸ਼ਾਹਤ ਦੇ ਨੰਗੇ ਦੀਦਾਰ ਕੀਤੇ ਸਨ ਜਿਹੜੇ ਉਸ ਦੇ ਵੈਰੀਆਂ ਲਈ ਮਜ਼ਾਕ ਦਾ ਕਾਰਨ ਸਨ? ਅਸਲ ਵਿਚ ਉਹ ਇਕ ਨਵੀਂ ਤਹਿਜ਼ੀਬ ਨੂੰ ਜਨਮ ਦੇ ਰਿਹਾ ਸੀ ਜਿਸ ਨੇ ਸੰਸਾਰ

ਦੇ ਇਤਿਹਾਸ ਨੂੰ ਇਕ ਨਵੀਂ ਨੁਹਾਰ ਦੇਣੀ ਸੀ। ਕੇਵਲ ਭੁਲੇਖੇ ਵਿਚ ਗ੍ਰਸੇ ਲੋਕਾਂ ਨੇ ਉਸ ਤਹਿਜ਼ੀਬ ਦੀ ਜਨਮ-ਪੀੜਾ ਨੂੰ ਇਕ ਵਿਅੱਕਤੀ ਦੀ ਨਿੱਜੀ ਵੇਦਨਾ ਨਾਲ ਜੋੜ ਦਿਤਾ।

ਅਤੇ ਮਹਾਤਮਾ ਗਾਂਧੀ ਨੇ ਜਦ ਇਸੇ ਸਦੀ ਵਿਚ ਹਥਿਆਰਾਂ ਨਾਲ ਲੈਸ ਇਕ ਸਾਮਰਾਜ ਨਾਲ ਭਰਪੂਰ ਟੱਕਰ ਲਈ, ਤੇ ਸ਼ਾਂਤਮਈ, ਨਾ-ਮਿਲਵਰਤਣ ਤੇ ਸਤਿਆਗ੍ਰਹਿ ਦੇ ਅਨੋਖੇ ਸ਼ਸਤ੍ਰ ਅਪਣਾਏ ਤੇ ਕੇਵਲ ਅਜੇਹੇ ਨਿੱਕੇ ਮੋਟੇ ਕਾਨੂੰਨਾਂ (ਲੂਣ-ਕਰ ਆਦਿ) ਦਾ ਉਲੰਘਣ ਸ਼ੁਰੂ ਕੀਤਾ, ਤਾਂ ਉਸ ਦੇ ਵਿਰੋਧੀਆਂ ਨੂੰ ਕੀ ਪਤਾ ਸੀ ਕਿ ਇਕ ਨਿੱਕੇ ਨਿਤਾਣੇ ਜਿਹੇ ਸਰੀਰ, ਪਰ ਫੌਲਾਦ ਦੀ ਆਤਮਾ ਵਾਲਾ ਇਹ ਰੱਬੀ ਬੰਦਾ ਇਕ ਮੋਈ ਹੋਈ ਜਾਤੀ ਵਿਚ ਇਕ ਨਵਾਂ ਪਰਿਵਰਤਨ ਲਿਆ ਰਿਹਾ ਹੈ।

ਗੁਰੂ ਗੋਬਿੰਦ ਸਿੰਘ ਦੇ ਸਿਧਾਂਤ ਨੇ ਵੀ ਸੰਸਾਰ ਦੀ ਸਭਿਅਤਾ ਵਿਚ ਇਕ ਭਰਪੂਰ ਤੇ ਕਰਾਮਾਤੀ ਮੋੜ ਲਿਆਂਦਾ।

ਉਨ੍ਹਾਂ ਗੁਰੂ ਨਾਨਕ ਦੇ ਧਰਮ ਦੇ ਕਿਸੇ ਵੀ ਪੱਖ ਤੋਂ ਮੂੰਹ ਨਹੀਂ ਮੋੜਿਆ। ਜੇ ਅਜੇਹਾ ਹੁੰਦਾ ਤਾਂ ਉਹ ਆਦਿ ਗ੍ਰੰਥ ਦੀ ਥਾਂ ਆਪਣੇ ਗ੍ਰੰਥ ਨੂੰ ਗੁਰ-ਗੱਦੀ ਉਤੇ ਅਸਥਾਪਨ ਕਰਦੇ। ਉਨ੍ਹਾਂ ਦੀ ਆਪਣੀ ਬਾਣੀ ਵੀ ਉਸੇ ਸਾਕਾਰ-ਨਿਰਾਕਾਰ ਬ੍ਰਹਮ ਨੂੰ ਸਮਰਪਿਤ ਹੈ, ਜਿਸ ਨੂੰ ਪਹਿਲੇ ਸਤਿਗੁਰਾਂ ਦੀ। ਉਨ੍ਹਾਂ ਨੂੰ ਹਿੰਦੂ-ਮੁਸਲਮਾਨ ਦੋਹਾਂ ਨਾਲ ਟੱਕਰ ਲੈਣੀ ਪਈ, ਪਰ ਕੀ ਦੋਵੇਂ ਹੀ ਉਨ੍ਹਾਂ ਦੇ ਨਾਲ ਹੋ ਕੇ ਵੀ ਨਹੀਂ ਸਨ ਲੜੇ? ਜੋ ਮਹਾਨ ਆਤਮਾ ਆਖਦੀ ਹੈ - "ਦੇਹੁਰਾ ਮਸੀਤ ਸੋਈ ਪੂਜਾ ਔ ਨਿਮਾਜ਼ ਓਹੀ", ਉਸ ਉਤੇ ਹਿੰਦੂ ਜਾਂ ਮੁਸਲਿਮ-ਵਿਰੋਧੀ ਹੋਣ ਦਾ ਦੋਸ਼ ਲਾਣਾ ਕਿਥੋਂ ਤੀਕ ਯੋਗ ਹੈ?

ਕੀ ਗੁਰੂ ਨਾਨਕ ਦੇਵ ਨੇ ਬਾਬਰਵਾਣੀ ਦੇ ਸ਼ਬਦਾਂ ਵਿਚ ਬਾਬਰ ਦੇ ਮੁਢੱਲੇ ਅਤਿਆਚਾਰਾਂ ਵਿਰੁਧ ਆਵਾਜ਼ ਨਹੀਂ ਸੀ ਉਠਾਈ? ਉਨ੍ਹਾਂ ਬਾਬਰ ਦੀ ਬੰਦੀ ਵੀ ਕਬੂਲ ਕੀਤੀ ਤੇ ਉਸ ਦੀ ਚੱਕੀ ਵੀ ਪੀਠੀ। ਕੀ ਗੁਰੂ ਹਰਿਗੋਬਿੰਦ ਨੇ ਸ਼ਸਤ੍ਰਾਂ ਨਾਲ ਮੁਗਲਾਂ ਦੇ ਵਿਰੁਧ ਯੁੱਧ ਨਹੀਂ ਸੀ ਕੀਤੇ? ਗੁਰੂ ਹਰਿ ਰਾਏ ਨੇ ਵੀ ਬਾਈ ਸੌ ਘੋੜ-ਚੜ੍ਹੇ ਸਦਾ ਨਾਲ ਰੱਖੇ, ਭਾਵੇਂ ਵਰਤਿਆਂ ਉਨ੍ਹਾਂ ਨੂੰ ਕਦੀ ਨਹੀਂ। ਗੁਰੂ ਨਾਨਕ ਦੇਵ ਦੇ ਸਮੇਂ ਤੋਂ ਹੀ ਗੁਰੂ ਨੂੰ "ਸੱਚਾ ਪਾਤਸ਼ਾਹ" ਆਖਿਆ ਜਾਣ ਲਗ ਪਿਆ ਸੀ। ਉਹ ਤਖਤ-ਚੌਰ ਦੇ ਮਾਲਕ ਸਨ। ਉਨ੍ਹਾਂ ਦੇ ਬਚਨਾਂ ਨੂੰ "ਹੁਕਮ" - ਪਰਮੇਸ਼ੁਰ ਦਾ ਹੁਕਮ - ਕਰ ਕੇ ਮੰਨਿਆ ਜਾਂਦਾ ਸੀ। ਜਾਤੀ-ਭੇਦ ਦੀ ਵਿਰੋਧਤਾ, ਲੰਗਰ-ਪੰਗਤ ਦੀ ਪ੍ਰਣਾਲੀ, ਇਸਤ੍ਰੀ ਨੂੰ ਮਰਦ ਦੇ ਬਰਾਬਰ ਹੱਕ ਦੇਣ ਦਾ ਆਦੇਸ਼, ਗੁਰੂ ਨਾਨਕ ਦੇ ਸਮੇਂ ਤੋਂ ਹੀ ਪਰਚਲਤ ਹੋ ਚੁੱਕਾ ਸੀ। "ਰਾਜਨੀਤੀ ਤੇ ਸਮਾਜਕ ਬਣਤਰ ਧਰਮ ਦੇ ਅਸੂਲਾਂ ਉਤੇ ਖਲ੍ਹਾਰੀ ਜਾਵੇ, ਨਾ ਕਿ ਤਾਕਤ ਤੇ ਜ਼ੋਰ-ਜਬਰ ਦੀ ਨੀਂਹ ਉਤੇ", ਇਹ ਵੀ ਗੁਰੂ ਨਾਨਕ ਦੇਵ ਦੇ ਧਰਮ ਦਾ ਮੁਖ-ਸਿਧਾਂਤ ਸੀ ਤੇ ਇਹ ਵੀ ਕਿ ਜੋ ਕੁਝ ਕੀਤਾ ਜਾਏ, ਪਰਮੇਸ਼ੁਰ ਦੇ ਨਮਿਤ-ਮਾਤਰ ਤੇ ਉਸੇ ਨੂੰ

ਆਦਰਸ਼ ਮੰਨ ਕੇ ਕੀਤਾ ਜਾਵੇ। ਗੁਰੂ ਗੋਬਿੰਦ ਸਿੰਘ ਨੇ ਵੀ ਸਦਾ ਇਨ੍ਹਾਂ ਹੀ ਸਿਧਾਂਤਾਂ ਉਤੇ ਅਮਲ ਕੀਤਾ।

ਫਿਰ ਗੁਰੂ ਗੋਬਿੰਦ ਸਿੰਘ ਜੀ ਦੀ ਵਿਸ਼ੇਸ਼ ਦੇਣ ਕੀ ਸੀ? ਇਕ ਸਮਾਜਕ ਤੇ ਰਾਜਸੀ ਪੰਥ ਨੂੰ ਜਨਮ ਦੇਣ ਵਿਚ, ਜਿਸ ਦੀ ਆਤਮਾ ਵੀ ਪੂਰੀ ਜਾਗੀ ਹੋਈ ਹੋਵੇ ਪਰ ਜੋ ਨਾਲ ਹੀ ਧਰਤੀ ਦੀ ਪੀੜਾ ਹਰਨ ਲਈ ਘਟ ਗਿਣਤੀ ਵਿਚ ਹੁੰਦਾ ਹੋਇਆ ਵੀ ਸਾਰੀ ਮਨੁੱਖ-ਜਾਤੀ ਦੀ ਪ੍ਰਤੀਨਿਧਤਾ ਕਰਦਿਆਂ, ਉਸ ਦੇ ਸੰਸਾਰਕ ਸੁਖ ਤੇ ਸੁਤੰਤਰਤਾ ਲਈ ਜੂਝਣ ਲਈ ਵੀ ਸਦਾ ਤਤਪਰ ਰਹੇ। "ਖੰਡੇ ਦੀ ਪਾਹੁਲ" ਇਸ ਪੰਥ ਨੂੰ ਦਿਤੀ ਜਾਣੀ ਸੀ ਤੇ ਅਗਨੀ-ਪ੍ਰੀਖਿਆ ਵਿਚੋਂ ਲੰਘਣ ਦੀ ਵੰਗਾਰ, ਜੋ ਹੁਣ ਤੋਂ ਅਰਪਿੰਤ ਸਰੀਰ ਦੀ ਇਕ ਪ੍ਰਮੁਖ ਵਿਸ਼ੇਸ਼ਤਾਈ ਸਮਝੀ ਜਾਣੀ ਸੀ। ਤੇ ਉਸ ਨੂੰ ਲੋਕਰਾਜੀ ਸਿਧਾਂਤਾਂ ਦੀ ਅਜੇਹੀ ਘੁਟੀ ਪਿਲਾਈ ਗਈ ਕਿ ਰਾਜਾ ਤੇ ਪਰਜਾ, ਗੁਰੂ ਤੇ ਸੇਵਕ, ਮਨੁੱਖ ਤੇ ਮਨੁੱਖ ਵਿਚ ਕਿਸੇ ਤਰ੍ਹਾਂ ਦਾ ਵੀ ਭਿੰਨ ਭੇਦ ਨਾ ਰਹਿ ਜਾਏ। ਪਰ ਉਹ ਨਾਲ ਹੀ ਰੱਬ ਨੂੰ ਆਪਣੇ ਸਾਰੇ ਕਰਮ ਦਾ ਪ੍ਰੇਰਕ ਤੇ ਆਦਰਸ਼ ਮੰਨੇ ਤੇ ਆਪਣੇ ਨਿਜ-ਸਵਾਰਥ ਜਾਂ ਹਉਮੈ ਲਈ ਕਾਰ ਉਕੀ ਨਾ ਕਰੇ। ਥੋੜ੍ਹੇ ਸ਼ਬਦਾਂ ਵਿਚ ਇਹ ਆਖਿਆ ਜਾ ਸਕਦਾ ਹੈ ਕਿ ਜਿਥੇ ਗੁਰੂ ਨਾਨਕ ਨੇ ਜੀਵਨ ਨੂੰ ਨਵੇਂ ਆਤਮਕ ਅਰਥ ਬਖ਼ਸ਼ੇ, ਉਥੇ ਗੁਰੂ ਗੋਬਿੰਦ ਸਿੰਘ ਨੇ ਮੌਤ ਨੂੰ ਇਕ ਨਵਾਂ ਆਦਰਸ਼ ਪ੍ਰਦਾਨ ਕਰ ਦਿਤਾ।

ਸੱਯਦ ਮੁਹੰਮਦ ਲਤੀਫ਼ ਨੇ ਲਿਖਿਆ ਹੈ : "ਗੁਰੂ ਗੋਬਿੰਦ ਸਿੰਘ ਯੁੱਧ-ਖੇਤਰ ਵਿਚ ਇਕ ਵਿਜੈਈ ਯੋਧਾ, ਮਸਨਿਦ ਉਤੇ ਸ਼ਹਿਨਸ਼ਾਹ, ਗੁਰੂ-ਰੂਪ ਵਿਚ ਆਤਮਕ ਗਿਆਨ ਦਾ ਦਾਤਾ ਤੇ ਖਾਲਸਾ ਦੀ ਸੰਗਤ ਵਿਚ ਇਕ ਫ਼ਕੀਰ ਸੀ!" ਤੇ ਡਾਕਟਰ ਸਰ ਗੋਕਲ ਚੰਦ ਨਾਰੰਗ ਨੇ ਠੀਕ ਹੀ ਤਾਂ ਆਖਿਆ ਹੈ ਕਿ "ਗੁਰੂ ਗੋਬਿੰਦ ਸਿੰਘ ਨੇ ਆਪਣੇ ਰਾਸ਼ਟਰ ਦੇ ਉਹ ਸਾਰੇ ਬੰਧਨ ਆਪਣੇ ਜੀਉਂਦੇ ਜੀ ਟੁੱਟਦੇ ਨਹੀਂ ਵੇਖੇ ਜਿਨ੍ਹਾਂ ਵਿਰੁਧ ਉਨ੍ਹਾਂ ਸੰਘਰਸ਼ ਕੀਤਾ, ਪਰ ਉਨ੍ਹਾਂ ਸਾਡੀ ਆਤਮਾ ਨੂੰ ਸੁਤੰਤਰ ਕਰ ਦਿਤਾ ਤੇ ਸਾਡੇ ਦਿਲਾਂ ਨੂੰ ਉੱਚਾ ਉਠਣ ਤੇ ਹਰ ਤਰ੍ਹਾਂ ਦੀ ਆਜ਼ਾਦੀ ਪ੍ਰਾਪਤ ਕਰਨ ਲਈ ਝੰਜੋੜ ਮਾਰਿਆ ਤੇ ਦਿੱਲੀ ਦੇ ਰਾਜ ਦਾ ਭੂਤ-ਭੈ ਉਨ੍ਹਾਂ ਸਾਡੀ ਜਾਤੀ ਦੇ ਮਨਾਂ ਵਿਚੋਂ ਉੱਕਾ ਮੁਕਾ ਦਿਤਾ।"

ਪ੍ਰੋਫੈਸਰ ਇੰਦੂ ਭੂਸ਼ਨ ਬੈਨਰਜੀ ਦੇ ਸ਼ਬਦ ਅਨੁਸਾਰ, "ਗੁਰੂ ਗੋਬਿੰਦ ਸਿੰਘ ਨੂੰ ਦੁਨੀਆਂ ਦੇ ਅਤਿ ਅਲੌਕਿਕ ਮਹਾਂਪੁਰਸ਼ਾਂ ਵਿਚੋਂ ਗਿਣਿਆ ਜਾਣਾ ਚਾਹੀਦਾ ਹੈ। ਉਨ੍ਹਾਂ ਦਾ ਆਦਰਸ਼ ਹੀ ਅਤਿ ਉੱਚਾ ਤੇ ਪ੍ਰਸੰਸਾ ਯੋਗ ਨਹੀਂ ਸੀ, ਸਗੋਂ ਉਨ੍ਹਾਂ ਲਈ ਘੜੇ ਉਨ੍ਹਾਂ ਦੇ ਸਾਧਨ ਵੀ ਜੋ ਇਕ ਸੰਪੂਰਣ ਸੰਪੰਨ ਆਤਮਾ ਹੀ ਵਿਚਾਰ ਤੇ ਉਸਾਰ ਸਕਦੀ ਸੀ। ਜਿਸ ਭਰਪੂਰ ਸਾਹਸ ਤੇ ਠੰਢੇ ਜਿਗਰੇ ਨਾਲ ਉਨ੍ਹਾਂ ਨੇ ਆਪਣੇ ਜੀਵਨ ਦੇ ਦੁਖਾਂ ਦਾ ਟਾਕਰਾ ਕੀਤਾ, ਉਹ ਦੀ ਆਸ ਕਿਸੇ ਮਹਾਨ ਧਾਰਮਕ ਆਗੂ ਤੋਂ ਹੀ ਰਖੀ ਜਾ ਸਕਦੀ ਸੀ। ਆਨੰਦਪੁਰ ਵਿਚੋਂ ਨਿਕਲ ਚਮਕੌਰ ਦੀ ਗੜ੍ਹੀ ਵਿਚ ਸਾਰੇ ਸਾਥੀ ਸਮੇਤ ਦੋ ਜਵਾਨ-ਬੱਚਿਆਂ ਦੇ ਸ਼ਹੀਦ ਹੋ ਚੁਕੇ ਸਨ, ਨੰਗੇ

ਪੈਰੀਂ, ਲਹੂ-ਲੁਹਾਨ, ਆਪ ਜੰਗਲਾਂ ਵਿਚੋਂ ਛੁਪ-ਲੁਕ ਕੇ ਜੀਵਨ ਬਤੀਤ ਕਰ ਰਹੇ ਸਨ ਕਿ ਉਪਰੋਂ ਆਪਣੀ ਪੂਜ ਮਾਤਾ ਤੇ ਦੋ ਮਾਸੂਮ ਬੱਚਿਆਂ ਦੀ ਸ਼ਹੀਦੀ ਦੀ ਖਬਰ ਮਿਲਦੀ ਹੈ। ਪਰ ਉਹ ਇਸ ਦੁੱਖ ਦਾ ਅਪਾਰ ਸ਼ਾਂਤੀ ਨਾਲ ਟਾਕਰਾ ਕਰਦੇ ਹਨ, ਜਿਵੇਂ ਕੁਝ ਹੋਇਆ ਹੀ ਨਹੀਂ ਹੁੰਦਾ। ਉਹ ਆਦਿ ਗ੍ਰੰਥ ਦੀ ਇਕ ਨਵੀਂ ਬੀੜ ਤਿਆਰ ਕਰਵਾਂਦੇ ਹਨ ਤੇ ਖਾਲਸਾ ਪੰਥ ਦੀ ਨੀਂਹ ਮਾਲਵੇ ਵਿਚ ਮੁੜ-ਉਸਾਰਣ ਵਿਚ ਜੁਟ ਜਾਂਦੇ ਹਨ। ਨਿਪਟ ਕੋਈ ਰਾਜਨੀਤਕ ਜਾਂ ਫੌਜੀ ਆਗੂ ਇਹ ਕਦੋਂ ਕਰ ਸਕਿਆ ਹੈ?

ਇਹ ਗੱਲ ਚੇਤੇ ਰਖਣ ਵਾਲੀ ਹੈ ਕਿ ਸ਼ਹਿਨਸ਼ਾਹ ਬਹਾਦਰ ਸ਼ਾਹ ਨੂੰ ਇਕ ਵਰ੍ਹਾ ਉਨ੍ਹਾਂ ਦੇ ਨੇੜੇ ਰਹਿਣ ਨੇ ਏਨਾ ਪ੍ਰਭਾਵਿਤ ਕੀਤਾ ਸੀ ਕਿ ਉਨ੍ਹਾਂ ਨੂੰ ਉਹ ਇਕ ਦਰਵੇਸ਼ ਵਾਂਗ ਆਦਰ ਦੇਂਦਾ ਸੀ। ਉਨ੍ਹਾਂ ਦੇ ਪਿਛੋਂ, ਉਸਨੇ ਉਨ੍ਹਾਂ ਦੀ ਚੋਖੀ ਚਲ-ਸੰਪਤੀ, ਜੋ ਕਾਨੂੰਨ ਅਨੁਸਾਰ ਰਾਜ ਨੇ ਜ਼ਬਤ ਕਰ ਲੈਣੀ ਸੀ, ਉਨ੍ਹਾਂ ਦੇ ਵਾਰਸਾਂ ਨੂੰ ਦੇ ਦਿਤੀ। ਉਨ੍ਹਾਂ ਦੇ ਜੀਵਨ ਜਾਂ ਰਚਨਾ ਵਿਚ ਕੁਝ ਵੀ ਅਜੇਹਾ ਨਹੀਂ, ਜਿਸ ਤੋਂ ਇਹ ਅਨੁਮਾਨ ਵੀ ਲੱਗੇ ਕਿ ਉਹ ਕਿਸੇ ਵਿਸ਼ੇਸ਼ ਜਾਤੀ ਦੇ ਵਿਰੋਧੀ ਸਨ। ਉਨ੍ਹਾਂ ਕੌਮ ਦੀ ਵਾਗ-ਡੋਰ ਸ਼ਖਸੀ ਗੁਰਿਆਈ ਨੂੰ ਹਟਾ ਕੇ ਸਮੁਚੇ ਪੰਥ ਦੇ ਹਵਾਲੇ ਕਰ ਦਿਤੀ ਤੇ ਕੌਮ ਨੇ ਨਵਾਬ ਕਪੂਰ ਸਿੰਘ ਤੇ ਜੱਸਾ ਸਿੰਘ ਕਲਾਲ ਵਰਗੇ ਆਗੂ ਚੁਣ ਕੇ ਗੁਰੂ ਦੇ ਇਸ ਇਤਿਹਾਸਕ ਫੈਸਲੇ ਨੂੰ ਠੀਕ ਸਿੱਧ ਕਰ ਦਿਤਾ। ਉਨ੍ਹਾਂ ਉਸ ਅਬਦਾਲੀ ਦੀ ਪਾਣੀਪਤ ਦੀ ਜਿੱਤ ਨੂੰ ਹਾਰ ਵਿਚ ਪਲਟ ਦਿਤਾ ਜਿਸ ਦੀ ਸ਼ਕਤੀ ਨੂੰ ਮਰਹੱਟੇ ਵੀ ਭੰਨ ਨਹੀਂ ਸਨ ਸਕੇ।''

ਆਸ਼ਾਵਾਦ ਦੇ ਇਸ ਮਹਾਨ ਆਗੂ ਦੀ ਪ੍ਰਤੱਖ ਤੇ ਸੂਖਮ ਦੇਣ ਨਾਲ ਵਧੀਕ ਇਨਸਾਫ਼ ਕਰਨ ਲਈ ਕਿਸੇ ਵਡੇਰੇ ਜਤਨ ਤੇ ਪ੍ਰੇਰਨਾ ਦੀ ਲੋੜ ਹੈ। ਇਥੇ ਭੰਗੂ ਰਤਨ ਸਿੰਘ ਦੇ ਸ਼ਬਦਾਂ ਨੂੰ ਹੀ ਦੋਹਰਾ ਕੇ ਬਸ ਕਰਦੇ ਹਾਂ ਜੋ ਉਨ੍ਹਾਂ ''ਪ੍ਰਾਚੀਨ ਪੰਥ ਪ੍ਰਕਾਸ਼'' ਵਿਚ ਸਤਿਗੁਰਾਂ ਦੇ ਉਦੇਸ਼ ਸੰਬੰਧੀ ਅੰਕਿਤ ਕੀਤੇ ਸਨ। ਉਨ੍ਹਾਂ ਅਨੁਸਾਰ ਗੁਰੂ ਨੇ ਖਾਲਸਾ ਪੰਥ ਇਸ ਲਈ ਸਾਜਿਆ ਸੀ ਕਿ :

''ਇਨ ਗਰੀਬ ਸਿਖਨ ਕੋ ਦੈਂ ਬਾਦਸ਼ਾਹੀ।
ਯਹ ਯਾਦ ਰਖਹਿੰ ਹਮਰੀ ਗੁਰਿਆਈ।''

ਗੁਰੂ ਗੋਬਿੰਦ ਸਿੰਘ ਸਾਹਿਬ ਦੀ ਰਚਨਾ ਵਿਚੋਂ

ਰਾਸ਼ਟਰੀ ਜੀਵਨੀਆਂ ਦੀ ਲੜੀ

ਗੁਰੂ ਗੋਬਿੰਦ ਸਿੰਘ

ਡਾ. ਗੋਪਾਲ ਸਿੰਘ



[ਅਕਾਲ ਪੁਰਖ ਦਾ ਸਰੂਪ]

ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ॥
ਅਚਲ ਮੂਰਤਿ ਅਨਭਉ ਪ੍ਰਕਾਸ, ਅਮਿਤੋਜ ਕਹਿੱਜੈ॥
ਕੋਟਿ ਇੰਦ੍ਰ ਇੰਦ੍ਰਾਣ, ਸਾਹੁ ਸਾਹਾਣਿ ਗਣਿੱਜੈ॥
ਤ੍ਰਿਭਵਣ ਮਹੀਪ ਸੁਰ ਨਰ ਅਸੁਰ, ਨੇਤ ਨੇਤ ਬਨ ਤ੍ਰਿਣ ਕਹਤ॥
ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਣਤ ਸੁਮਤਿ॥੧॥

ਨਮਸ੍ਤੰ ਅਕਾਲੇ। ਨਮਸ੍ਤੰ ਕ੍ਰਿਪਾਲੇ॥
ਨਮਸਤੰ ਅਰੂਪੇ। ਨਮਸਤੰ ਅਨੂਪੇ॥੨॥

. . . . . .

ਨਮਸਤੰ ਅਨਾਮੇ। ਨਮਸਤੰ ਅਠਾਮੇ॥੪॥
ਨਮਸਤੰ ਅਕਰਮੰ। ਨਮਸਤੰ ਅਧਰਮੰ॥

. . . . . .

ਨਮਸਤੰ ਸੁ ਏਕੈ। ਨਮਸਤੰ ਅਨੇਕੈ॥

. . . . . .

ਨਮਸਤੰ ਅਮਜਬੇ। ਨਮਸਤਸਤੁ ਅਜਬੇ॥

. . . . . .

ਨਮੋ ਕਾਲ ਕਾਲੇ। ਨਮਸਤਸਤੁ ਦਿਆਲੇ॥

. . . . . .

ਨਮੋ ਸਰਬ ਧੰਧੇ। ਨਮੋ ਸਤ ਅਬੰਧੇ॥੨੪॥

. . . . . .

ਨਮੋ ਸਰਬ ਕਰਤਾ। ਨਮੋ ਸਰਬ ਹਰਤਾ॥

. . . . . .

ਨਮੋ ਜੋਗ ਜੋਗੇ। ਨਮੋ ਭੋਗ ਭੋਗੇ॥

. . . . . .

ਨਮੋ ਚੰਦ੍ਰ ਚੰਦ੍ਰੇ। ਨਮੋ ਭਾਨ ਭਾਨੇ॥
ਨਮੋ ਗੀਤ ਗੀਤੇ। ਨਮੋ ਤਾਨ ਤਾਨੇ॥੪੭॥
ਨਮੋ ਨ੍ਰਿੱਤ ਨ੍ਰਿੱਤੇ। ਨਮੋ ਨਾਦ ਨਾਦੇ॥
ਨਮੋ ਪਾਨ ਪਾਨੇ। ਨਮੋ ਬਾਦ ਬਾਦੇ॥੪੮॥

. . . . . .

ਨਮੋ ਨਿੱਤ ਨਾਰਾਇਣੇ, ਕਰੂਰ ਕਰਮੇ॥

. . . . . .

ਨਮੋ ਸਰਬ ਰੋਗੇ। ਨਮੋ ਸਰਬ ਭੋਗੇ॥

. . . . . .

ਦੇਸ ਅਉਰ ਨ ਭੇਸ ਜਾਕਰ ਰੂਪ ਰੇਖ ਨ ਰਾਗ॥
ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥੮੦॥

. . . . . .

ਸਦਾ ਸੱਚਿਦਾ ਨੰਦ, ਸਤ੍ਰੰ ਪ੍ਰਣਾਸੀ॥

. . . . . .

ਨ ਪੋਤ੍ਰੈ, ਨ ਪੁਤ੍ਰੈ, ਨ ਸਤ੍ਰੈ ਨ ਮਿਤ੍ਰੈ॥
ਨਾ ਤਾਤੈ ਨਾ ਮਾਤੈ, ਨ ਜਾਤੈ, ਨ ਪਾਤੈ॥

. . . . . .

ਕਿ ਹੁਸਨਲ ਵਜੂ ਹੈਂ। ਤਮਾਮੁਲ ਰੁਜੂ ਹੈਂ॥

. . . . . .

ਕਿ ਜ਼ਾਹਿਰ ਜ਼ਹੂਰ ਹੈਂ। ਕਿ ਹਾਜ਼ਿਰ ਹਜ਼ੂਰ ਹੈਂ॥

. . . . . .

ਕਿ ਸਾਹਿਬ ਦਿਮਾਗ਼ ਹੈਂ। ਕਿ ਹੁਸਨੁਲ ਚਰਾਗ਼ ਹੈਂ॥
ਗ਼ਨੀਮੁਲ ਖ਼ਿਰਾਜ ਹੈਂ। ਗ਼ਰੀਬੁਲ ਨਿਵਾਜ਼ ਹੈਂ॥

. . . . . .

ਅਜਪਾ ਜਪ ਹੈਂ। ਅਥਪਾ ਥਪ ਹੈਂ॥

. . . . . .

ਨਮੋ ਅੰਧਕਾਰੇ। ਨਮੋ ਤੇਜ ਤੇਜੇ॥

. . . . . .

ਨਮੋ ਰਾਜਸੰ ਤਾਮਸੰ, ਸ਼ਾਂਤਿ ਰੂਪੇ॥
ਨਮੋ ਪਰਮ ਤੱਤੰ, ਅਤੱਤੰ ਸਰੂਪੇ॥

. . . . . .

ਦੁਕਾਲੰ ਪ੍ਰਣਾਸੀ। ਦਿਆਲੰ ਸਰੂਪੇ॥
ਸਦਾ ਅੰਗ ਸੰਗੇ। ਅਭੰਗੰ ਬਿਭੂਤੇ॥੩॥੧੯੬॥

[ਜਾਪੁ ਸਾਹਿਬ ਵਿਚੋਂ]

[ਸੰਨਿਆਸ ਕਿਹੋ ਜਿਹਾ ਹੋਵੇ?]

ਰੇ ਮਨ ਐਸੋ ਕਰ ਸੰਨਿਆਸਾ॥
ਬਨ ਸੇ ਸਦਨ ਸਬੈ ਕਰ ਸਮਝਹੁ,
ਮਨ ਹੀ ਮਾਹਿ ਉਦਾਸਾ॥1॥ਰਹਾਉ॥
ਜਤ ਕੀ ਜਟਾ ਜੋਗ ਕੋ ਮੰਜਨੁ, ਨੇਮ ਕੇ ਨਖਨ ਬਢਾਓ॥
ਗਿਆਨ ਗੁਰੂ ਆਤਮ ਉਪਦੇਸਹੁ, ਨਾਮ ਬਿਭੂਤ ਲਗਾਓ॥
ਅਲਪ ਅਹਾਰ, ਸੁਲਪ ਸੀ ਨਿੰਦ੍ਰਾ, ਦਯਾ ਛਿਮਾ ਤਨ ਪ੍ਰੀਤਿ॥
ਸੀਲ ਸੰਤੋਖ ਸਦਾ ਨਿਰਬਾਹਿਬੋ, ਹ੍ਵੈਬੋ ਤ੍ਰਿਗੁਣ ਅਤੀਤਿ॥
ਕਾਮ, ਕ੍ਰੋਧ, ਹੰਕਾਰ, ਲੋਭ, ਹਠ, ਮੋਹ ਨ ਮਨ ਸਿਉ ਲਾਵੈ॥
ਤਬ ਹੀ ਆਤਮ ਤਤ ਕੋ ਦਰਸੇ, ਪਰਮ ਪੁਰਖ ਕਹ ਪਾਵੈ।

[ਰਾਮਕਲੀ, ਪਾਤਸ਼ਾਹੀ 10, ਸ਼ਬਦ ਹਜ਼ਾਰੇ]

[ਪ੍ਰਭ ਜੂ ਤੋ ਕਹ ਲਾਜ ਹਮਾਰੀ]

ਪ੍ਰਭ ਜੂ ਤੋ ਕਹ ਲਾਜ ਹਮਾਰੀ॥
ਨੀਲ ਕੰਠ, ਨਰ ਹਰਿ, ਨਾਰਾਇਣ, ਨੀਲ ਬਸਨ ਬਨਵਾਰੀ॥
ਪਰਮ ਪੁਰਖ ਪਰਮੇਸਰ ਸੁਆਮੀ, ਪਾਵਨ ਪਉਨ ਅਹਾਰੀ॥
ਮਾਧਵ, ਮਹਾ ਜੋਤਿ, ਮਧ ਮਰਦਨ, ਮਾਨ ਮੁਕੰਦ, ਮੁਰਾਰੀ॥1॥
ਨਿਰਬਿਕਾਰ, ਨਿਰਜੁਰ, ਨਿਦ੍ਰਾ ਬਿਨੁ, ਨਿਰਬਖ, ਨਰਕ ਨਿਵਾਰੀ॥
ਕ੍ਰਿਪਾ ਸਿੰਧ, ਕਾਲ ਤ੍ਰੈ ਦਰਸੀ, ਕੁਕ੍ਰਿਤ ਪ੍ਰਾਸਨ ਕਾਰੀ॥
ਧਨੁਰਪਾਨਿ ਧ੍ਰਿਤ ਮਾਨ ਧਰਾਧਰ ਅਨ ਬਿਕਾਰ ਅਸਿਧਾਰੀ॥
ਹੌ ਮਤ ਮੰਦ ਚਰਨ ਸਰਨਾਗਤਿ, ਕਰ ਗਹਿ ਲੇਹੁ ਉਬਾਰੀ॥

[ਸੋਰਠ, ਪਾਤਸ਼ਾਹੀ 10, ਸ਼ਬਦ ਹਜ਼ਾਰੇ]

[ਹੇ ਪ੍ਰਭੂ, ਤੇਰੇ ਬਿਨਾਂ ਜੀਊਣਾ ਦੁਖਦਾਈ ਹੈ]

ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਣਾ॥
ਤੁਝ ਬਿਨੁ ਰੋਗ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦੇ ਰਹਣਾ॥
ਸੂਲ ਸੁਰਾਹੀ ਖੰਜਰ ਪਿਆਲਾ ਬਿੰਗ ਕਸਾਈਆਂ ਦਾ ਸਹਣਾ॥
ਯਾਰੜੇ ਦਾ ਸਾਨੂੰ ਸਥਰੁ ਚੰਗਾ ਭਠ ਖੇੜਿਆਂ ਦਾ ਰਹਣਾ॥

[ਖ਼ਿਆਲ ਪਾਤਸ਼ਾਹੀ 10, ਸ਼ਬਦ ਹਜ਼ਾਰੇ]

[ਸੰਸਾਰਕ ਪਦਾਰਥਾਂ ਉਤੇ ਮਾਣ ਨਾ ਕਰੋ]

ਮਾਤੇ ਮਤੰਗ, ਜਰੇ ਜਰ ਸੰਗਿ, ਅਨੂਪ ਉਤੰਗ ਸੁਰੰਗ ਸਵਾਰੇ॥
ਕੋਟਿ ਤੁਰੰਗ, ਕੁਰੰਗ ਸੇ ਕੂਦਤ, ਪਉਨ ਕੇ ਗਉਨ ਕੋ ਜਾਤ ਨਿਵਾਰੇ॥
ਭਾਰੀ ਭੁਜਾਨ ਕੇ ਭੂਪ ਭਲੀ ਬਿਧਿ, ਨਿਆਵਤ ਸੀਸ ਨ ਜਾਤ ਬਿਚਾਰੇ॥
ਏਤੇ ਭਏ ਤਉ ਕਹਾ ਭਏ ਭੂਪਤਿ, ਅੰਤ ਕੋ ਨਾਂਗੇ ਹੀ ਪਾਂਇ ਪਧਾਰੇ॥

[ਸ੍ਵੱਯੈ, ਪਾਤਸ਼ਾਹੀ 10]

[ਪ੍ਰੇਮ ਰਾਹੀਂ ਹੀ ਪ੍ਰਭੂ ਮਿਲਦਾ ਹੈ, ਪਾਖੰਡ ਨਾਲ ਨਹੀਂ]

ਕਹਾ ਭਯੋ ਜੋ ਦੋਊ ਲੋਚਨ ਮੂੰਦਿ ਕੈ,
ਬੈਠ ਰਹਿਓ ਬਕ ਧਿਆਨੁ ਲਗਾਇਓ॥
ਨ੍ਹਾਤ ਫਿਰਿਓ ਲੀਏ ਸਾਤ ਸਮੁੰਦ੍ਰਨਿ,
ਲੋਕ ਗਇਓ ਪਰਲੋਕ ਗਵਾਇਓ॥
ਬਾਸ ਕੀਓ ਬਿਖਿਆਨ ਸੋਂ ਬੈਠਿ ਕੈ,
ਐਸੇ ਹੀ ਐਸੇ ਸੁ ਬੈਸ ਬਿਤਾਇਓ॥
ਸਾਚ ਕਹੌਂ ਸੁਨ ਲੇਹੁ ਸਭੈ,
ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥

[ਸ੍ਵੱਯੇ, ਪਾਤਸ਼ਾਹੀ 10]

[ਪ੍ਰਭੂ ਸਾਡੇ ਔਗੁਣ ਵੇਖਦਾ ਹੈ, ਪਰ ਸਾਨੂੰ ਹਾਰ ਨਹੀਂ ਦੇਂਦਾ]

ਦੀਨਨ ਕੀ ਪ੍ਰਤਿਪਾਲ ਕਰੈ ਨਿਤ ਸੰਤ ਉਬਾਰ ਗਨੀਮਨ ਗਾਰੈ॥
ਪੱਛ ਪਸੂ ਨਗ ਨਾਗ ਨਰਾਧਪ ਸਰਬ ਸਮੈ ਸਭ ਕੋ ਪ੍ਰਤਿਪਾਰੈ॥

ਪੋਖਤ ਹੈ ਜਲ ਮੈ ਥਲ ਮੈ ਪਲ ਮੈ ਕਲ ਕੇ ਨਹੀਂ ਕਰਮ ਬਿਚਾਰੈ॥
ਦੀਨ ਦਇਆਲ, ਦਇਆ ਨਿਧਿ, ਦੋਖਨ ਦੇਖਤ ਹੈ, ਪਰ ਦੇਤ ਨ ਹਾਰੈ॥
[ਸ੍ਵੱਯੇ, ਪਾਤਸ਼ਾਹੀ 10]

[ਪ੍ਰਭੂ ਸਾਡਾ ਸਦਾ ਰਖਵਾਲਾ ਹੈ]

ਰੋਗਨ ਤੇ, ਅਰ ਸੋਗਨ ਤੇ, ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥
ਸਤ੍ਰੂ ਅਨੇਕ ਚਲਾਵਤ ਘਾਵ, ਤਊ ਤਨ ਏਕ ਨ ਲਾਗਨ ਪਾਵੈ॥
ਰਾਖਤ ਹੈ ਅਪਨੋ ਕਰ ਦੈਕਰ, ਪਾਪ ਸੰਬੂਹ ਨ ਭੇਟਨ ਪਾਵੈ॥
ਔਰ ਕੀ ਬਾਤ ਕਹਾ ਕਹ ਤੋ ਸੋ, ਸੁ ਪੇਟ ਹੀ ਕੇ ਪਟ ਬੀਚ ਬਚਾਵੈ॥
[ਸ੍ਵੱਯੇ, ਪਾਤਸ਼ਾਹੀ 10]

ਕਾਮ ਨ ਕ੍ਰੋਧ ਨ ਲੋਭ ਨ ਮੋਹ ਨ ਰੋਗ ਨ ਸੋਗ ਨ ਭੋਗ ਨ ਭੈ ਹੈ॥
ਦੇਹ ਬਿਹੀਨ, ਸਨੇਹ ਸਭੋ ਤਨ, ਨੇਹ ਬਿਰਕਤ ਅਗੇਹ ਅਛੈ ਹੈ॥
ਜਾਨ ਕੋ ਦੇਤ, ਅਜਾਨ ਕੋ ਦੇਤ, ਜਮੀਨ ਕੋ ਦੇਤ, ਜਮਾਨ ਕੋ ਦੈਹੈ॥
ਕਾਹੇ ਕੋ ਡੋਲਤ ਹੈ ਤੁਮਰੀ ਸੁਧ, ਸੁੰਦਰ ਸ੍ਰੀ ਪਦਮਾਪਤਿ ਲੈਹੈ॥
(ਸ੍ਵੱਯੇ, ਪਾਤਸ਼ਾਹੀ 10)

[ਪਰਮੇਸ਼ੁਰ ਕਰਮ ਕਾਂਡ ਰਾਹੀਂ ਨਹੀਂ ਪਾਇਆ ਜਾ ਸਕਦਾ]

ਖੂਕ ਮਲਹਾਰੀ ਗਜ ਗਦਹਾ ਬਿਭੂਤ ਧਾਰੀ,
ਗਿਦੂਆ ਮਸਾਨ ਬਾਸ ਕਰਿਓਈ ਕਰਤ ਹੈਂ॥
ਘੁਘੂ ਮਟਬਾਸੀ ਲਗੇ ਡੋਲਤ ਉਦਾਸੀ ਮ੍ਰਿਗ,
ਤਰਵਰ ਸਦੀਵ ਮੋਨ ਸਾਧੇ ਈ ਮਰਤ ਹੈਂ॥
ਬਿੰਦ ਕੇ ਸਧੱਯਾ ਤਾਂਹਿ ਹੀਜ ਕੀ ਬਡੱਯਾ ਦੇਤ,
ਬੰਦਰਾ ਸਦੀਵ ਪਾਂਇ ਨਾਂਗੇ ਹੀ ਫਿਰਤ ਹੈਂ॥
ਅੰਗਨਾ ਅਧੀਨ, ਕਾਮ ਕ੍ਰੋਧ ਮੈ ਪ੍ਰਬੀਨ,
ਏਕ ਗਿਆਨ ਕੇ ਬਿਹੀਨ, ਛੀਨ ਕੈਸੇ ਕੈ ਤਰਤ ਹੈਂ॥੭੧॥
ਭੂਤ ਬਨਚਾਰੀ, ਛਿਤ-ਛਉਨਾ ਸਭੈ ਦੂਧਾਧਾਰੀ,
ਪਉਨ ਕੇ ਅਹਾਰੀ ਸੁ ਭੁਜੰਗ ਜਾਨੀਅਤੁ ਹੈਂ॥
ਤ੍ਰਿਣ ਕੇ ਭਛੱਯਾ ਧਨ ਲੋਭ ਕੇ ਤਜੱਯਾ,
ਤੇ ਤੋ ਗਊਅਨ ਕੇ ਜੱਯਾ ਬ੍ਰਿਖ-ਭਯਾ ਮਾਨੀਅਤੁ ਹੈਂ।
ਨਭ ਕੇ ਉਡੱਯਾ ਤਾਹਿ ਪੰਛੀ ਕੀ ਬਡੱਯਾ ਦੇਤ,

ਬਗੁਲਾ ਬਿੜਾਲ ਬ੍ਰਿਕ ਧਿਆਨੀ ਠਾਨੀਅਤੁ ਹੈਂ।
ਜੇਤੇ ਬਡੇ ਗਿਆਨੀ ਤਿਨੋ ਜਾਨੀ ਪੈ ਬਖਾਨੀ ਨਾਹਿ,
ਐਸੇ ਨ ਪ੍ਰਪੰਚ ਮਨਿ ਭੂਲਿ ਆਨੀਅਤੁ ਹੈਂ।

[ਅਕਾਲਿ ਉਸਤਤਿ]

ਭੇਖ ਦਿਖਾਯੋ ਜਗਤ ਕੋ ਲੋਗਨ ਕੋ ਬਸਿ ਕੀਨ।
ਅੰਤ ਕਾਲ ਕਾਤੀ ਕਟਯੋ ਬਾਸ ਨਰਕ ਮੋ ਲੀਨ।

[ਬਿਚਿਤ੍ਰ ਨਾਟਕ]

ਸਿਜਦੇ ਕਰੇ ਅਨੇਕ ਤੋਪਚੀ ਕਪਟ ਭੇਸ,
ਪੋਸਤੀ ਅਨੇਕ ਦਾ ਨਿਵਾਵਤ ਹੈਂ ਸੀਸ ਕੋ।

. . . . . .

ਪੰਚ ਬਾਰ ਗੀਦਰ ਪੁਕਾਰੇ ਪਰੇ ਸੀਤ ਕਾਲ,
ਕੁੰਚਰ ਅਉ ਗਦਹਾ ਅਨੇਕ ਦਾ ਪੁਕਾਰ ਹੀ।

. . . . . .

ਤਾਪ ਕੇ ਸਹੇ ਤੇ ਜੋ ਪੈ ਪਾਈਐ ਅਤਾਪ ਨਾਥ,
ਤਾਪਨਾ ਅਨੇਕ ਤਨ ਘਾਇਲ ਸਹਤ ਹੈਂ।
ਜਾਪ ਕੇ ਕੀਏ ਤੇ ਜੋ ਪੈ ਪਾਯਤ ਅਜਾਪ ਦੇਵ,
ਪੂਦਨਾ ਸਦੀਵ ਤੁਹੀ, ਤੁਹੀ ਉਚਰਤ ਹੈਂ।

[ਅਕਾਲਿ ਉਸਤਤਿ]

[ਮਨੁੱਖ ਦੀ ਜਾਤ ਨੂੰ ਇਕੋ ਪਛਾਣੋ]

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ,
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ।
ਹਿੰਦੂ ਤੁਰਕ ਕੋਊ ਰਾਫ਼ਿਜ਼ੀ ਇਮਾਮ ਸ਼ਾਫ਼ੀ,
ਮਾਨੁਸ ਕੀ ਜਾਤਿ ਸਬੈ ਏਕੈ ਪਹਚਾਨਬੋ।
ਕਰਤਾ ਕਰੀਮ ਸੋਈ ਰਾਜ਼ਿਕ ਰਹੀਮ ਓਈ,
ਦੂਸਰੋ ਨ ਭੇਦ ਕੋਈ ਭੂਲਿ ਭ੍ਰਮ ਮਾਨਬੋ।
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ,
ਏਕ ਹੀ ਸਰੂਪ ਸਬੈ ਏਕੈ ਜੋਤਿ ਜਾਨਬੋ॥੮੫॥

. . . . . .

ਦੇਹੁਰਾ ਮਸੀਤ ਸੋਈ, ਪੂਜਾ ਔ ਨਿਵਾਜ਼ ਓਈ,
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ।
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ,
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ।
ਏਕੈ ਨੈਨ, ਏਕੈ ਕਾਨ, ਏਕੈ ਦੇਹ, ਏਕੈ ਬਾਨ,
ਖ਼ਾਕ, ਬਾਦ, ਆਤਿਸ਼ ਔ ਆਬ ਕੋ ਰਲਾਉ ਹੈ।
ਅੱਲਹ ਅਭੇਖ ਸੋਈ, ਪੁਰਾਨ ਅਉ ਕੁਰਾਨ ਓਈ,
ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ॥੮੬॥
ਜੈਸੇ ਏਕ ਆਗ ਤੇ ਕਨੂਕਾ ਕੋਟਿ ਆਗ ਉਠੈਂ,
ਨਿਆਰੇ ਨਿਆਰੇ ਹੁਇਕੈ ਫੇਰਿ ਆਗ ਮੈ ਮਿਲਾਹਿੰਗੇ।
ਜੈਸੇ ਏਕ ਧੂਰਿ ਤੇ ਅਨੇਕ ਧੂਰਿ ਪੂਰਤ ਹੈਂ,
ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ।
ਜੈਸੇ ਏਕ ਨਦ ਤੇ ਤਰੰਗ ਕੋਟਿ ਉਪਜਤ ਹੈਂ,
ਪਾਨਿ ਕੇ ਤਰੰਗ ਸਬੈ ਪਾਨਿ ਹੀ ਕਹਾਹਿੰਗੇ।
ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ,
ਤਾਂ ਹੀ ਤੇ ਉਪਜਿ, ਸਬੈ ਤਾਂਹੀ ਮੈ ਸਮਾਹਿੰਗੇ।

[ਅਕਾਲਿ ਉਸਤਤਿ]

[ਕਾਲ ਤੋਂ ਨਾ ਡਰੋ]

ਜੋ ਕਹੂੰ ਕਾਲ ਤੇ ਭਾਜ ਕੇ ਬਾਚੀਅਤ,
ਤੋਕਿਹ ਕੁੰਟ ਕਹੋ ਭਜਿ ਜਈਯੈ।
ਆਗੇ ਹੂੰ ਕਾਲਧਰੇ ਅਸਿ ਗਾਜਤ,
ਛਾਜਤ ਹੈ ਜਿਹ ਤੇ ਨਸਿ ਅਈਯੈ।
ਐਸੋ ਨ ਕੈ ਗਯੋ ਕੋਈ ਸੁ ਦਾਵ, ਰੇ,
ਜਾਂਹਿ ਉਪਾਵ ਸੋ ਘਾਵ ਬਚਈਯੈ।
ਜਾਤੇ ਨ ਛੂਟੀਐ ਮੂੜ ਕਹੂ,
ਹਸਿ ਤਾਕੀ ਨ ਕਿਉ ਸਰਣਾਗਤਿ ਜਈਯੈ॥੯੬॥

[ਬਿਚਿਤ੍ਰ ਨਾਟਕ]

[ਗੁਰੂ ਤੇਗ਼ ਬਹਾਦੁਰ ਦੀ ਸ਼ਹੀਦੀ ਸੰਬੰਧੀ]

ਤਿਲਕ-ਜੰਞੂ ਰਾਖਾ ਪ੍ਰਭੁ ਤਾਕਾ।
ਕੀਨੋ ਬਡੋ ਕਲੂ ਮਹਿ ਸਾਕਾ।
ਸਾਧਨ ਹੇਤਿ ਇਤੀ ਜਿਨਿ ਕਰੀ।
ਸੀਸੁ ਦੀਯਾ ਪਰੁ 'ਸੀ' ਨ ਉਚਰੀ।
ਧਰਮ ਹੇਤ ਸਾਕਾ ਜਿਨਿ ਕੀਆ।
ਸੀਸੁ ਦੀਆ ਪਰੁ ਸਿਰਰੁ ਨ ਦੀਆ।

. . . . . .

ਠੀਕਰ ਫੋਰਿ ਦਿਲੀਸ ਸਿਰਿ,
ਪ੍ਰਭੁਪੁਰਿ ਕੀਯਾ ਪਯਾਨ।
ਤੇਗਬਹਾਦੁਰ ਸੀ ਕ੍ਰਿਆ,
ਕਰੀ ਨ ਕਿਨਹੂੰ ਆਨਿ।

[ਬਿਚਿਤ੍ਰ ਨਾਟਕ]

[ਆਪਣੀ ਕਥਾ]

ਅਬ ਮੈਂ ਅਪਨੀ ਕਥਾ ਬਖਾਨੋ।
ਤਪ ਸਾਧਤ ਜਿਹ ਬਿਧਿ ਮੁਹਿ ਆਨੋ।
ਹੇਮ ਕੁੰਟ ਪਰਬਤ ਹੈ ਜਹਾਂ,
ਸਪਤ ਸ੍ਰਿੰਗ ਸੋਭਿਤ ਹੈ ਤਹਾਂ॥੧॥
ਸਪਤਸ੍ਰਿੰਗ ਤਿਹ ਨਾਮੁ ਕਹਾਵਾ।
ਪੰਡੁ ਰਾਜ ਜੋਗੁ ਕਮਾਵਾ।
ਤਹ ਹਮ ਅਧਿਕ ਤਪੱਸਿਆ ਸਾਧੀ।
ਮਹਾਂਕਾਲ-ਕਾਲਕਾ ਅਰਾਧੀ॥੨॥
ਇਹ ਬਿਧਿ ਕਰਤ ਤਪੱਸਿਆ ਭਯੋ,
ਦ੍ਵੈ ਤੇ ਏਕ ਰੂਪ ਹ੍ਵੈ ਗਯੋ।

. . . . . .

ਤਿਨ ਪ੍ਰਭੁ ਜਬ ਆਇਸੁ ਮੁਹਿ ਦੀਆ।
ਤਬ ਹਮ ਜਨਮ ਕਲੂ ਮਹਿ ਲੀਆ॥੪॥

ਚਿਤ ਨ ਭਯੋ ਹਮਰੋ ਆਵਨ ਕਹ।
ਚੁਭੀ ਰਹੀ ਸ੍ਰਤਿ ਪ੍ਰਭੁ ਚਰਨਨ ਮਹਿ।
ਜਿਉ ਤਿਉ ਪ੍ਰਭ ਹਮ ਕੋ ਸਮਝਾਯੋ।
ਇਮ ਕਹਿ ਕੈ ਇਹ ਲੋਕਿ ਪਠਾਯੋ।।੫।।
ਜਬ ਪਹਿਲੇ ਹਮ ਸ੍ਰਿਸਟਿ ਬਨਾਈ।
ਦਈਤ ਰਚੇ ਦੁਸਟ ਦੁਖ ਦਾਈ।
ਤੇ ਭੁਜ ਬਲ ਬਵਰੇ ਹ੍ਵੈ ਗਏ।
ਪੂਜਤ ਪਰਮ ਪੁਰਖ ਰਹਿ ਗਏ।।੬।।
ਤੇ ਹਮ ਤਮਕਿ ਤਨਿਕ ਮੋ ਖਾਪੇ।
ਤਿਨ ਕੀ ਠਉਰ ਦੇਵਤਾ ਥਾਪੇ।
ਤੇ ਭੀ ਬਲ ਪੂਜਾ ਉਰਝਾਏ।
ਆਪਨ ਹੀ ਪਰਮੇਸੁਰ ਕਹਾਏ।।੭।।

. . . . . .

ਤਬ ਹਰਿ ਸਿੱਧ ਸਾਧ ਠਹਿਰਾਏ।
ਤਿਨ ਭੀ ਪਰਮ ਪੁਰਖੁ ਨਹਿ ਪਾਏ।
ਜੋ ਕੋਈ ਹੋਤਿ ਭਯੋ ਜਗਿ ਸਿਆਨਾ।
ਤਿਨ ਤਿਨ ਅਪਨੋ ਪੰਥੁ ਚਲਾਨਾ।।੧੪।।
ਪਰਮਪੁਰਖੁ ਕਿਨ ਹੂੰ ਨਹ ਪਾਯੋ।
ਬੈਰ ਬਾਦ ਹੰਕਾਰ ਬਢਾਯੋ।
ਪੇਡ ਪਾਤ ਆਪਨ ਤੇ ਜਲੈ।
ਪ੍ਰਭ ਕੈ ਪੰਥ ਨ ਕੋਊ ਚਲੈ।

[ਬਿਚਿਤ੍ਰ ਨਾਟਕ]

[ਤਦ ਪਰਮੇਸ਼ੂਰ ਨੇ ਮੈਨੂੰ ਆਪਣਾ ਪੁੱਤ੍ਰ ਸਾਜ ਕੇ ਸੰਸਾਰ ਵਿਚ ਘਲਿਆ]

ਮੈਂ ਅਪਨਾ ਸੁਤ ਤੋਹਿ ਨਿਵਾਜਾ।
ਪੰਥੁ ਪ੍ਰਚੁਰ ਕਰਬੇ ਕਹ ਸਾਜਾ।

ਜਾਹਿ ਤਹਾਂ ਤੈਂ ਧਰਮੁ ਚਲਾਇ॥੨੯॥
ਕਬੁਧਿ ਕਰਨ ਤੇ ਲੋਕ ਹਟਾਇ।''
ਠਾਢ ਭਯੋ ਮੈਂ ਜੋਰਿ ਕਰਿ ਬਚਨ ਕਹਾ ਸਿਰ ਨਯਾਇ।
ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ॥੩੦॥

[ਬਿਚਿਤ੍ਰ ਨਾਟਕ]

[ਪਰ ਮੈਂ ਪਰਮੇਸ਼ੂਰ ਨਹੀਂ]

ਜੇ ਹਮ ਕੋ ਪਰਮੇਸੁਰ ਉਚਰਿ ਹੈਂ।
ਤੇ ਸਭ ਨਰਕਿ ਕੁੰਡ ਮਹਿ ਪਰ ਹੈਂ।
ਮੈਂ ਹੋਂ ਪਰਮ ਪੁਰਖ ਕੋ ਦਾਸਾ।
ਦੇਖਨਿ ਆਯੋ ਜਗਤ ਤਮਾਸਾ।

[ਬਿਚਿਤ੍ਰ ਨਾਟਕ]

[ਮੇਰਾ ਧਰਮ]

ਕਹਯੋ ਪ੍ਰਭੁ ਸੁ ਭਾਖਿ ਹੋਂ।
ਕਿਸੂ ਨ ਕਾਨ ਰਾਖਿ ਹੋਂ।
ਕਿਸੂ ਨ ਭੇਖ ਭੀਜ ਹੋਂ।
ਅਲੇਖ ਬੀਜ ਬੀਜ ਹੋਂ॥੩੪॥
ਪਖਾਣ ਪੂਜਿ ਹੋ ਨਹੀਂ।
ਨ ਭੇਖ ਭੀਜ ਹੋ ਕਹੀਂ।
ਅਨੰਤ ਨਾਮੁ ਗਾਇ ਹੋਂ।
ਪੱਰਮ ਪੁਰਖ ਪਾਇ ਹੋਂ॥੩੫॥

. . . . . .

ਭਜੋਂ ਸੁ ਏਕੁ ਨਾਮਯੰ।
ਜੁ ਕਾਮ ਸਰਬ ਠਾਮਯੰ।
ਨ ਜਾਪ ਆਨ ਕੋ ਜਪੋਂ।
ਨ ਅਉਰ ਥਾਪਨਾ ਥਪੋਂ॥੩੭॥

. . . . . .

ਹਮ ਇਹ ਕਾਜ ਜਗਤ ਮੋ ਆਏ।
ਧਰਮ ਹੇਤ ਗੁਰਦੇਵਿ ਪਠਾਏ।
ਜਹਾਂ ਤਹਾਂ ਤੁਮ ਧਰਮ ਬਿਥਾਰੋ।
ਦੁਸਟ ਦੋਖੀਜਨਿ ਪਕਰਿ ਪਛਾਰੋ॥੪੨॥
ਯਾਹੀ ਕਾਜ ਧਰਾ ਹਮ ਜਨਮੰ।
ਸਮਝ ਲੇਹੁ ਸਾਧੂ ਸਭ ਮਨਮੰ।
ਧਰਮ ਚਲਾਵਨ ਸੰਤ ਉਬਾਰਨ।
ਦੁਸ਼ਟ ਸਭਨ ਕੋ ਮੂਲ ਉਪਾਰਿਨ॥੪੩॥

[ਬਿਚਿਤ੍ਰ ਨਾਟਕ]

[ਜੋ ਰੱਬ ਵਲ ਨਹੀਂ ਤੁਰਦਾ, ਉਸਨੂੰ ਰੱਬ ਰਾਜ-ਦੰਡ ਦਿਵਾਂਦਾ ਹੈ]

ਬਾਬੇ ਕੇ ਬਾਬਰ ਕੇ ਦੋਊ।
ਆਪ ਕਰੇ ਪਰਮੇਸਰ ਸੋਊ।
ਦੀਨਸ਼ਾਹ ਇਨ ਕੋ ਪਹਿਚਾਨੋ।
ਦੁਨੀਪੱਤਿ ਉਨ ਕੋ ਅਨੁਮਾਨੋ॥੯॥
ਜੋ ਬਾਬੇ ਕੇ ਦਾਮ ਨ ਦੈ ਹੈ।
ਤਿਨ ਤੇ ਗਹਿ ਬਾਬਰ ਕੇ ਲੈ ਹੈਂ।

[ਬਿਚਿਤ੍ਰ ਨਾਟਕ]

[ਚੰਡੀ ਦੀ ਵਾਰ]

(ਭਾਵ ਦੁਰਗਾ ਤੇ ਦੈਂਤਾਂ ਦੀ ਲੜਾਈ ਦਾ ਵਰਣਨ)
ਖੰਡਾ ਪ੍ਰਥਮਿ ਮਨਾਇਕੈ ਜਿਨ ਸਭ ਸੈਸਾਰ ਉਪਾਇਆ।
ਬ੍ਰਹਮਾ ਬਿਸ਼ਨੁ ਮਹੇਸ਼ ਸਾਜਿ ਕੁਦਰਤਿ ਦਾ ਖੇਲੁ ਬਣਾਇਆ।

. . . . . .

ਇਕਤ ਦਿਹਾੜੈ ਆਈ ਨ੍ਹਾਵਣ ਦੁਰਗ ਸ਼ਾਹ।
ਦੇਵੀ ਬ੍ਰਿਥਾ ਸੁਣਾਈ ਆਪਣੇ ਹਾਲ ਦੀ –
ਛੀਨਿ ਲਈ ਠਕੁਰਾਈ ਸਾਤੇਂ ਦਾਨਵੀਂ।
ਲੋਕੀਂ ਤਿਹੀਂ ਫਿਰਾਈ ਦੋਹੀ ਆਪਣੀ।
ਬੈਠੇ ਵਾਇ ਵਧਾਈ ਤੇ ਅਮਰਾਵਤੀ।
ਦਿੱਤੇ ਦੇਵ ਭਜਾਈ ਸਭਨਾਂ ਰਾਕਸ਼ਾਂ।

ਕਿਨੈ ਨਾ ਜਿਤਿਆ ਜਾਈ ਮਹਿਖੇ ਦੈਂਤ ਨੂੰ,
ਤੇਰੀ ਸਾਮ ਤਕਾਈ ਦੇਵੀ ਦੁਰਗਸ਼ਾਹ।।੪।।
ਦੁਰਗਾ ਬੈਣ ਸੁਣੰਦੀ ਹੱਸੀ ਹੜ ਹੜਾਇ।
ਓਹੀ ਸੀਂਹੁ ਬੁਲਾਇਆ ਰਾਕਸ਼ ਭੱਖਣਾ।

. . . . . .

ਦੁਹਾਂ ਕੰਧਾਰਾਂ ਮੁੰਹ ਜੁੜੇ, ਢੋਲ ਸੰਖ ਨਗਾਰੇ ਬੱਜੇ।
ਰਾਕਸ ਆਏ ਰੋਹਲੇ ਤਰਵਾਰੀਂ ਬਖਤਰ ਸੱਜੇ।
ਜੁੱਟੇ ਸਉਹੇਂ ਜੁੱਧ ਨੋਂ, ਇਕ ਜਾਤਿ ਨ ਜਾਣਨਿ ਭੱਜੇ।
ਖੇਤ ਅੰਦਰਿ ਜੋਧੇ ਗੱਜੇ।।੭।।
ਜੰਗ ਮੁਸਾਫ਼ਾ ਬੱਜਿਆ, ਰਣ ਘੁਰੇ ਨਗਾਰੇ ਚਾਵਲੇ।
ਝੂਲਨਿ ਨੇਜੇ ਬੈਰਕਾਂ, ਨੀਸਾਣ ਝੁਲੇ ਲਸਾਵਲੇ।
ਢੋਲ ਨਗਾਰੇ ਪਉਣਦੇ, ਊਂਘਨ ਜਾਣੁ ਜਟਾਵਲੇ।
ਦੁਰਗਾ ਦਾਨੋਂ ਰਣਿ ਡਹੇ, ਖੇਤ ਵੱਜਨਿ ਨਾਦ ਭੀਹਾਵਲੇ।
ਇਕ ਬੀਰ ਪ੍ਰੋਤੇ ਬ੍ਰਛੀਏ, ਜਣੁ ਡਾਲ ਚਮੁੱਟੇ ਆਵਲੇ।
ਇੱਕ ਵੱਢੇ ਤੇਗੀਂ ਤੜਫੀਅਨ, ਮਦ ਪੀਤੇ ਲੋਟਨਿ ਬਾਵਲੇ।
ਇਕ ਚੁਣਿ ਝਾੜਹੁ ਕੱਢੀਅਨੁ, ਰੇਤ ਵਿਚੋਂ ਸੋਇਨਾ ਡਾਵਲੇ।
ਗਦਾ ਤ੍ਰਿਸੂਲਾਂ ਸੈਹੱਥੀਆਂ, ਤੀਰ ਵੱਗਨਿ ਖਰੇ ਉਤਾਵਲੇ।
ਜਣੁ ਡਸੇ ਭੁਯੰਗਮ ਸਾਂਵਲੇ, ਮਰਿ ਜਾਵਨਿ ਬੀਰ ਰੋਹਾਵਲੇ।
ਵੇਖਣ ਚੰਡਿ ਪ੍ਰਚੰਡ ਨੋਂ, ਰਣਿ ਘੁਰੇ ਨਗਾਰੇ।
ਧਾਏ ਰਾਕਸ ਰੋਹਲੇ ਚਉਗਿਰਦੇ ਭਾਰੇ।

. . . . . .

ਚੋਟ ਦਮਾਮੇ ਪਈ, ਦਲਾਂ ਮੁਕਾਬਲਾ।
ਦੇਵੀ ਦਸਤਿ ਨਚਾਈ, ਸੀਹਣਿ ਸਾਰ ਦੀ।
ਪੇਟਿ ਮਿਲੰਦੇ ਲਾਈ, ਮਹਿਖੇ ਦੈਂਤ ਨੋ।
ਗੁਰਦੇ ਆਂਦਾਂ ਖਾਈ, ਨਾਲੇ ਰੁੱਕੜੇ।

. . . . . .

ਚੋਟਾਂ ਪਵਨਿ ਨਗਾਰੀਂ ਅਣੀਆਂ ਜੁੱਟੀਆਂ।
ਧੂਹਿ ਲਈਆਂ ਤਰਵਾਰੀਂ, ਦੇਵਾਂ ਦਾਨਵਾਂ।
ਵਾਹਿਨਿ ਵਾਰੋ ਵਾਰੀ, ਸੂਰੇ ਸੰਘਰੇ।
ਵੱਗੇ ਰਤੁ ਝੁਲਾਰੀ, ਜਿਉਂ ਗੇਰੂ ਬਾਂਬੁਤ੍ਰਾ।

. . . . . .

ਲੱਖ ਨਗਾਰੇ ਵੱਜਨਿ, ਆਹਮੋਂ ਸਾਹਮਣੇ।
ਰਾਕਸ ਰਣਹੁ ਨ ਭੱਜਨਿ, ਰੋਹੇ ਰੋਹਲੇ।
ਸੀਹਾਂ ਵਾਂਗੂੰ ਗੱਜਨ ਸੱਭੇ ਸੂਰਮੇ।
ਤਣਿ ਤਣਿ ਕੈਬਰ ਛੱਡਨਿ, ਦੁਰਗਾ ਸਾਮ੍ਹਣੇ।

. . . . . .

ਘੁਰੇ ਨਗਾਰੇ ਡੋਹਰੇ, ਰਣਿ ਸੰਗਲੀਆਲੇ।
ਧੂੜਿ ਲਪੇਟੇ ਧੂਹਰੇ ਸਰਦਾਰ ਜਟਾਲੇ।
ਉੱਖਲੀਆਂ ਨਾਸਾਂ ਜਿਨ੍ਹਾਂ ਮੁਹਿੰ ਜਾਪਨ ਆਲੇ।
ਧਾਏ ਦੇਵੀ ਸਾਮ੍ਹਣੇ, ਵਡ ਮੁੱਛਲੀਆਲੇ।
ਸੁਰਪਤਿ ਜੇਹੇ ਲੜਿ ਹਟੇ, ਬੀਰ ਟਲੇ ਨ ਟਾਲੇ।
ਗੱਜੇ ਦੁਰਗਾ ਘੇਰਿ ਕੇ, ਜਣੁ ਘਣੀਅਰੁ ਕਾਲੇ।।੧੩।।

. . . . . .

ਉੱਮਲ ਲੱਥੇ ਜੋਧੇ, ਮਾਰੂ ਵੱਜਿਆ।
ਬੱਦਲ ਜਿਉਂ ਮਹਿਖਾਸੁਰ, ਰਣ ਵਿਚ ਗੱਜਿਆ।

. . . . . .

ਸੱਟ ਪਈ ਜਮਧਾਣੀ ਦਲਾਂ ਮੁਕਾਬਲਾ।
ਧੂਹਿ ਲਈ ਕਿਰਪਾਣੀ ਦੁਰਗਾ ਮਿਆਨ ਤੇ।
ਚੰਡੀ ਰਾਕਸ਼ ਖਾਣੀ ਵਾਹੀ ਦੈਂਤ ਨੋਂ।
ਕੋਪਰ ਚੂਰਿ ਚੁਵਾਣੀ ਲੱਥੀ ਕਰਗ ਲੈ।
ਪਾਖਰ ਤੁਰਾ ਪਲਾਣੀ ਰੜਕੀ ਧਰਤਿ ਜਾਇ।
ਲੈਂਦੀ ਅਘਾਂ ਸਿਧਾਣੀ ਸਿੰਗਾਂ ਧਉਲਦਿਆਂ।
ਕੂਰਮ ਸਿਰ ਲਹਿਲਾਣੀ ਦੁਸ਼ਮਨ ਮਾਰ ਕੈ।
ਵੱਢੇ ਗੰਨ ਤਿਖਾਣੀ ਮੂਏ ਖੇਤ ਵਿਚ।
ਰਣ ਵਿਚ ਘਤੀ ਘਾਣੀ ਲੋਹੂ ਮਿੱਝ ਦੀ।
ਚਾਰੇ ਜੁਗ ਕਹਾਣੀ ਚੱਲਗਿ ਤੇਗ ਦੀ।

[ਵਾਰ ਸ੍ਰੀ ਭਗਉਤੀ ਜੀ ਕੀ]

[ਮੈਂ ਸਿਵਾਏ ਪ੍ਰਭੂ ਦੇ ਦੇਵੀ-ਦੇਵਤੇ ਵਿਚ ਵਿਸ਼ਵਾਸ ਨਹੀਂ ਕਰਦਾ]

ਮੈਂ ਨ ਗਨੇਸਹਿ ਪ੍ਰਿਥਮ ਮਨਾਊਂ।
ਕਿਸਨ ਬਿਸਨ ਕਬਹੂੰ ਨਹਿ ਧਿਆਊਂ।
ਕਾਨ ਸੁਨੇ ਪਹਿਚਾਨ ਨ ਤਿਨਸੋਂ।
ਲਿਵ ਲਾਗੀ ਮੋਰੀ ਪਗ ਇਨਸੋਂ।

[ਦੇਗ ਤੇ ਤੇਗ ਦੋਵੇਂ ਸੰਸਾਰ ਵਿਚ ਚਲਾਣਾ ਮੇਰਾ ਧਰਮ ਹੈ]

ਦੇਗ ਤੇਗ ਜਗ ਮੈ ਦੋਊ ਚਲੈ।
ਰਾਖ ਆਪ ਮੁਹਿ ਅਵਰ ਨਾ ਦਲੈ।

[ਮਨੁੱਖ ਨੂੰ ਧਰਮ-ਯੁਧ ਦਾ ਚਾਉ ਰਹਿਣਾ ਚਾਹੀਦਾ ਹੈ]

ਧੰਨ ਜੀਓ ਤਿਹ ਕੋ ਜਗ ਮੈਂ,
ਮੁਖ ਤੇ ਹਰਿ ਚਿੱਤ ਮੈ ਜੁੱਧ ਬਿਚਾਰੈ।[1]
ਦੇਹ ਅਨਿੱਤ ਨਾ ਨਿੱਤ ਰਹੈ,
ਜਸੁ ਨਾਵ ਚੜੈ ਭਵਸਾਗਰ ਤਾਰੈ।
ਧੀਰਜ ਧਾਮ ਬਨਾਇ ਇਹੈ ਤਨ,
ਬੁੱਧਿ ਸੁ ਦੀਪਕ ਜਿਉ ਉਜੀਆਰੈ।
ਗਆਨਹਿ ਕੀ ਬਢਨੀ ਮਨੋ ਹਾਥ ਲੈ,
ਕਾਤਰਤਾ ਕੁਤਵਾਰ ਬੁਹਾਰੈ।

[ਖਾਲਸਾ ਕੌਣ ਹੈ]

ਜਾਗਤ ਜੋਤ ਜਪੈ ਨਿਸ ਬਾਸੁਰ,
ਏਕ ਬਿਨਾ ਮਨ ਨੈਕ ਨ ਆਨੈ।
ਪੂਰਨ ਪ੍ਰੇਮ ਪ੍ਰਤੀਤ ਸਜੈ,
ਬ੍ਰਤ ਗੋਰ ਮੜ੍ਹੀ ਮਟ ਭੂਲ ਨਾ ਮਾਨੈ।
ਤੀਰਥ, ਦਾਨ, ਦਇਆ, ਤਪ, ਸੰਜਮ,
ਏਕ ਬਿਨਾ ਨਹ ਏਕ ਪਛਾਨੈ।
ਪੂਰਨ ਜੋਤਿ ਜਗੈ ਘਟ ਮੈ
ਤਬ ਖਾਲਸ ਤਾਹਿ ਨਖਾਲਸ ਜਾਨੈ।

(ਦਸਮ ਗ੍ਰੰਥ, ਪੰਨਾ 712)

---

1. ਭਾਵ, ਯੁੱਧ ਕਰਦਿਆਂ ਹੋਇਆਂ ਵੀ ਹਰੀ ਨੂੰ ਚੇਤੇ ਰਖੋ। ਧਰਮ ਲਈ ਯੁੱਧ ਕਰੋ, ਪਾਪ ਲਈ ਨਾ ਕਰੋ। ਭਾਵ ਇਹ ਵੀ ਹੋ ਸਕਦਾ ਹੈ ਕਿ ਨਾਮ ਜਪਦਾ ਹੋਇਆ ਆਪਣੇ ਵਿਚਾਰਾਂ ਨਾਲ ਯੁੱਧ ਵੀ ਨਾਲ ਨਾਲ ਕਰੇ। ਅਖ਼ੀਰਲੀ ਪੰਗਤੀ ਤੋਂ ਇਹੀ ਭਾਵ ਪਰਗਟ ਹੁੰਦਾ ਹੈ।

[ਖਾਲਸਾ ਪ੍ਰਭੂ ਤੋਂ ਕੀ ਵਰ ਮੰਗੇ]

ਦੇਹ ਸ਼ਿਵਾ ਬਰੁ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋਂ।
ਨ ਡਰੋਂ ਅਰਿ ਸੋਂ ਜਬ ਜਾਇ ਲਰੋਂ, ਨਿਸਚੈ ਕਰਿ ਅਪਨੀ ਜੀਤ ਕਰੋਂ।
ਅਰੁ ਸਿਖਹੋਂ ਆਪਨੇ ਹੀ ਮਨ ਕੌ,
ਇਹ ਲਾਲਚ ਹਉ ਗੁਨ ਤਉ ਉਚਰੋਂ।
ਜਬ ਆਵ ਕੀ ਅਉਧ ਨਿਦਾਨ ਬਨੈ,
ਅਤਿ ਹੀ ਰਨ ਮੈਂ ਤਬ ਜੂਝ ਮਰੋਂ।।੨੩੩।।

. . . . . .

[ਪ੍ਰਮਾਰਥ ਲਈ ਪਾਪ ਕਰਨਾ ਸਭ ਤੋਂ ਬਜਰ ਪਾਪ ਹੈ]

ਪਾਪ ਕਰੋ ਪਰਮਾਰਥ ਕੈ,
ਜਿਹ ਪਾਪਨ ਤੇ ਅਤਿ ਪਾਪ ਲਜਾਹੀਂ।

[ਖਾਲਸੇ ਦੇ ਹੋਰ ਲੱਛਣ]

(ੳ) ਨੰਦ ਲਾਲ ਤੁਮ ਬਚਨ ਸੁਨੋ, ਸਿੱਖ ਕਰਮ ਹੈ ਏਹ।
ਨਾਮ, ਦਾਨ, ਇਸਨਾਨ ਬਿਨ, ਕਰੈ ਨ ਅਨ ਸਿਉ ਨੇਹ।
(ਅ) ਦਸਵੰਧ ਗੁਰੂ ਨਾ ਦੇਵਈ, ਝੂਠ ਬੋਲ ਜੋ ਖਾਇ।
ਕਹੈ ਗੋਬਿੰਦ ਸਿੰਘ ਲਾਲ ਜੀ, ਉਸ ਕਾ ਕਿਛ ਨਾ ਬਿਸਾਹ।
(ੲ) ਕਰੈ ਬਚਨ ਜੋ ਪਾਲੈ ਨਾਹੀਂ,
ਗੋਬਿੰਦ ਸਿੰਘ ਤਿਸ ਠੌਰ ਨਾ ਆਹੀ।
(ਸ) ਗੋਲਕ ਰਾਖੈ ਨਾਹਿ ਜੋ, ਛਲ ਕਾ ਕਰੈ ਵਪਾਰ।
ਕਹੈ ਗੋਬਿੰਦ ਸਿੰਘ ਲਾਲ ਜੀ, ਭੋਗੈ ਨਰਕ ਹਜਾਰ।
(ਹ) ਖ਼ਾਲਸਾ ਸੋਇ ਜੁ ਨਿਦਾ ਤਿਆਗੇ।
ਖ਼ਾਲਸਾ ਸੋਇ ਲੜੇ ਹ੍ਵੈ ਆਗੇ।
ਖ਼ਾਲਸਾ ਸੋ ਪਰਦ੍ਰਿਸ਼ਟ ਤਿਆਗੇ।
ਖ਼ਾਲਸਾ ਸੋਇ ਨਾਮ ਰਤਿ ਲਾਗੇ।
ਖ਼ਾਲਸਾ ਸੋਇ ਗੁਰੂ ਹਿਤ ਲਾਵੈ।
ਖ਼ਾਲਸਾ ਸੋਇ ਸਾਰ ਮੁਹਿ ਖਾਵੈ।
ਖ਼ਾਲਸਾ ਸੋਇ ਨਿਰਧਨ ਕੋ ਪਾਲੈ।
ਖ਼ਾਲਸਾ ਸੋਇ ਦੁਸ਼ਟ ਕੋ ਗਾਲੈ।

(ਕ) ਖ਼ਲਕ ਖ਼ਾਲਕ ਕੀ ਜਾਨ ਕੈ, ਖ਼ਲਕ ਦੁਖਾਵੈ ਨਾਹਿੰ।
ਖ਼ਲਕ ਦੁਖੈ ਜੋ ਨੰਦ ਜੀ, ਖ਼ਾਲਕ ਕੋਪੈ ਤਾਹਿ।

[ਤਨਖ਼ਾਹ ਨਾਮਹ, ਭਾਈ ਨੰਦ ਲਾਲ]

[ਪਰਮੇਸ਼ੂਰ ਦੇ ਤਿੰਨ ਰੂਪ]

ਤੀਨ ਰੂਪ ਹੈਂ ਮੋਹ ਕੇ ਸੁਨੋ ਨੰਦ ਚਿਤ ਲਾਇ।
ਨਿਰਗੁਣ, ਸਰਗੁਣ, ਗੁਰੁ ਸ਼ਬਦ ਕਹੌਂ ਤੋਹਿ ਸਮਝਾਇ।

[ਸਿੱਖ ਦੀ ਰਹਿਤ]

(ੳ) ਸਭ ਤੋਂ ਵਡੀ ਰਹਿਤ ਇਹ ਹੈ ਜੋ ਮਿਥਿਆ ਨਾ ਬੋਲੇ, ਮਰਦ ਪਰ-ਨਾਰੀ ਦਾ ਸੰਗ ਨਾ ਕਰੇ, ਇਸਤ੍ਰੀ ਬਿਗਾਨੇ ਮਰਦ ਨੂੰ ਨਾ ਦੇਖੇ, ਲੋਭ ਨਾ ਕਰੇ, ਅਹੰਕਾਰ ਨਾ ਕਰੇ, ਬਹੁਤ ਮੋਹ ਨਾ ਕਰੇ, ਨਿੰਦਿਆ ਨਾ ਕਰੇ।

(ਅ) ਦੁਖਾਏ ਕਿਸੇ ਨੋ ਨਾਹੀ, ਮੁਖ ਤੇ ਮਿੱਠਾ ਬੋਲੇ, ਜੋ ਕੋਈ ਬੁਰਾ ਭਲਾ ਕਹੈ, ਮਨ ਬਿਖੈ ਕਿਛੁ ਲਿਆਵੈ ਨਾਹੀਂ।

(ੲ) ਜੋ ਕੋਈ ਭੁੱਖਾ, ਨੰਗਾ ਅਰ ਅਰਥੀ ਹੋਵੈ, ਤਾਂ ਆਪਣੀ ਵੰਡ ਵਿਚੋਂ ਜੋ ਕਿਛੁ ਸਾਹਿਬ ਬਖ਼ਸ਼ਿਆ ਹੋਵੈ ਸੋ ਵੰਡ ਖਾਏ, ਵੰਡ ਪਹਿਨੇ, ਜੋ ਕੁਛ ਕੰਮ ਕਿਸੀ ਕਾ ਜਾਣੇ ਜੋ ਮੁਝ ਤੇ ਗੁਰੂ ਕੀ ਕਿਰਪਾ ਤੇ ਹੋਵੈ, ਤਾਂ ਢਿਲ ਨਾ ਕਰੇ, ਆਪਣਾ ਕੰਮ ਛਡ ਕੇ ਉਸ ਪ੍ਰਾਣੀ ਦੇ ਕੰਮ ਕੋ ਉਠ ਖੜਾ ਹੋਵੇ, ਗੁਰੂ ਕਾ ਰੀਝਾਉਣਾ ਇਸੀ ਮੌਂ ਹੈ।

(ਸ) ਜੇ ਇਕ ਸਿੱਖ ਉਪਰ ਆਇ ਬਣੇ, ਤਾਂ ਸਭ ਇਕੱਠੇ ਜੀਉ ਦੇਣੇ ਨੂੰ ਤਿਆਰ ਹੋਣ, ਤਬ ਉਨ੍ਹਾਂ ਸਿੱਖਾਂ ਨੂੰ ਸਿੱਖੀ ਦਾ ਫਲ ਹੋਵੇ। ਐਸਾ ਅਦਬ ਭਾਉ ਕਰਨਾ ਆਪਸ ਵਿਚ, ਜੈਸਾ ਸਿੱਖ ਗੁਰੂ ਦਾ ਕਰਦਾ ਹੈ।

(ਹ) ਜੋ ਕੋਈ ਸੰਗਤਿ ਖਾਲਸਾ ਬਿਖੈ ਆਵੈ, ਓਸ ਨੂੰ ਪੰਜ ਸਤ ਸਿੱਖ ਉਠ ਕੇ ਅਦਬ ਨਾਲ ਤਾਜ਼ੀਮ ਕਰਨ, ਆਪਸ ਮੇਂ ਭਾਉ ਕਰ ਕੇ ਬੈਠਾਇਨ।

(ਕ) ਜੋ ਚਾਹੇ ਮੈਂ ਗੁਰੂ ਨਾਲ ਗੱਲਾਂ ਕਰਾਂ ਤਾਂ ਸ਼ਬਦ ਪੜ੍ਹੇ, ਸਭ ਨਿਸਾ ਹੋਵਸੀ, ਅਰ ਜੋ ਚਾਹੈ ਕਿ ਦਰਸ਼ਨ ਕਰਾਂ, ਜਿਥੇ ਖਾਲਸੇ ਦਾ ਇਕਠ ਹੋਵੈ, ਉਥੇ ਜਾਇਕੈ ਅਦਬ ਨਾਲ ਦਰਸ਼ਨ ਕਰੈ, ਪ੍ਰਤੀਤਿ ਕਰ ਕੇ, ਦਰਸ਼ਨ ਗੁਰੂ ਕਾ ਪ੍ਰਾਪਤ ਹੋਵੇਗਾ।

(ਖ) ਪ੍ਰਸਾਦ ਖਾਣਾ ਪੀਣਾ ਪਵਿਤ੍ਰ ਹੈ, ਕਿਸ ਵਾਸਤੇ ਜੋ ਰਿਜ਼ਕ ਧੁਰਹੁੰ ਕਰ ਮਿਲਿਆ ਹੈ। ਪਰ ਦੂੰਹ ਦਾ ਖਾਣਾ ਬਿਬਰਜਿਤ ਹੈ, ਪ੍ਰਥਮੈ ਜੋ ਕੋਈ ਅਪਨੇ ਗੁਰ ਤੇ ਬੇਮੁਖ ਹੋਵੈ, ਦੁਤੀਆ ਜੋ ਕੋਈ ਦਾਵਾ ਬੰਨ੍ਹੈ ਅਰੁ ਕਹੈ ਕਿ ਅਮੁਕਾ ਮੇਰੇ ਈਹਾਂ ਖਾਇ ਗਇਆ ਹੈ।

(ਗ) ਖਰਚ ਆਮਦਨੀ ਤੇ ਕਮ ਕਰਨਾ। ਜੋ ਵਧੀਕ ਕਰੈਗਾ, ਅੰਤ ਨੂੰ ਹੈਰਾਨ ਹੋਵੇਗਾ।

(ਘ) ਅਮਲ ਕੋਈ ਖਾਏ ਨਹੀਂ, ਅਮਲ ਖਾਣਾ ਇਸ ਵਾਸਤੇ ਮਨਹਿ ਹੈ ਜੋ ਦੇਹ ਨੂੰ ਸੁਸਤੀ ਕਰਦਾ ਹੈ, ਸਿਮਰਣ ਤੇ ਦੁਨੀਆਂ ਦੀ ਕਿਰਤ ਸੇ ਫੇਰ ਰਖਦਾ ਹੈ, ਕਰਣੇ ਨਹੀਂ ਦੇਂਦਾ, ਅਤੇ ਬਦਅਮਲਾਂ ਨੂੰ ਦੌੜਾਉਂਦਾ ਹੈ, ਸਵਾਦਾਂ ਨੂੰ ਚਾਹੁੰਦਾ ਹੈ, ਸਵਾਦ ਕਰ ਕੇ ਬਦਅਮਲ ਹੁੰਦੇ ਹੈਨ।

(ਙ) ਰਾਜੇ ਕੋ ਚਾਹੀਐ ਜੋ ਨਿਆਉਂ ਸਮਝ ਕਰੇ, ਭੈ ਸਾਥ ਕਰੈ, ਕੋਈ ਇਸ ਕੇ ਰਾਜ ਮੈ ਦੁਖਿਤ ਨ ਹੋਇ। ਰਾਜੇ ਕੋ ਚਾਹੀਐ ਜੋ ਅਪਨੇ ਉਪਰ ਭੀ ਨਿਆਉਂ ਕਰੇ।[1]

(ਚ) ਬਿਉਹਾਰ ਮੈ ਲੈਣੇ ਦੇਏ ਮੇਂ ਏਕ ਹੀ ਬਾਤ ਕਰੈ, ਦੂਸਰੀ ਨਾ ਕਰੈ, ਕਿਸੀ ਭਾਂਤ ਦਗ਼ੇਬਾਜ਼ੀ ਨਾ ਕਰੇ, ਮਿਥਿਆ ਬਿਉਹਾਰ ਨਾ ਕਰੈ। ਕਸਬ ਕਰਨਾ ਕਿਆ ਉਤਮ, ਕਿਆ ਮਧਮ, ਕਿਆ ਨੀਚ ਬਡੀ ਭਗਤਿ ਹੈ। ਇਸ ਬਰਾਬਰ ਔਰ ਭਗਤਿ ਨਾਹੀ, ਜੋ ਕਸਬ ਕਰ ਕੇ ਬੰਦਗੀ ਕਰੈ।

(ਛ) ਕਿਰਤ ਜੋ ਕਰੈ ਸੋ ਧਰਮ ਦੀ ਕਰੈ। ਸਭ ਤੇ ਉਤਮ ਕਿਰਤ ਸੌਦਾਗਾਰੀ ਹੈ, ਉਸ ਤੇ ਖੇਤੀ ਹੈ, ਅਰੁ ਜੋ ਚਾਕਰੀ ਕਰੈ ਤਾਂ ਸਿਪਾਹਗਰੀ ਕਰੈ। ਕੈਸੀ ਕਰੈ, ਜੋ ਬੇਪ੍ਰਵਾਹ ਰਹੈ ਅਰੁ ਜੋ ਕਿਛ ਮਹੀਨਾ ਹੋਵੈ, ਉਸ ਉਪਰ ਸੰਤੋਖ ਕਰੈ। ਅਰ ਜਹਾਂ ਜਿਸ ਕਾ ਚਾਕਰ ਹੋਇ, ਸੋ ਕਹੀਂ ਭੇਜੇ ਲੜਾਈ ਨੂੰ ਤਾਂ ਉਸ ਮੈਂ ਆਪਣੀ ਮੁਰਾਦ ਜਾਣੈ, ਸੂਰਬੀਰ ਹੋਇ ਰਹੈ, ਅਰ ਕਹੀਂ ਜੋ ਲੁਟ ਹੋਇ, ਤਾਂ ਲੁੱਟੇ ਨਾਹੀਂ, ਅਰ ਜੋ ਕਿਛੁ ਖਾਵੰਦਕਾਰ ਫਰਮਾਏ, ਸੋ ਸਿਰ ਉਪਰ ਮੰਨੈ।

[ਪ੍ਰੇਮ ਸੁਮਾਰਗ, ਪਾਤਸ਼ਾਹੀ 10]

[ਹੋਰ ਰਹਿਤਾਂ]

(ੳ) ਗੁਰੂ ਕਾ ਸਿਖ ਗਰੀਬ ਕੀ ਰਸਨਾ ਕੋ ਗੁਰੂ ਕੀ ਗੋਲਕ ਜਾਣੇ।

(ਅ) ਜੂਆ ਨਾ ਖੇਡੇ। ਚੋਰੀ ਜਾਰੀ ਨਾ ਕਰੇ। ਕਾਰਜੋਂ ਕੇ ਆਦਿ ਮੇਂ ਅਰਦਾਸ ਕਰੇ।

(ੲ) ਅਮਲ ਪਰਸਾਦੇ ਦਾ ਰਖਣਾ, ਸ਼ਸਤ੍ਰ ਰਖਣੇ, ਰਣ ਮੇਂ ਪਿੱਠ ਨਹੀਂ ਦੇਣੀ।

(ਸ) ਸਿੱਖ ਨੂੰ ਬਖ਼ਸ਼ਨੇ ਵਕਤ ਅੜੀ ਨਹੀਂ ਕਰਨੀ।

[ਰਹਿਤਨਾਮਾ ਭਾਈ ਚੌਪਾ ਸਿੰਘ]

(ੳ) ਖ਼ਾਲਸਾ ਸੋ ਜਿਨ ਤਨ, ਮਨ, ਧਨ ਅਕਾਲ ਪੁਰਖ ਨੂੰ ਸੌਂਪਿਆ ਹੈ।

(ਅ) ਜਿਸ ਕੇ ਭੀਤਰ ਧ੍ਰੋਹ ਹੈ, ਸੋ ਨਰਕ ਕੋ ਜਾਇਗਾ।

(ੲ) ਖ਼ਾਲਸਾ ਹਿੰਦੂ ਮੁਸਲਮਾਨ ਕੀ ਕਾਣ ਕੋ ਮੇਟੇ।

---

1. ਭਾਵ, ਓਹੀ ਕਾਨੂੰਨ ਆਪਣੇ ਉਤੇ ਵੀ ਲਾਗੂ ਕਰੇ ਜੋ ਦੂਜਿਆਂ ਤੇ ਲਗਾਉਂਦਾ ਹੈ।

(ਸ) ਘੋੜੇ ਔਰ ਸ਼ਸਤ੍ਰ ਕੀ ਸਾਰ ਰਖੇ।
(ਹ) ਲੋਭ ਕਰ ਖਾਇ ਔਰ ਪ੍ਰਸਾਦ ਕੋ ਨਿੰਦੇ, ਸੋ ਤਨਖ਼ਾਹੀਆ ਹੈ।

[ਰਹਿਤਨਾਮਾ ਭਾਈ ਦਯਾ ਸਿੰਘ]

[ਸ਼ਸਤ੍ਰ-ਮਹਿਮਾ]

(ੳ) ਅਸ ਕ੍ਰਿਪਾਨ ਖੰਡੋ ਖੜਗ, ਤੁਪਕ ਤਬਰ ਅਰੁ ਤੀਰ।
ਸੈਫ, ਸਰੋਹੀ, ਸੈਹਥੀ, ਯਹੈ ਹਮਾਰੈ ਪੀਰ।
ਤੀਰ ਤੁਹੀ ਸੈਥੀ ਤੁਹੀ ਤੁਹੀ ਤਬਰ ਤਰਵਾਰ।
ਨਾਮ ਤਿਹਾਰੋ ਜੋ ਜਪੈ ਭਏ ਸਿੰਧ ਭਵ ਪਾਰ।
ਕਾਲ ਤੁਹੀ, ਕਾਲੀ ਤੁਹੀ, ਤੁਹੀ ਤੇਗ਼ ਅਰੁ ਤੀਰ।
ਤੁਹੀ ਨਿਸਾਨੀ ਜੀਤ ਕੀ, ਆਜੁ ਤੁਹੀ ਜਗ ਬੀਰ।
(ਅ) ਖਗ ਖੰਡ ਬਿਹੰਡੰ, ਖਲ ਦਲ ਖੰਡੰ,
ਅਤ ਰਣ ਮੰਡੰ, ਵਰ ਭੰਡੰ।
ਭੁਜ ਦੰਡ ਅਖੰਡੰ, ਤੇਜ ਪ੍ਰਚੰਡੰ,
ਜੋਤ ਅਮੰਡੰ, ਭਾਨ ਪ੍ਰਭੰ।
ਸੁਖ ਸੰਤਹ ਕਰਨੰ, ਕਿਲਵਿਖ ਹਰਣੰ,
ਦੁਰਮਤ ਦਰਣੰ, ਅਤ ਸ਼ਰਣੰ।
ਜੈ ਜੈ ਜਗ ਕਾਰਣ, ਸ੍ਰਿਸ਼ਟ ਉਭਾਰੰ,
ਮਮ ਪ੍ਰਿਤਪਾਰਣ, ਜੈ ਤੇਗੰ।

. . . . . .

ਯੋ ਜਗ ਮਹਿ ਸਭ ਕਾਲ ਕ੍ਰਿਪਾਨ ਕੋ,
ਭਾਰੀ ਭੁਜਾਨ ਕੋ ਭਾਰੀ ਭਰੋਸ।


ਅੰਤਿਕਾ

ਗੁਰੂ ਗੋਬਿੰਦ ਸਿੰਘ ਜੀ ਦਾ ਇਕ ਹੁਕਮਨਾਮਾ[1]

10 ਸਤਿਗੁਰੂ ਜੀ

ਸ੍ਰਬਤਿ ਸੰਗਤਿ ਧਉਲ ਕੀ, ਤੁਸੀ ਮੇਰਾ ਖਾਲਸਾ ਹੋ, ਗੁਰੂ ਰਖੈਗਾ। ਗੁਰੂ ਗੁਰੂ ਜਪਣਾ। ਜਨਮ ਸਵਰੈਗਾ। ਸ੍ਰਬ ਸੁਖ ਨਾਲ ਪਾਤਸਾਹ ਪਾਸਿ ਆਏ। ਸਿਰੇਪਾਉ ਅਰੁ ਸਠਿ ਹਜਾਰ ਕੀ ਧੁਖ ਧੁਖੀ ਜੜਾਉ ਇਨਾਮੁ ਹੋਈ। ਹੋਰ ਭੀ ਕੰਮੁ ਗੁਰੂ ਕਾ ਸਦਕਾ ਸਭ ਹੋਤੇ ਹੈਂ। ਅਸੀਂ ਭੀ ਥੋੜੇ ਦਿਨਾਂ ਨੋ ਆਵਤੇ ਹਾਂ। ਸ੍ਰਬਤਿ ਸੰਗਤ ਖ਼ਾਲਸੇ ਕੋ ਮੇਰਾ ਹੁਕਮ ਹੈ ਆਪਸ ਮੋਂ ਮੇਲੁ ਕਰਣਾ। ਜਦਿ ਅਸੀ ਕਹਲੂਰ ਆਵਤੇ, ਤਦਿ ਸ੍ਰਬਤਿ ਖਾਲਸੇ ਹਥੀਯਾਰ ਬਨਿ ਕੈ ਹਜ਼ੂਰਿ ਆਵਣਾ। . . . . . ਸੰਮਤ 1764 ਮਿਤੀ ਕਾਤਕੇ 1 ਮਾ:

1. ਨੋਟ : ਇਸ ਤੋਂ ਪਰਗਟ ਹੁੰਦਾ ਹੈ, ਕਿ ਗੁਰੂ ਸਾਹਿਬ ਬਹਾਦਰ ਸ਼ਾਹ ਨਾਲ ਸ਼ੁਰੂ ਤੋਂ ਹੀ ਆਪਣਾ ਮੇਲ ਆਰਜੀ ਸਮਝਦੇ ਸਨ। ਉਨ੍ਹਾਂ ਦੀ ਮਰਜ਼ੀ ਛੇਤੀ ਹੀ ਗੱਲ ਮੁਕਾ ਕੇ ਕਹਿਲੂਰ (ਆਨੰਦਪੁਰ ਸਾਹਿਬ) ਮੁੜਨ ਦੀ ਸੀ ਤੇ ਉਹ ਸ਼ਸਤਰ ਬੰਨ੍ਹ ਕੇ ਸਿੰਘਾਂ ਨੂੰ ਆਪਣੇ ਹਜ਼ੂਰ ਆਉਣ ਦਾ ਉਪਦੇਸ਼ ਛੇਤੀ ਹੀ ਧਰਮ-ਯੁੱਧ ਨੂੰ ਹੋਰ ਤਿੱਖਾ ਕਰਨ ਲਈ ਹੀ ਦੇ ਰਹੇ ਸਨ। ਇਹ ਹੁਕਮਨਾਮਾ ਅਕਤੂਬਰ 1707 ਈਸਵੀ ਦਾ ਹੈ, ਜੋ ਬਹਾਦਰ ਸ਼ਾਹ ਨਾਲ ਹੋਇ ਮੇਲ ਦਾ ਠੀਕ ਸਮਾਂ ਹੈ। ਇਸ ਹੁਕਮਨਾਮੇ ਦੀ ਅਸਲ ਕਾਪੀ ਖਾਲਸਾ ਕਾਲਜ, ਅੰਮ੍ਰਿਤਸਰ ਵਿਚ ਪਈ ਹੈ।



ਇਸ ਜੀਵਨੀ ਦੇ ਲੇਖਕ ਡਾ. ਗੋਪਾਲ ਸਿੰਘ, ਗੁਰੂ ਗ੍ਰੰਥ ਸਾਹਿਬ ਦੇ ਅੰਗਰੇਜ਼ੀ ਦੇ ਸੰਸਾਰ-ਪ੍ਰਸਿੱਧ ਟੀਕਾਕਾਰ, ਕਵੀ ਤੇ ਵਿਚਾਰਵਾਨ ਹਨ। ਉਨ੍ਹਾਂ ਦੇ ਗੁਰੂ ਗ੍ਰੰਥ ਸਾਹਿਬ ਦੇ ਉੱਲਥੇ ਬਾਰੇ ਨੋਬਲ-ਇਨਾਮ ਜੇਤੂ, ਪਰਲ ਬੱਕ ਨੇ ਆਖਿਆ ਹੈ : "ਇਹ ਇਕ ਅਤਿ ਸ਼ਾਨਦਾਰ ਰਚਨਾ ਹੈ। ਇਸ ਨੂੰ ਮੈਂ ਅਨੁਵਾਦ ਵਾਂਗ ਨਹੀਂ, ਸਗੋਂ ਇਕ ਮੌਲਿਕ ਕਿਰਤ ਵਾਂਗ ਪੜ੍ਹਿਆ ਹੈ।" ਦੇਸ਼ ਦੇ ਰਾਸ਼ਟਰਪਤੀ ਡਾ. ਰਾਧਾਕ੍ਰਿਸ਼ਨਨ ਨੇ ਆਖਿਆ ਹੈ : "ਇਹ ਸਿੱਖ ਧਰਮ ਤੇ ਸੰਸਾਰ ਦੇ ਪ੍ਰਸਪਰ ਧਰਮਾਂ ਦੇ ਗਿਆਨ ਸੰਬੰਧੀ ਇਕ ਨਿਹਾਇਤ ਹੀ ਵਧੀਆ ਢੋਆ ਹੈ।"

ਡਾ. ਗੋਪਾਲ ਸਿੰਘ ਨੇ ਸੰਸਾਰ ਦੇ ਲੱਗਭਗ ਸਭ ਦੇਸ਼ਾਂ ਦਾ ਰਟਨ ਕੀਤਾ ਹੈ। ਉਨ੍ਹਾਂ ਅੰਗਰੇਜ਼ੀ ਵਿਚ ਵੀ ਤੇ ਪੰਜਾਬੀ ਵਿਚ ਵੀ ਅਨੇਕਾਂ ਬਹੁ-ਮੁੱਲੀਆਂ ਰਚਨਾਵਾਂ ਕੀਤੀਆਂ ਹਨ। ਹੱਥਲੀ ਜੀਵਨੀ ਉਨ੍ਹਾਂ ਹੱਥ-ਲਿਖੇ ਨੁਸਖ਼ਿਆਂ ਤੇ ਸਭ ਪ੍ਰਾਚੀਨ ਇਤਿਹਾਸਾਂ ਨੂੰ ਖੋਜ ਕੇ ਲਿਖੀ ਹੈ। ਉਨ੍ਹਾਂ ਦੀ ਕਵਿਤਾ ਦੀ ਪੁਸਤਕ "ਅਨਹਦ ਨਾਦ" ਦਾ ਉੱਲਥਾ ਕਈ ਭਾਸ਼ਾਵਾਂ ਵਿਚ ਹੋ ਚੁੱਕਾ ਹੈ।

एकः सूते सकलम्

ਮੁੱਲ : 25.00

ISBN 81-237-3366-6

ਨੈਸ਼ਨਲ ਬੁਕ ਟਰੱਸਟ, ਇੰਡੀਆ